The Motto of Our University

(SEWA)

SKILL ENHANCEMENT

EMPLOYABILITY

WISDOM

ACCESSIBILITY

JAGAT GURU NANAK DEV

PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

# CERTIFICATE COURSE IN
# Values and Learning of Sikhism

## Semester I

## CISE-2

# ETHICAL VALUES

**Head Quarter: C/28, The Lower Mall, Patiala-147001**

Website: www.psou.ac.in

SELF-INSTRUCTIONAL STUDY MATERIAL FOR JGND PSOU

ALL COPYRIGHTS WITH JGND PSOU, PATIALA

The Study Material has been prepared exclusively under the guidance of Jagat Guru Nanak Dev Punjab State Open University, Patiala, as per the syllabi prepared by Committee of Experts and approved by the Academic Council.

The University reserves all the copyrights of the study material. No part of this publication may be reproduced or transmitted in any form.

## COURSE COORDINATOR AND EDITOR:

Sukhdev Singh
Assistant Professor
School of Religious Studies
Jagat Guru Nanak Dev Punjab State Open University

**LIST OF CONSULTANTS/ CONTRIBUTORS**

| Sr. No. | Name |
|---|---|
| 1 | Dr. Shefali Bedi |
| 2 | Dr. Jaswinder Singh |

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof. Anita Gill
Dean Academic Affairs

# Syllabus

## Ethical Values

### PAPER - II

**Total Marks: 100**
**External Marks: 70**
**Internal Marks: 30**
**Credits: 6**
**Pass Percentage: 35%**

### SECTION A

Truthfulness, Peace, Kindness, patience, Honesty, Good character,

### SECTION B

Human rights, Equality, Respect of women, No Castism, Service to Humanity, Protecting of Environment

**JAGAT GURU NANAK DEV PUNJAB STATE OPEN UNIVERSITY, PATIALA**

**(Established by Act No. 19 of 2019 of the Legislature of State of Punjab)**

## CISE-2: ETHICAL VALUES

## COURSE COORDINATOR AND EDITOR: SUKHDEV SINGH

| UNIT NO. | UNIT NAME |
|---|---|
| UNIT 1 | Truthfulness |
| UNIT 2 | Peace |
| UNIT 3 | Kindness |
| UNIT 4 | Patience |
| UNIT 5 | Honesty |
| UNIT 6 | Good Character |
| UNIT 7 | Human Rights |
| UNIT 8 | Equality |
| UNIT 9 | Respect of Women |
| UNIT 10 | No Castism |
| UNIT 11 | Service to Humanity |
| UNIT 12 | Protecting of Environment |

## PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

**UNIT I- TRUTHFULNESS**

**STRUCTURE**

1.0 ਉਦੇਸ਼

1.1 ਜਾਣ-ਪਛਾਣ

1.2 ਪਰਿਭਾਸ਼ਾ ਅਤੇ ਸੰਕਲਪ

1.3 ਪਰਿਭਾਸ਼ਾ

1.3.1 ਸੰਕਲਪ

1.4 ਸੱਚਾਈ ਅਤੇ ਸਿੱਖ-ਸਿਧਾਂਤ

1.4.1 ਹਉਮੈ ਤੋਂ ਮੁਕਤੀ ਦਾ ਮਾਰਗ

1.4.2 ਹੁਕਮ ਦੀ ਪਾਲਣਾ

1.5 ਸਚਿਆਰ ਪਦ ਲਈ ਸ਼ੁਭ ਗੁਣ

1.5.1 ਸੇਵਾ

1.5.2 ਸਮਾਜਕ ਬਰਾਬਰਤਾ

1.5.3 ਸੰਨਿਆਸ ਤੋਂ ਉਪਰਾਮਤਾ

1.5.4 ਗ੍ਰਿਹਸਥ ਧਰਮ

1.5.5 ਮਾਇਆ ਤੋਂ ਨਿਰਲੇਪ

1.5.6 ਪਰਾਏ ਹੱਕ ਦੇ ਲੋਭ ਤੋਂ ਮੁਕਤ

1.6 ਸਾਰ

1.7 ਵਿਸਤਾਰ ਵਿੱਚ ਪੜ੍ਹਨਯੋਗ ਪੁਸਤਕਾਂ

1.8 ਅਭਿਆਸ ਲਈ ਪ੍ਰਸ਼ਨ

## 1.0 ਉਦੇਸ਼

ਸੱਚਾਈ ਅਤੇ ਸਚਿਆਰ ਦੇ ਸਿਧਾਂਤ ਬਾਰੇ ਜਾਣਨਾ।

ਸਿੱਖੀ ਵਿਚ ਸੱਚਾਈ ਦੇ ਸੰਕਲਪ ਦੀ ਪਛਾਣ ਕਰਣੀ।

ਸਿੱਖ ਧਰਮ ਵਿਚ ਸਚਿਆਰ ਦੇ ਸੰਕਲਪ ਬਾਰੇ ਸਮਝਣਾ।

## 1.1 ਜਾਣ-ਪਛਾਣ

ਸੱਚਾਈ ਮਨੁੱਖੀ ਜੀਵਨ ਦੀ ਇਕ ਅਹਿਮ ਕੀਮਤ ਹੈ, ਜਿਸਨੂੰ ਧਰਤੀ 'ਤੇ ਵੱਖ-ਵੱਖ ਸਮੂਹਾਂ, ਵਰਗਾਂ, ਕੌਮਾਂ, ਧਰਮਾਂ, ਦੇਸ਼ਾਂ ਨੇ ਆਪਣੇ ਜੀਵਨ ਦੇ ਆਧਾਰ ਵਜੋਂ ਮੰਨਿਆ ਹੈ। ਇਹਨਾਂ ਸਭ ਦੇ ਸੱਚਾਈ ਅਤੇ ਇਸਦੇ ਪ੍ਰਗਟਾਅ ਸੰਬੰਧੀ ਵੱਖ-ਵੱਖ ਧਾਰਨਾਵਾਂ ਅਤੇ ਖ਼ਿਆਲ ਹੈ, ਜੋ ਕਿ ਆਪਾ-ਵਿਰੋਧੀ ਅਤੇ ਟਕਰਾਅ ਵਾਲੇ ਵੀ ਹਨ। ਇਸ ਸਭ ਦੇ ਬਾਵਜੂਦ ਸੱਚਾਈ ਅਤੇ ਸੱਚਾਈ ਨੂੰ ਅਪਣਾਉਣ ਵਾਲਾ ਮਨੁੱਖ ਹਰ ਇਕ ਸਮਾਜ ਦਾ ਆਦਰਸ਼ਕ ਵਿਅਕਤੀਤਵ ਹੁੰਦਾ ਹੈ, ਜੋ ਕਿ ਆਪਣੇ ਸਮਾਜ ਦੀਆਂ ਕਦਰਾਂ-ਕੀਮਤਾਂ ਦਾ ਵਾਹੱਕ ਅਤੇ ਚਿੰਨ੍ਹ ਹੁੰਦਾ ਹੈ, ਜਿਸ ਨੂੰ ਆਦਰਸ਼ ਮੰਨ ਕੇ ਉਸ ਸਮਾਜ ਦੀਆਂ ਅਗਲੀਆਂ ਪੀੜ੍ਹੀਆਂ ਆਪਣਾ ਭਵਿਖ ਤਸੱਵਰ ਕਰਦੀਆਂ ਹਨ। ਸਿੱਖੀ ਜੀਵਨ 'ਸਤਿ' ਦਾ ਜੀਵਨ ਹੈ, ਜਿਸ ਦਾ ਮੂ਼ਲ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ 'ਪਰਮਸਤਿ' ਦੇ ਗੁਣਾਂ ਨੂੰ ਧਾਰਨ ਕਰਨ ਵਾਲੇ ਵਿਅਕਤੀ ਦੇ ਆਦਰਸ਼ਮਈ ਜੀਵਨ ਨਾਲ ਸੰਬੰਧਤ ਹੈ। ਸੱਚਾਈ ਨੂੰ ਸਿਧਾਂਤਕ ਪੱਧਰ 'ਤੇ ਸਿਰਫ਼ ਮੰਨਣ ਕਰਕੇ ਹੀ ਨਹੀਂ ਸਗੋਂ ਆਪਣੇ ਜੀਵਨ ਦੀ ਸੰਪੂਰਣ ਘਾਲਨਾ ਰਾਹੀਂ ਸਮਾਜ ਵਿਚ ਆਖਰੀ ਸਾਹ ਤੱਕ ਵਿਚਰਨਾ 'ਸਚਿਆਰ' ਪਦ ਦੀ ਪ੍ਰਾਪਤੀ ਕਰ ਲੈਣਾ ਹੈ। ਇਸ ਕਰਕੇ ਗੁਰਬਾਣੀ ਵਿਚੋਂ ਸੱਚਾਈ ਸੰਬੰਧੀ ਪੈਦਾ ਹੁੰਦੀ ਕੀਮਤ ਆਦਰਸ਼-ਮੂਲਖ ਤੱਕ ਸੀਮਤ ਨਾ ਰਹਿੰਦੀ ਹੋਈ ਸਾਬਤ ਮਨੁੱਖ ਭਾਵ ਅਜਿਹੇ ਮਨੁੱਖ ਦੀ ਘਾੜਤ ਕਰਦੀ ਹੈ, ਜੋ ਸੱਚਾਈ ਨੂੰ ਧੁਰ ਅੰਦਰ ਅਪਣਾ ਕੇ ਆਪਣਾ ਜੀਵਣ 'ਪਰਮਸਤਿ-ਅਕਾਲਪੁਰਖ਼' ਨੂੰ ਸਿਮਰਦਾ ਹੋਇਆ ਬਸਰ ਕਰਦਾ ਹੈ।

## 1.2ਪਰਿਭਾਸ਼ਾ ਅਤੇ ਸੰਕਲਪ

### 1.2.1 ਪਰਿਭਾਸ਼ਾ

ਅੰਤਰਰਾਸ਼ਟਰੀ ਨੈਤਿਕ ਵਿਸ਼ਵਕੋਸ਼ ਅਨੁਸਾਰ ਨੈਤਿਕ ਤਾ ਵਿਚ ਸੱਚ ਨੂੰ ਤਿੰਨ ਨੁਕਤਿਆਂ 'ਚ ਵੰਡਿਆ ਜਾਂ ਸਮਝਿਆ ਜਾਂ ਸਕਦਾ ਹੈ ਕਿ ਕੀ ਨੈਤਿਕ ਧਾਰਨਾਵਾਂ ਸੱਚ ਅਨੁਸਾਰੀ ਹਨ? ਕੀ ਕੋਈ ਨੈਤਿਕ ਧਾਰਨਾ ਸੱਚੀ ਹੈ? ਅਤੇ ਜੇਕਰ ਕੁਝ ਨੈਤਿਕ ਧਾਰਨਾਵਾਂ ਸੱਚੀਆਂ ਹਨ ਤਾਂ ਕੀ ਉਹ ਕਦਰਾਂ-ਕੀਮਤਾਂ ਦੇ ਨੁਕਤੇ ਤੋਂ ਸੱਚੀਆਂ ਹਨ?

### 1.2.2 ਸੰਕਲਪ

ਧਰਮ ਦੇ ਵਿਸ਼ਵ ਵਿਚ ਅਨੇਕ ਅਨੁਭਵਾਂ ਵਿਚ ਮਨੁੱਖ ਨਾਲ ਸੰਬੰਧਤ ਇਹ ਸਤਿ, ਸੱਚਾਈ , ਸਚਿਆਰ ਆਦਿ ਸੰਕਲਪ ਕਿਸੇ ਨ ਕਿਸੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਮਨੁੱਖ ਨੂੰ ਉਸ ਰੱਬ ਦੁਆਰਾ ਪੈਦਾ ਕੀਤੇ ਜੀਵਾਂ ਵਿਚੋਂ ਉੱਤਮ ਦਰਜਾ ਪ੍ਰਾਪਤ ਹੈ ਅਤੇ ਉਸ ਰੱਬ ਦੀ ਬੰਦਗੀ ਕਰਨਾ ਤੇ ਉਸ ਦੇ ਹੁਕਮ ਦੀ ਪਛਾਣ ਕਰਦੇ ਹੋਏ ਰਜ਼ਾ ਵਿਚ ਜੀਵਨ ਬਤੀਤ ਕਰਨਾ ਸਚਿਆਰ ਦੀ ਪਦਵੀ ਮੰਨੀ ਗਈ ਹੈ। ਸੱਚਾਈ ਮਨੁੱਖ ਦੇ ਜੀਵਨ ਦੀ ਮੂਲ ਕੀਮਤ ਹੈ, ਜਿਸ ਦੇ ਅਨੁਭਵ ਅਤੇ ਜ਼ੋਰ ਨਾਲ ਉਹ ਧਰਤੀ 'ਤੇ ਅਨੇਕ ਤਰ੍ਹਾਂ ਦੇ ਦਵੈਸ਼ ਅਤੇ ਔਕੜਾਂ ਨੂੰ ਪਾਰ ਕਰਦਾ ਹੈ।

## 1.3 ਸੱਚਾਈ ਅਤੇ ਸਿਖ-ਸਿਧਾਂਤ

ਮਨੁੱਖ ਦਾ ਪੁਰਾਤਨ ਸਮੇਂ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਵਿਕਾਰਾਂ/ਕਾਮਨਾਵਾਂ ਵਿਚ ਬਹੁਤ ਜਲਦੀ ਗ੍ਰਸਤ ਹੋਣਾ, ਸੁਭਾਅ ਦਾ ਹਿਸਾ ਹੈ, ਜਿਸ ਕਰਕੇ ਉਹ ਵਿਸ਼ੇ, ਵਿਕਾਰਾਂ, ਵਾਸ਼ਨਾਵਾਂ ਵਿਚ ਗ੍ਰਸਤ ਹੋ ਕੇ ਆਪਣੇ ਜੀਵਨ ਦਾ ਅਸਲ ਮਨੋਰਥ ਗੁਆ ਬੈਠਦਾ ਹੈ। ਇਸ ਲਈ ਧਰਮ ਦੇ ਰਹਿਬਰ ਮਨੁੱਖ ਨੂੰ ਉਸ ਦੇ ਅਸਲ ਮਾਰਗ ਦੀ ਪਛਾਣ ਕਰਵਾਉਂਦੇ ਹਨ ਤੇ ਸਚਿਆਰ ਬਣਨ ਦੇ ਲਈ ਮਾਰਗ ਦਰਸ਼ਕ ਬਣਦੇ ਹਨ। ਮਨੁੱਖ ਦਾ ਸੰਬੰਧ ਦੋਹਾਂ ਜਹਾਨਾਂ ਨਾਲ ਮੰਨਿਆ ਜਾਂਦਾ ਹੈ। ਜਨਮ ਲੈ ਕੇ ਸਰੀਰ ਧਾਰਨ ਕਰਕੇ ਉਹ ਸਮਾਜ ਦਾ ਹਿੱਸਾ ਬਣਦਾ ਹੈ। ਜੋਤਿ ਰੂਪ ਵਿਚ ਉਹ ਪ੍ਰਲੋਕ ਨਾਲ ਸੰਬੰਧ ਰੱਖਦਾ ਹੈ। ਇਸ ਲਈ ਸਚਿਆਰ ਨੂੰ ਸਮਝਣ ਲਈ ਦੋਹਾਂ ਜਹਾਨਾਂ ਵਿਚ ਮਨੁੱਖ ਨੇ ਕਿਵੇਂ ਸੰਤੁਲਨ ਕਾਇਮ ਕਰਨਾ ਹੈ ਇਸ ਨੂੰ ਸਮਝਣਾ ਵੀ ਇਸ ਵਿਸ਼ੇ ਦਾ ਅਹਿਮ ਹਿੱਸਾ ਬਣਦਾ ਹੈ। ਭਗਤ ਕਬੀਰ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਸ ਦਾ ਜੀਵਨ ਕਿੰਨਾ ਮੁੱਲਵਾਨ ਹੈ:

**ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥**
**ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ॥**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨੁੱਖ ਦੇ ਸੁਚੱਜੇ ਰਾਹ ਲਈ ਬਹੁਤ ਹੀ ਕਲਿਆਣਕਾਰੀ ਖਿਆਲ ਦ੍ਰਿਸ਼ਟੀਗੋਚਰ ਹੁੰਦੇ ਹਨ। ਸਰਬੱਤ ਦੇ ਭਲੇ ਦਾ ਉਦੇਸ਼ ਮਨੁੱਖ ਨੂੰ ਗੁਰਬਾਣੀ ਰਾਹੀਂ ਪ੍ਰਾਪਤ ਹੁੰਦਾ ਹੈ। ਇਕ ਪਰਮਾਤਮਾ ਦੇ ਹੀ ਸਾਰੇ ਜੀਵ ਪੈਦਾ ਕੀਤੇ ਹੋਏ ਹਨ। ਇਸ ਲਈ ਸਾਰੇ ਜੀਵ ਉਸ ਪਰਮਾਤਮਾ ਦੇ ਹੀ ਬਾਲ ਦਰਸਾਏ ਗਏ ਹਨ। ਇਹ ਖਿਆਲ ਵਿਸ਼ਵ ਵਿਚ ਭਰਾਤਰੀਭਾਵ ਪੈਦਾ ਕਰਨ ਵਾਲੇ ਆਦਰਸ਼ਕ ਚਿੰਨ੍ਹ ਵਜੋਂ ਵੀ ਸਾਹਮਣੇ ਆਉਂਦਾ ਹੈ।

**ਏਕ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥**

ਗੁਰਬਾਣੀ ਅਨੁਸਾਰ ਚੁਰਾਸੀ ਲੱਖ ਜੂਨਾਂ ਵਿਚੋਂ ਮਨੁੱਖ ਜੂਨੀ ਨੂੰ ਸਭ ਤੋਂ ਵਧ ਵਡਿਆਈ ਪ੍ਰਾਪਤ ਹੈ। ਪਰਮਾਤਮਾ ਨੇ ਉਸ ਨੂੰ ਵਿਵੇਕ ਦਿਤਾ ਹੈ, ਉਹ ਆਪਣੇ ਚੰਗੇ ਮਾੜੇ ਬਾਰੇ ਵਿਚਾਰ ਕਰ ਸਕਦਾ ਹੈ। ਉਹ ਮਾਨਸ ਜਨਮ ਵਿਚ ਰਹਿ ਕੇ ਮੁਕਤੀ ਦੀ ਪ੍ਰਾਪਤੀ ਦੇ ਯਤਨ ਕਰ ਸਕਦਾ ਹੈ। ਮਨੁੱਖਾ ਜਨਮ ਵਿਚ ਮਨੁੱਖ ਕੋਲ ਅਜਿਹਾ ਮੌਕਾ ਹੈ, ਜਿਸ ਤਹਿਤ ਉਹ ਨੇਕੀ ਤੇ ਬਦੀ ਦੋਹਾਂ ਵਿਚੋਂ ਇਕ ਦੀ ਚੋਣ ਕਰ ਸਕਦਾ ਹੈ। ਉਪਰੋਕਤ ਦੋਹਾਂ ਵਿਚੋਂ ਚੋਣ ਕਰਨੀ ਉਸ ਦੇ ਆਪਣੇ ਵਿਵੇਕ ਉੱਪਰ ਨਿਰਭਰ ਕਰਦੀ ਹੈ। ਇਸ ਲਈ ਅਸੀਂ ਦੇਖਦੇ ਹਾਂ ਕਿ ਗੁਰਬਾਣੀ ਵਿਚ ਮਨੁੱਖ ਦੇ ਕਲਿਆਣ ਲਈ ਵਡਮੁੱਲੇ ਵਿਚਾਰ ਪੇਸ਼ ਹੋਏ ਹਨ। ਮਾਨਵੀ ਕਦਰਾਂ ਕੀਮਤਾਂ ਦੇ ਧਾਰਨੀ ਮਨੁੱਖ ਹੀ ਇਕ ਚੰਗੇ ਸਮਾਜ ਦੇ ਉੱਸਰਈਏ ਮੰਨੇ ਗਏ ਹਨ।

**ਲੱਖ ਚਉਰਾਸੀਹ ਜੋਨਿ ਸਬਾਈ॥**
**ਮਾਣਸ ਕਉ ਪ੍ਰਭਿ ਦੀਈ ਵਡਿਆਈ॥**
**ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥**

ਸਿੱਖ ਧਰਮ ਦੇ ਪ੍ਰਕਾਸ਼ ਜਾਂ ਆਗਮਨ ਸਮੇਂ ਸਮਾਜ ਦੀ ਦਸ਼ਾ ਬਹੁਤੀ ਚੰਗੀ ਨਹੀਂ ਸੀ। ਵਰਣ ਵੰਡ ਨੇ ਸਮਾਜ ਨੂੰ ਬਹੁਤ ਬੁਰੀ ਤਰ੍ਹਾਂ ਪਭਾਵਿਤ ਕੀਤਾ ਹੋਇਆ ਸੀ। ਧਰਮੀ ਲੋਕ, ਜੋ ਕਿ ਲੋਕਾਂ ਦੇ ਰਾਹ-ਦਸੇਰੇ ਅਤੇ ਧਰਮ ਦੇ ਸਮਾਜ ਵਿਚ ਗਿਆਨਵਾਨਾਂ ਵਜੋਂ ਸਥਾਪਤ ਸਨ, ਉਹੀ ਧਰਮ ਦਾ ਰਾਹ ਛੱਡ ਚੁੱਕੇ ਸਨ। ਹਾਕਮ ਤਬਕਾ ਅਤਿਆਚਾਰੀ ਹੋ ਗਿਆ ਸੀ, ਜਿਸ ਕਰਕੇ ਬੇਲੋੜੇ ਕਰਾਂ ਅਤੇ ਅਨੈਤਿਕ ਸ਼ਾਸ਼ਨ ਨਾਲ ਲੋਕਾਂ ਦਾ ਜੀਵਨ ਤਰਸਮਈ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਲੋਕਾਈ ਦੇ ਸਰਬ-ਦੁੱਖਾਂ ਨੂੰ ਦੂਰ ਕਰਨ ਹਿੱਤ ਲੰਮੀਆਂ ਉਦਾਸੀਆਂ ਕੀਤੀਆਂ। ਮਨੁੱਖ ਤਾ ਦੇ ਸਰੀਰਕ ਤੇ ਅਧਿਆਤਮਕ ਦੁੱਖਾਂ ਨੂੰ ਦੂਰ ਕਰਨ ਹਿਤ ਗੁਰੂ ਜੀ ਨੇ ਧਰਮ ਦੇ ਦੇ ਜੋਗੀਆਂ, ਨਾਥਾਂ, ਸਿਧਾਂ ਤੇ ਪੰਡਿਤਾਂ ਨੂੰ ਮਿਲਦੇ ਹਨ, ਇਸਦੇ ਨਾਲ ਹੀ ਉਹ ਕਾਜ਼ੀ, ਮੁੱਲਾਂ, ਫਕੀਰਾਂ ਤੇ ਆਮ ਲੋਕਾਂ ਦੇ ਦੁੱਖਾਂ ਨੂੰ ਹਰਦੇ ਹਨ। ਗੁਰੂ ਜੀ ਨੇ ਭਟਕੇ ਹੋਏ ਆਗੂਆਂ (ਧਾਰਮਿਕ ਤੇ ਰਾਜਨੀਤਿਕ ) ਨੂੰ ਸਤਿ-ਮਾਰਗ ਦਾ ਉਪਦੇਸ਼ ਦਿਤਾ। ਇਸੇ ਵਿਚਾਰ ਦਾ ਅਨੁਸਰਣ ਗੁਰੂ

ਅਮਰਦਾਸ ਜੀ ਨੇ ਵੀ ਕੀਤਾ ਤੇ ਯਾਤਰਾਵਾਂ ਵੀ ਕੀਤੀਆਂ। ਉਨ੍ਹਾਂ ਨੇ ਬਾਣੀ ਰਾਹੀਂ ਜਗਤ ਦੀ ਰੱਖਿਆ ਲਈ ਪਰਮਾਤਮਾ ਨੂੰ ਅਰਜੋਈ ਵੀ ਕੀਤੀ:

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥**
**ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ॥**

### 1.3.1 ਹਉਮੈ ਤੋਂ ਮੁਕਤੀ ਦਾ ਮਾਰਗ

ਮਨੁੱਖ ਦੇ ਜਨਮ ਦੇ ਨਾਲ ਹੀ ਉਸ ਦੇ ਅੰਦਰ ਪੰਜ ਵਿਕਾਰਾਂ ਦਾ ਆਰੰਭ ਹੋਣਾ ਸ਼ੁਰੂ ਹੋ ਜਾਂਦਾ ਹੈ। ਮਨੁੱਖੀ ਜੀਵਨ ਦੇ ਵਿਕਾਸ ਵਿਚ ਵੱਖ-ਵੱਖ ਤਰ੍ਹਾਂ ਦੇ ਕਾਰਜ ਕਰਦਿਆਂ ਮਨੁੱਖੀ ਮਨ ਦੀਆਂ ਬਿਰਤੀਆਂ ਅਤੇ ਸਮੇਂ ਦੇ ਕਾਲ-ਚਕਰ ਨਾਲ ਮਨੁੱਖ ਅੰਦਰ ਕੋਈ ਵੀ ਵਿਕਾਰ ਭਾਰੂ ਹੋ ਸਕਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵਿਚੋਂ ਹਉਮੈ (ਅਹੰਕਾਰ) ਵੀ ਇਕ ਵਿਕਾਰ ਹੈ। ਧੰਨ, ਰੂਪ, ਬਲ ਅਜਿਹੇ ਵਰਤਾਰੇ ਜਾਂ ਪ੍ਰਭਾਵ ਹਨ, ਜਿਨ੍ਹਾਂ ਕਰਕੇ ਹਉਮੈ ਪੈਦਾ ਹੋ ਜਾਂਦੀ ਹੈ। ਇਸ ਨਾਲ ਮਨੁੱਖ ਆਪਣੇ ਸੱਚੇ ਮਾਰਗ ਦੀ ਥਾਂ ਸਮਾਜ ਵਿਚ ਇਕ ਖਾਸ ਮਾਣ ਹਾਸਿਲ ਕਰ ਕੇ ਦੂਜਿਆਂ ਨੂੰ ਅਧੀਨ ਕਰਨਾ ਚਾਹੁੰਦਾ ਹੈ ਤੇ ਆਪਣੀ ਪ੍ਰਭੂਸਤਾ ਸਥਾਪਿਤ ਕਰਨਾ ਚਾਹੁੰਦਾ ਹੈ। ਇਹ ਵਿਕਾਰ ਹੀ ਉਸ ਦੀ ਅਕਲ ਉੱਪਰ ਪਰਦਾ ਪਾ ਦਿੰਦਾ ਹੈ, ਜਿਸ ਕਰਕੇ ਉਸ ਨੂੰ ਸਹੀ ਰਾਹ ਦੀ ਪਛਾਣ ਕਰਨੀ ਕਠਿਨ ਹੋ ਜਾਂਦੀ ਹੈ। ਕਈ ਵਾਰੀ ਹਉਮੈ ਗ੍ਰਸਤ ਮਨੁੱਖ ਧਰਮ ਕਰਮ ਵੀ ਆਪਣੀ ਹਉਮੈ ਕਰਕੇ ਕਰਦਾ ਹੈ, ਤੇ ਧਰਮ ਦੀਆਂ ਰੀਤਾਂ ਨੂੰ ਆਪਣੇ ਫਾਇਦੇ ਹਿੱਤ ਵਰਤਦਾ ਵੀ ਹੈ। ਅਜਿਹਾ ਵਤੀਰਾ ਉਸ ਨੂੰ ਗਿਲਾਨੀ ਵਲ ਲੈ ਜਾਂਦਾ ਹੈ। ਇਸ ਲਈ ਹਉਮੈ ਵਰਗੇ ਰੋਗ ਤੋਂ ਨਿਜਾਤ ਸਿਰਫ ਸੱਚ ਦੇ ਮਾਰਗ ਉਪਰ ਚਲਣ ਸਦਕਾ ਹੀ ਸੰਭਵ ਮੰਨੀ ਗਈ ਹੈ। ਅਜਿਹੇ ਰੋਗ ਦਾ ਦਾਰੂ, ਗੁਰਬਾਣੀ ਅਨੁਸਾਰ ਸਿਰਫ 'ਸੱਚ ' ਹੈ:

**ਸੱਚ_ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**

ਹਉਮੈ ਨੂੰ ਗੁਰਬਾਣੀ ਨੇ ਦੀਰਘ ਰੋਗ ਮੰਨਿਆ ਹੈ ਤੇ ਇਸ ਰੋਗ ਦਾ ਦਾਰੂ ਵੀ ਇਸੇ ਵਿਚ ਹੀ ਦਰਸਾਇਆ ਹੈ। ਹਉਮੈ ਗ੍ਰਸਤ ਵਿਅਕਤੀ ਜਦੋਂ ਆਪਣਾ ਵਿਵੇਕ ਗੁਆ ਬੈਠਦਾ ਹੈ ਤਾਂ ਉਹ ਇਕ ਗੰਭੀਰ ਰੋਗ ਵਿੱਚ ਚਲਾ ਜਾਂਦਾ ਹੈ। ਪਰ ਜੇਕਰ ਉਸੇ ਨੂੰ ਇਨ੍ਹਾਂ ਵਿਕਾਰਾਂ ਦੀ ਸੋਝੀ ਹੋ ਜਾਵੇ ਤਾਂ ਇਹ ਵਿਕਾਰ ਹੀ ਉਸਦੇ ਸਦ ਮਾਰਗ ਲਈ ਦਵਾਈ ਦਾ ਕੰਮ ਕਰਦਾ ਹੈ। ਜਿਵੇਂ ਗਰਮ ਬਰਤਨ ਦੀ ਸੋਝੀ ਬਚੇ ਨੂੰ ਨਹੀਂ ਹੁੰਦੀ ਪਰ ਜਦੋਂ ਉਸ ਦਾ ਹੱਥ ਗਰਮ ਬਰਤਨ ਨੂੰ ਲਗਦਾ ਹੈ ਤੇ ਦੁੱਖ ਮਿਲਦਾ ਹੈ, ਤਾਂ ਫਿਰ ਉਸ ਨੂੰ ਇਸ ਦੀ ਸਝੀ ਹੁੰਦੀ ਜਿਹੜੀ ਸਾਰੀ ਉਮਰ ਉਸ ਦੀ ਚੇਤਨਾ ਦਾ ਹਿੱਸਾ ਬਣੀ ਰਹਿੰਦੀ ਹੈ। ਇਸੇ ਲਈ ਹਰ ਇਕ ਦੁੱਖ ਦਾ ਦਾਰੂ ਵੀ ਉਸੇ ਵਿੱਚ ਹੀ ਪਿਆ ਹੁੰਦਾ ਹੈ, ਪਰ ਉਸਦੀ ਪਛਾਣ ਕਰਨੀ ਲਾਜ਼ਮੀ ਹੁੰਦੀ ਹੈ:

**ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥**

ਸੱਚ ਦੀ ਪਛਾਣ ਤੇ ਉਸ ਨਾਲ ਮਿਲਾਪ ਨਾ ਹੋਣ ਵਿਚ ਬਹੁਤ ਸਾਰੇ ਵਿਕਾਰ ਹਨ। ਜਿਨ੍ਹਾਂ ਵਿਚ ਹਉਮੈ ਵੀ ਇਕ ਵਿਸ਼ੇ-ਵਿਕਾਰ ਹੈ, ਇਹ ਅਹੰਕਾਰ ਦਾ ਸਮਾਨਾਰਥੀ ਮੰਨਿਆ ਗਿਆ ਹੈ। ਹਉਮੈ ਗ੍ਰਸਤ ਮਨੁੱਖ ਨੂੰ ਸਚਿਆਰ ਦੇ ਮਾਰਗ ਤੋਂ ਭਟਕ ਜਾਂਦਾ ਹੈ। ਉਸਦਾ ਵਿਵੇਕ ਦੁਨਿਆਵੀ ਪਦਾਰਥਾਂ ਦੇ ਇਕਤ੍ਰੀਕਰਨ ਦੀ ਹੋੜ ਵਿਚ ਲਗਾ ਰਹਿੰਦਾ ਹੈ ਤੇ ਉਨ੍ਹਾਂ ਦੀ ਪ੍ਰਾਪਤੀ ਕਰਨ ਤੇ ਸਮਾਜ ਵਿਚਲੇ ਦੂਜੇ ਮਨੁੱਖਾਂ ਨਾਲ ਅਹੰਕਾਰ ਵੱਸ ਮੁਕਾਬਲਾ ਕਰਦਾ ਹੈ। ਉਸਦੀ ਹਉਮੈ ਉਸ ਵਿਚੋਂ ਨਿਮਰਤਾ ਵਰਗੇ ਗੁਣਾਂ ਨੂੰ ਮੁਕਾ ਦਿੰਦੀ ਹੈ। ਇਸੇ ਲਈ ਗੁਰਬਾਣੀ ਅਨੁਸਾਰ ਨਾਮ ਤੇ ਹਉਮੈ ਦਾ ਵਾਸਾ ਇਕ ਥਾਂ ਹੋਣਾ ਸੰਭਵ ਨਹੀਂ ਹੈ।

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**

ਇਸ ਤਰ੍ਹਾਂ ਗੁਰਬਾਣੀ ਮਨੁੱਖ ਨੂੰ ਸਮਝਾਉਂਦੀ ਹੈ ਕਿ ਹਉਮੈ ਉਸ ਨੂੰ ਪਰਮਾਤਮਾ ਤੋਂ ਦੂਰ ਕਰ ਦਿੰਦੀ ਹੈ। ਪਰ ਜਦੋਂ ਮਨੁੱਖ ਹਉਮੈ ਦਾ ਨਾਸ ਕਰ ਦਿੰਦਾ ਹੈ ਤਾਂ ਉਸ ਦਾ ਪਰਮਾਤਮਾ ਨਾਲ ਮਿਲਾਪ ਹੋਣਾ ਸੰਭਵ ਹੋ ਜਾਂਦਾ ਹੈ।

**ਹਉਮੈ ਕਰੀ ਤਾ ਤੂ ਨਾਹੀ ਤੂ ਹੋਵਹਿ ਹਉ ਨਾਹਿ॥**

### 1.3.2 ਹੁਕਮ ਦੀ ਪਾਲਣਾ

ਗੁਰਬਾਣੀ ਅਨੁਸਾਰ ਮਨੁੱਖ ਸਚਿਆਰ ਤਾਂ ਹੀ ਬਣ ਸਕਦਾ ਹੈ ਜੇਕਰ ਉਹ ਪਰਮਾਤਮਾ ਦੇ ਹੁਕਮ ਵਿੱਚ ਜੀਵਨ ਬਤੀਤ ਕਰਦਾ ਹੈ। ਗੁਰੂ ਸਾਹਿਬ ਗੁਰਬਾਣੀ ਰਾਹੀਂ ਵਾਰ ਵਾਰ ਮਨੁੱਖ ਨੂੰ ਹੁਕਮ ਮੰਨਣ ਲਈ ਕਹਿੰਦੇ ਹਨ। ਜੇਕਰ ਮਨੁੱਖ ਨੇ ਆਤਮਿਕ ਸ਼ਾਂਤੀ ਪ੍ਰਾਪਤ ਕਰਨੀ ਹੈ ਤੇ ਸੰਸਾਰਕ ਪਦਾਰਥਾਂ ਦੇ ਅਸਲ ਸੱਚ ਦੀ ਪਛਾਣ ਰਾਹੀਂ, ਇਨ੍ਹਾਂ ਤੋਂ ਮੁਕਤ ਹੋਣ ਲਈ ਜਰੂਰੀ ਹੈ ਕਿ ਹੁਕਮ ਦੀ ਪਾਲਣਾ ਕਰੇ। ਹਰ ਹਾਲ ਵਿਚ ਭਾਣਾ, ਰਜ਼ਾ ਵਿਚ ਰਹਿਣਾ ਹੀ ਸਚਿਆਰ ਮਾਰਗ ਉੱਪਰ ਚਲਣਾ ਹੈ। ਅਰਬੀ ਭਾਸ਼ਾ ਦੇ ਇਸ ਸ਼ਬਦ ਹੁਕਮ ਦੇ ਅਰਥ ਹਨ, ਆਦੇਸ਼, ਆਗਿਆ ਤੇ ਫ਼ੁਰਮਾਨ। ਜਪੁ ਜੀ ਬਾਣੀ ਵਿਚ ਕਿਹਾ ਗਿਆ ਹੈ ਕਿ ਸਾਰੀ ਸਰਿਸ਼ਟੀ ਉਸ ਪਰਮਾਤਮਾ ਦੇ ਹੁਕਮ ਵਿਚ ਹੀ ਚੱਲ ਰਹੀ ਹੈ, ਉਸ ਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ। ਇਸ ਤਰ੍ਹਾਂ ਹੀ ਗੁਰਬਾਣੀ ਅਨੁਸਾਰ ਜਿਹੜਾ ਪ੍ਰਾਣੀ ਹੁਕਮ ਨੂੰ ਮੰਨ ਲੈਂਦਾ ਹੈ, ਉਸ ਨੂੰ ਉਸ ਪਰਮਾਤਮਾ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ। ਜੇਕਰ ਮਨੁੱਖ ਨੇ ਸਚਿਆਰ ਦੀ ਅਵਸਥਾ ਨੂੰ ਪ੍ਰਾਪਤ ਹੋਣਾ ਹੈ ਤਾਂ ਉਸ ਨੂੰ ਹੁਕਮ ਵਿਚ ਹੀ ਰਹਿਣਾ ਪਵੇਗਾ ਕਿਉਂਕਿ ਸ੍ਰਿਸ਼ਟੀ ਰਚਨਾ ਉਸ ਪਰਮਾਤਮਾ ਦੇ ਹੁਕਮ ਨਾਲ ਹੀ ਹੋਈ ਮੰਨੀ ਗਈ ਹੈ।

## 1.4. ਸਚਿਆਰ ਪਦ ਲਈ ਸ਼ੁਭ ਗੁਣ

ਸਚਿਆਰ ਦੇ ਅਰਥ ਸੱਚ ਨੂੰ ਧਾਰਨ ਕਰਨ ਵਾਲਾ ਜਾਂ ਸੱਚ ਦੀ ਪਾਲਣਾ ਕਰਨ ਵਾਲਾ ਆਦਿ ਹਨ, ਭਾਵ ਜਿਸ ਨੇ 'ਸੱਚ ' ਨੂੰ ਪ੍ਰਾਪਤ ਕਰ ਲਿਆ ਹੋਵੇ, ਉਸ ਨੂੰ ਸਚਿਆਰ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਹਰ ਇਕ ਸਿੱਖ ਦੇ ਜੀਵਨ ਦਾ ਆਦਰਸ਼ ਸਰੂਪ ਸਚਿਆਰ ਨੂੰ ਮੰਨਿਆ ਗਿਆ ਹੈ। ਗੁਰਮੁਖ ਤੇ ਬ੍ਰਹਮ ਗਿਆਨੀ ਮਨੁੱਖ ਲਈ ਅਧਿਆਤਮ ਦੀਆਂ ਉਚਤਮ ਅਵਸਥਾਵਾਂ ਮੰਨੀਆਂ ਗਈਆਂ ਹਨ। ਇਹ ਅਵਸਥਾਵਾਂ ਅਤੇ ਉਪਾਧੀਆਂ ਸਚਿਆਰ ਦੇ ਪ੍ਰਥਾਇ ਜਾਂ ਇਸਦੇ ਸੰਦਰਭ ਵਿਚ ਵਰਤੀਆਂ ਜਾਂਦੀਆਂ ਹਨ। 'ਸਚਿਆਰ' ਸ਼ਬਦ ਗੁਰਬਾਣੀ ਵਿਚ ਸਭ ਤੋਂ ਪਹਿਲਾਂ "ਜਪੁ" ਜੀ ਬਾਣੀ ਵਿਚ ਪ੍ਰਾਪਤ ਹੁੰਦਾ ਹੈ ਅਤੇ ਗੁਰਬਾਣੀ ਵਿਚ ਇਸਦੇ ਹੋਰ ਰੂਪ ਸਚਿਆਰਾ, ਸਚਿਆਰ ਤੇ ਸਚਿਆਰੀ ਆਦਿ ਵੀ ਆਏ ਹਨ।

ਮਨੁੱਖ ਨੇ ਜੇਕਰ ਆਪਣੇ ਅਸਲ ਦੀ ਪਛਾਣ ਕਰਨੀ ਹੈ ਤੇ ਉਸ ਦੀ ਪ੍ਰਾਪਤੀ ਕਰਨ ਦੀ ਮਨ ਵਿਚ ਲਾਲਸਾ ਹੈ, ਤਾਂ ਫਿਰ ਉਸ ਨੂੰ ਕੁਝ ਔਗੁਣ ਤੇ ਗੁਣਾਂ ਦੀ ਜਾਣਕਾਰੀ ਹੋਣੀ ਲਾਜ਼ਮੀ ਹੈ। ਭਾਵ ਧਰਮਾਂ ਨੇ ਮਨੁੱਖ ਲਈ ਗੁਣਾਂ ਤੇ ਔਗੁਣਾ ਦਾ ਵੇਰਵਾ ਬਹੁਤ ਹੀ ਸੁਚਜੇ ਢੰਗ ਨਾਲ ਦਿੱਤਾ ਹੋਇਆ ਹੈ। ਪੰਜ ਵਿਕਾਰ ਮਨੁੱਖ ਲਈ ਔਗੁਣ ਬਣਦੇ ਹਨ, ਇਸ ਤੋਂ ਇਲਾਵਾ ਮਾੜੀ ਸੰਗਤ ਵੀ ਉਸ ਨੂੰ ਰਾਹ ਤੋਂ ਕੋਹਾਂ ਦੂਰ ਕਰ ਦਿੰਦੀ ਹੈ। ਅਸਲ ਵਿੱਚ ਇਹ ਸਾਰੀ ਖੇਡ ਮਨ ਨਾਲ ਸੰਬੰਧਿਤ ਮੰਨੀ ਗਈ ਹੈ। ਮਨ ਦੀ ਸਫ਼ਾਈ ਤੇ ਉਸ ਨੂੰ ਸਦਗੁਣਾਂ ਵੱਲ ਲਗਾਉਣ ਨਾਲ ਪਰਮਾਰਥ ਦਾ ਰਸਤਾ ਖੁੱਲਦਾ ਹੈ। ਇਸੇ ਲਈ ਗੁਰਬਾਣੀ ਵਿਚ ਮਨ ਜਿੱਤਣ ਦੀ ਗਲ ਕਹੀ ਗਈ ਹੈ:

**ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ॥**

ਗੁਰਬਾਣੀ ਵਿਚ ਵਿਕਾਰਾਂ ਤੋਂ ਬਚਣ ਲਈ ਮਾਰਗ ਵੀ ਦਰਸਾਇਆ ਗਿਆ ਹੈ। ਜੇਕਰ ਮਨੁੱਖ ਨੇ ਸੱਚ ਦੇ ਮਾਰਗ ਦਾ ਪਾਂਧੀ ਬਣਨਾ ਹੈ ਤਾਂ ਉਸ ਨੂੰ ਸਤਿ-ਪੁਰਖਾਂ ਦੀ ਸੰਗਤ ਕਰਨ ਲਈ ਕਿਹਾ ਗਿਆ ਹੈ। ਇਸ ਦੇ ਨਾਲ ਹੀ ਸੰਗਤ ਵਿਚ ਪਹੁੰਚ ਕੇ (ਗੁਰਦੁਆਰੇ ਵਿਚ ਜਾ ਕੇ) ਗੁਰਬਾਣੀ ਸ੍ਰਵਣ ਕਰੇ। ਗੁਰਬਾਣੀ ਵਿਚ ਫੁਰਮਾਨ ਹੈ ਕਿ ਮਨੁੱਖ ਨੂੰ ਸਦਗੁਣਾਂ ਦੀ ਸੋਝੀ ਗੁਰਦੁਆਰੇ ਤੋਂ ਪ੍ਰਾਪਤ ਹੋ ਸਕਦੀ ਹੈ:

**ਗੁਰੂ ਦੁਆਰੈ ਹੋਇ ਸੋਝੀ ਪਾਇਸੀ ॥**

ਗੁਰਦੁਆਰਾ ਉਹ ਪਵਿੱਤਰ ਸਥਾਨ ਹੈ ਜਿਥੇ ਜਾ ਕੇ ਮਨੁੱਖ ਨੂੰ ਪਰਮਾਰਥ ਤੇ ਸਚਿਆਰ ਮਾਰਗ ਦੀ ਸੋਝੀ ਪ੍ਰਾਪਤ ਹੁੰਦੀ ਹੈ। ਇਨ੍ਹਾਂ ਦੀ ਪ੍ਰਾਪਤੀ ਦੇ ਸਾਧਨ ਸਿੱਖ ਪੰਥ ਵਿਚ ਗੁਰੂ ਸਾਹਿਬਾਨ ਵਲੋਂ ਨਿਰਧਾਰਿਤ ਕੀਤੇ ਗਏ ਹਨ, ਜਿਨ੍ਹਾਂ ਵਿਚ ਭਗਤੀ ਨੂੰ ਸਰਵਉੱਚ ਸਥਾਨ ਪ੍ਰਾਪਤ ਹੈ। ਇਹ ਭਗਤੀ ਕੀਰਤਨ ਸ੍ਰਵਨ ਕਰਨ ਨਾਲ, ਗੁਰਬਾਣੀ ਦਾ ਵਿਚਾਰ (ਮਨਨ) ਕਰਨ ਨਾਲ (ਭਾਵ ਕਥਾ ਸ੍ਰਵਨ ਕਰਨ ਅਤੇ ਗੁਰਬਾਣੀ ਸੰਥਯਾ ਪ੍ਰਾਪਤ ਕਰਨ ਨਾਲ) ਆਦਿ ਰਾਹੀਂ ਕੀਤੀ ਜਾ ਸਕਦੀ ਹੈ। ਇਸਦੇ ਨਾਲ ਹੀ ਨਾਮ-ਸਿਮਰਨ ਦੀ ਸਾਧਨਾ ਕਰਨ ਲਈ ਗੁਰਬਾਣੀ ਵਿਚ ਵਾਰ ਵਾਰ ਕਿਹਾ ਗਿਆ ਹੈ। ਉਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨ ਨਾਲ ਹੀ ਦੁੱਖਾਂ ਦਾ ਨਾਸ਼ ਹੁੰਦਾ ਹੈ ਤੇ ਆਤਮਕ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਹ ਮਾਰਗ ਉਨ੍ਹਾਂ ਮਨੁੱਖਾਂ ਲਈ ਹੈ, ਜਿਨ੍ਹਾਂ ਨੂੰ ਪਦਾਰਥੱਕ ਸੁੱਖਾਂ ਰਾਹੀਂ ਵਿਕਾਰਾਂ ਦੀ ਸੋਝੀ ਪ੍ਰਾਪਤ ਹੋ ਜਾਵੇ ਉਹ ਹੀ ਇਸ ਮਾਰਗ ਦੇ ਪਾਂਧੀ ਬਣਦੇ ਹਨ। ਇਕ ਵਿਚਾਰ ਅਨੁਸਾਰ ਗੁਰੂ ਦੀ ਮਿਹਰ ਸਦਕਾ ਵੀ ਮਨੁੱਖ ਸਚਿਆਰ ਦੇ ਮਾਰਗ ਨੂੰ ਚੁਣਦਾ ਹੈ। ਉਦਾਹਰਣ ਦੇ ਤੌਰ ਤੇ ਸੱਜਣ ਠੱਗ ਵਾਲੀ ਸਾਖੀ ਨੂੰ ਵਿਚਾਰਿਆ ਜਾ ਸਕਦਾ ਹੈ। ਕਿਵੇਂ ਸਜਣ ਧਰਮ ਦਾ ਚੋਲਾ ਪਾ ਕੇ ਲੋਕਾਂ ਨੂੰ ਠੱਗਦਾ ਸੀ ਤੇ ਉਨ੍ਹਾਂ ਦੀ ਮੌਤ ਦਾ ਕਾਰਨ ਬਣਦਾ ਸੀ। ਗੁਰੂ ਨਾਨਕ ਦੇਵ ਜੀ ਦੀ ਨਦਰਿ ਕਰਮ ਨਾਲ ਉਹ ਸਦ ਮਾਰਗ ਉੱਪਰ ਚਲ ਪੈਂਦਾ ਹੈ। ਪਰਮਾਤਮਾ ਦਾ ਜਸ ਗਾਇਨ ਸੁਣਨ ਨਾਲ ਹਿਰਦੇ ਦੀ ਮਲੀਨਤਾ ਖਤਮ ਹੁੰਦੀ ਹੈ ਤੇ ਸਦ-ਗੁਣਾਂ ਦਾ ਵਾਸਾ ਹੁੰਦਾ ਹੈ। ਇਸੇ ਲਈ ਗੁਰਬਾਣੀ ਵਿਚ ਮਨੁੱਖ ਨੂੰ ਕੀਰਤਨ ਸ੍ਰਵਨ ਕਰਨ ਲਈ ਪ੍ਰੇਰਿਆ ਗਿਆ ਹੈ:

**ਕੀਰਤਨੁ ਨਿਰਮੋਲੱਖ ਹੀਰਾ॥ ਆਨੰਦ ਗੁਣੀ ਗਹੀਰਾ॥**
**ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥**

ਨਾਮ ਦੀ ਮਹਿਮਾ ਦਾ ਵਰਣਨ ਕਰਦੇ ਹੋਏ ਗੁਰੂ ਸਾਹਿਬ ਮਨੁੱਖ ਨੂੰ ਸਮਝਾਉਂਦੇ ਹਨ। ਜਿਹੜਾ ਮਨੁੱਖ ਨਾਮ ਸਿਮਰਨ ਕਰਦਾ ਹੈ ਉਸ ਦਾ ਜੀਵਨ ਸੁਖੀ ਹੋ ਜਾਂਦਾ ਹੈ ਤੇ ਉਸ ਦਾ ਚਿਹਰਾ ਜਲਾਲ ਨਾਲ ਭਰ ਜਾਂਦਾ ਹੈ। ਨਾਮ ਦੀ ਪ੍ਰਾਪਤੀ ਤੇ ਸੋਝੀ ਪੂਰੇ ਗੁਰੂ ਦੀ ਕਿਰਪਾ ਨਾਲ ਹੀ ਹੁੰਦੀ ਹੈ। ਨਾਮ ਦਾ ਰਸ ਤੇ ਉਸ ਦਾ ਵਾਸਾ ਸੰਗਤ ਵਿਚ ਦਰਸਾਇਆ ਗਿਆ ਹੈ। ਨਾਮ ਹੀ ਅਜਿਹੀ ਦੌਲਤ ਹੈ ਜਿਹੜੀ ਮਨੁੱਖ ਨੂੰ ਦੁਨਿਆਵੀ ਬੰਧਨਾ ਤੋਂ ਆਜਾਦ ਕਰਦੀ ਹੈ ਤੇ ਅਗਲੇ ਸੰਸਾਰ ਵਿਚ ਜਮਾ ਤੋਂ ਬਚਾ ਲੈਂਦੀ ਹੈ। ਇਸ ਲਈ ਜੇਕਰ ਮਨੁੱਖ ਨੇ ਸਚਿਆਰ ਦਾ ਮਾਰਗ ਚੁਣਨਾ ਹੈ ਤਾਂ ਉਸ ਨੂੰ ਸਾਧਸੰਗਤਿ ਕਰਨੀ ਚਾਹੀਦੀ ਹੈ, ਨਾਮ-ਸਿਮਰਨ ਕਰਨਾ ਤੇ ਕੀਰਤਨ ਸ੍ਰਵਨ ਕਰਨਾ ਉਸ ਦੀ ਨਿਯਮਾਵਲੀ ਵਿਚ ਸ਼ਾਮਿਲ ਹੋਣਾ ਲਾਜਮੀ ਹੈ।

**ਨਾਮੁ ਧਿਆਏ ਸੋ ਸੁਖੀ ਤਿਸੁ ਮੁਖੁ ਊਜਲੁ ਹੋਇ ॥**
**ਪੂਰੇ ਗੁਰ ਤੇ ਪਾਈਐ ਪਰਗਟੁ ਸਭਨੀ ਲੋਇ ॥**
**ਸਾਧਸੰਗਤਿ ਕੈ ਘਰਿ ਵਸੈ ਏਕੋ ਸੱਚ ' ਸੋਇ ॥**
**ਮੇਰੇ ਮਨ ਹਰਿ ਹਰਿ ਨਾਮੁ ਧਿਆਇ ॥**
**ਨਾਮੁ ਸਹਾਈ ਸਦਾ ਸੰਗਿ ਆਗੈ ਲਏ ਛਡਾਇ ॥**

### 1.4.1 ਸੇਵਾ

ਸੇਵਾ ਇਕ ਅਜਿਹਾ ਗੁਣ ਹੈ ਜਿਸ ਨਾਲ ਮਨੁੱਖ ਅੰਦਰ ਦੂਜਿਆਂ ਲਈ ਸਤਿਕਾਰ ਤੇ ਭਰਾਤਰੀਭਾਵ ਪੈਦਾ ਹੁੰਦਾ ਹੈ। ਸੇਵਾ ਮਨੁੱਖ ਅੰਦਰ ਨਿਮਰਤਾ ਤੇ ਸਹਿਨਸ਼ੀਲਤਾ ਵਰਗੇ ਗੁਣਾਂ ਦਾ ਵਾਧਾ ਕਰਦੀ ਹੈ। ਇਸੇ ਲਈ ਸਚਿਆਰ ਬਣਨ ਲਈ ਗੁਰਬਾਣੀ ਵਿਚ ਗੁਰੂ ਦੀ ਸੇਵਾ, ਸੰਗਤ ਦੀ ਸੇਵਾ ਤੇ ਸਤਿਪੁਰਖਾਂ ਦੀ ਸੇਵਾ ਦੇ ਨਾਲ-ਨਾਲ ਮਨੁੱਖਾਂ ਦੀ ਸੇਵਾ ਕਰਨ ਲਈ ਵੀ ਮਨੁੱਖ ਨੂੰ ਪ੍ਰੇਰਿਤ ਕੀਤਾ ਗਿਆ ਹੈ। ਭਾਈ ਲਹਿਣਾ ਜੀ ਨੇ ਤਹਿ ਦਿਲੋਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਕੀਤੀ, ਫਿਰ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ। ਸਿੱਖ ਇਤਿਹਾਸ ਅਨੁਸਾਰ ਇਸ ਸੇਵਾ ਸਦਕਾ ਹੀ ਕ੍ਰਮਵਾਰ ਗੁਰੂ ਅੰਗਦ ਤੇ ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਦਾਤ ਪ੍ਰਾਪਤ ਹੋਈ ਮੰਨੀ ਜਾਂਦੀ ਹੈ। ਇਸ ਤੋਂ ਇਲਾਵਾ ਬਾਬਾ ਬੁੱਢਾ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਿਗੋਬਿੰਦ ਸਾਹਿਬ ਤੱਕ ਸੇਵਾ ਕੀਤੀ ਜਿਸ ਸਦਕਾ ਉਨ੍ਹਾਂ ਨੂੰ ਬ੍ਰਹਮ ਗਿਆਨੀ ਬ੍ਰਹਮ ਗਿਆਨੀ ਦੀ

ਪਦਵੀ ਪ੍ਰਾਪਤ ਹੋਈ, ਜਿਸ ਨੂੰ ਸਚਿਆਰ ਕਿਹਾ ਜਾਂਦਾ ਹੈ। ਭਾਈ ਘਨੱਈਆ ਜੀ ਨੇ ਲੋਕਾਈ ਦੀ ਸੇਵਾ ਭਗਤੀ ਵਾਂਗ ਕੀਤੀ, ਜਿਸ ਸਦਕਾ ਉਨ੍ਹਾਂ ਦੀ ਇਕ ਸੰਪ੍ਰਦਾਇ ਹੀ ਕਾਇਮ ਹੋ ਗਈ ਜਿਸ ਨੂੰ ਸੇਵਾਪੰਥੀ ਕਿਹਾ ਜਾਂਦਾ ਹੈ। ਸਿੱਖ ਪੰਥ ਅੰਦਰ ਗੁਰੂ ਨਾਨਕ ਦੇਵ ਜੀ ਨੇ ਪੰਗਤ (ਲੰਗਰ) ਦੀ ਅਜਿਹੀ ਸੰਸਥਾ ਸਥਾਪਿਤ ਕੀਤੀ ਜਿਸ ਨਾਲ ਜਾਤ-ਪਾਤ, ਰੰਗ-ਨਸਲ ਦਾ ਭੇਦ ਭਾਵ ਖਤਮ ਕੀਤਾ ਗਿਆ। ਲੰਗਰ ਦੀ ਸੇਵਾ ਇੰਨੀ ਉੱਤਮ ਦਰਜਾ ਰਖਦੀ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਮਾਤਾ ਖੀਵੀ ਜੀ ਨੂੰ ਲੰਗਰ ਦੀ ਸੇਵਾ ਤੇ ਜਿੰਮੇਵਾਰੀ ਸੌਂਪੀ ਸੀ। ਗੁਰੂ ਅਮਰਦਾਸ ਜੀ ਨੇ ਇਸ ਪ੍ਰਥਾ ਨੂੰ ਸਿੱਖ ਦੇ ਜੀਵਨ ਦਾ ਅਨਿਖੜ ਅੰਗ ਬਣਾਇਆ। ਉਨ੍ਹਾਂ ਦਾ ਹੁਕਮ ਸੀ ਕਿ ਪਹਿਲਾਂ ਹਰ ਇਕ ਮਨੁੱਖ ਪੰਗਤ ਵਿਚ ਬੈਠ ਕੇ ਲੰਗਰ ਪ੍ਰਾਪਤ ਕਰੇ ਉਪਰੰਤ ਉਨ੍ਹਾਂ ਦੇ ਦਰਸ਼ਨ ਕਰਨ ਆਵੇ। ਲੰਗਰ ਦੀ ਸੇਵਾ ਸਦਕਾ ਹੀ ਗੁਰੂ ਅਮਰਦਾਸ ਜੀ ਨੇ ਬਾਬਾ ਹਿੰਦਾਲ ਨੂੰ ਸਚਿਆਰ ਦੇ ਮਾਰਗ ਦੀ ਸੋਝੀ ਬਖਸ਼ੀ ਸੀ ਤੇ ਬਾਈ ਮੰਜੀਆਂ ਵਿਚੋਂ ਇਕ ਮੰਜੀ ਦੀ ਵੀ ਬਖ਼ਸ਼ਿਸ਼ ਕੀਤੀ।

### 1.4.2 ਸਮਾਜਕ ਬਰਾਬਰਤਾ

ਸਚਿਆਰ ਦੇ ਮਾਰਗ ਲਈ ਸਭ ਤੋਂ ਅਹਿਮ ਨੁਕਤਾ ਸਮਾਜਕ ਬਰਾਬਰਤਾ ਦਾ ਦਰਸਾਇਆ ਗਿਆ ਹੈ। ਗੁਰਬਾਣੀ ਅਨੁਸਾਰ ਸਾਰੇ ਜੀਵ ਇਕ ਪਰਮਾਤਮਾ ਰੂਪੀ ਪਿਤਾ ਦੇ ਬਾਲਖ ਹਨ। ਸਮਾਜਿਕ ਬਰਾਬਰਤਾ ਸ਼ਾਇਦ ਤਾਂ ਹੀ ਸੰਭਵ ਹੋ ਸਕਦੀ ਹੋਵੇ ਜਦੋਂ ਮਨੁੱਖ ਨੂੰ ਅਧਿਆਤਮਿਕ ਸਾਂਝ ਦੀ ਸੋਝੀ ਹੋ ਜਾਵੇ। ਕਿਉਂਕਿ ਸਾਰੇ ਜੀਵ ਪਰਮਾਤਮਾ ਦੀ ਰਚਨਾ ਹਨ। ਪਰਮਾਤਮਾ ਨੇ ਸੰਸਾਰ ਵਿਚ ਵਿਭਿੰਨਤਾ ਪੈਦਾ ਕੀਤੀ ਹੈ। ਇਹ ਵਿਭਿੰਨਤਾ ਖੂਬਸੂਰਤ ਤਾਂ ਹੀ ਲਗਦੀ ਹੈ ਜੇਕਰ ਪਰਮਾਤਮਾ ਦੀ ਰਜ਼ਾ ਮਨ ਤੋਂ ਧਾਰਨ ਕੀਤੀ ਹੋਵੇ। ਗੁਰਬਾਣੀ ਨੇ ਮਨੁੱਖ ਨੂੰ ਆਪਸੀ ਸਹਿਹੋਂਦ ਦਾ ਆਦਰਸ਼ਕ ਸੰਕਲਪ ਪ੍ਰਦਾਨ ਕੀਤਾ ਹੈ। ਜਿਸ ਦੇ ਧਾਰਨ ਕਰਨ ਨਾਲ ਮਨੁੱਖ ਖੇੜੇ ਤੇ ਆਪਸੀ ਪਿਆਰ ਵਿਚ ਜੀਵਨ ਬਤੀਤ ਕਰਦਾ ਹੈ। ਨਫਰਤ ਤੇ ਊਚ ਨੀਚ ਦੇ ਵਖਰੇਵੇਂ ਵਾਲੀ ਮਾਨਸਿਕਤਾ ਨੂੰ ਸਿੱਖ ਪੰਥ ਵਿਚ ਕਬੂਲ ਨਹੀਂ ਕੀਤਾ ਗਿਆ ਹੈ। ਗੁਰਬਾਣੀ ਦਾ ਫੁਰਮਾਨ ਹੈ:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**
**ਲੋਗਾ ਭਰਮਿ ਨ ਭੂਲਹੁ ਭਾਈ॥**
**ਖਾਲਿਖੁ ਖਲਕ ਖਲਕ ਮਹਿ ਖਾਲਿਖੁ ਪੂਰਿ ਰਹਿਓ ਸ੍ਰਬ ਠਾਂਈ॥**

ਜਨਮਸਾਖੀ ਸਾਹਿਤ ਅਤੇ ਵਾਰਾਂ ਭਾਈ ਗੁਰਦਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਦੋਂ ਧਿਆਨ ਲਗਾ ਕੇ ਦੇਖਿਆ ਤਾਂ ਸਾਰੀ ਧਰਤੀ ਦੁੱਖਾਂ ਵਿਚ ਜਲਦੀ ਦੇਖੀ। ਸੱਚੇ ਗੁਰੂ ਦੀ ਹੋਂਦ ਤੋਂ ਬਿਨਾ ਸਾਰੀ ਲੋਕਾਈ ਭਟਕ ਰਹੀ ਹੈ। ਇਸ ਲਈ ਜੀਵਾਂ ਦੇ ਦੁਖ ਹਰਨ ਲਈ ਉਦਾਸੀਆਂ ਕੀਤੀਆਂ।

**ਬਾਬਾ ਪੈਧਾ ਸੱਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ।**
**ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ।**
**ਬਾਝਹੁ ਗੁਰੂ ਗੁਬਾਰ ਹੈ ਹੈ ਹੈ ਕਰਦੀ ਸੁਣੀ ਲੁਕਾਈ।**
**ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ।**

ਗੁਰਬਾਣੀ ਵਿਚ ਥਾਂ ਪਰ ਥਾਂ ਮਾਨਵੀ ਗੁਣਾਂ ਬਾਰੇ ਦੇ ਹਵਾਲੇ ਪ੍ਰਾਪਤ ਹੁੰਦੇ ਹਨ, ਜਿਨ੍ਹਾਂ ਨੂੰ ਧਾਰਨ ਕਰ ਕੇ ਮਨੁੱਖ ਇਕ ਸੰਤੁਲਿਤ ਸਮਾਜ ਦਾ ਉਸਰਈਆ ਬਣ ਸਕਦਾ ਹੈ।

### 1.4.3 ਸੰਨਿਆਸ ਤੋਂ ਉਪਰਾਮਤਾ

ਗੁਰਬਾਣੀ ਵਿਚ ਭਾਰਤੀ ਪਰੰਪਰਾ ਦੇ ਚਾਰ ਆਸ਼ਰਮਾਂ ਬਾਰੇ ਵੀ ਉਲੇਖ ਪ੍ਰਾਪਤ ਹੁੰਦਾ ਹੈ। ਬ੍ਰਹਮਚਾਰੀ, ਗ੍ਰਿਹਸਥ, ਵਾਨਪ੍ਰਸਥ ਤੇ ਸੰਨਿਆਸ। ਭਾਰਤੀ ਪਰੰਪਰਾ ਅਨੁਸਾਰ ਮਨੁੱਖ ਦੀ ਸੰਪੂਰਨ ਜੀਵਨ 100 ਸਾਲ ਮਿੱਥ ਕੇ, 25-25 ਸਾਲ ਇਕ ਆਸ਼ਰਮ ਅਨੁਸਾਰ ਜੀਵਨ ਜੀਣ ਦੇ ਨਿਯਮ ਬਣਾਏ ਅਤੇ ਇਸਨੂੰ ਸੰਤੁਲਤ ਜੀਵਨ

ਜੀਣ ਦਾ ਇਕ ਉੱਤਮ ਨਮੂਨਾ ਮੰਨਿਆ ਗਿਆ ਹੈ। ਅਸਲ ਵਿਚ ਇਹ ਮਨੁੱਖ ਨੂੰ ਉਸਦੇ ਅਸਲ ਕਰਤਵ ਨੂੰ ਯਾਦ ਕਰਵਾਉਣ ਦਾ ਇਕ ਤਰੀਕਾ ਮੰਨਿਆ ਗਿਆ ਹੈ। ਬ੍ਰਹਮਚਾਰੀ ਆਸ਼ਰਮ ਅਨੁਸਾਰ ਮਨੁੱਖ ਨੇ ਗਿਆਨ ਦੀ ਪ੍ਰਾਪਤੀ ਕਰਨੀ ਹੈ, ਗ੍ਰਿਹਸਥ ਆਸ਼ਰਮ ਅਨੁਸਾਰ ਉਸ ਨੇ ਵਿਆਹ ਉਪਰੰਤ ਬਚਿਆਂ ਦਾ ਯਥਾਯੋਗ ਪਾਲਣਪੋਸ਼ਣ ਕਰਨਾ ਹੁੰਦਾ ਹੈ, ਵਾਨਪ੍ਰਸਤ ਅਨੁਸਾਰ ਮਨੁੱਖ ਨੇ ਸੰਸਾਰ ਦਾ ਮੋਹ ਤਿਆਗ ਕੇ ਮੁਕਤੀ ਦੀ ਪ੍ਰਾਪਤੀ ਦਾ ਮਾਰਗ ਚੁਣਨਾ ਹੁੰਦਾ ਹੈ। ਆਖਰ ਵਿਚ ਮਨੁੱਖ ਨੂੰ ਸੰਨਿਆਸ ਧਾਰਨ ਲਈ ਕਿਹਾ ਗਿਆ ਹੈ ਤਾਂ ਕਿ ਉਹ ਜੀਵਨ ਦੇ ਅਸਲ ਮਨੋਰਥ ਮੁਕਤੀ ਨੂੰ ਪ੍ਰਾਪਤ ਕਰ ਸਕੇ। ਜੀਵਨ ਦੇ ਇਸ ਨਮੂਨੇ ਕਰਕੇ ਆਮ ਤੌਰ ‘ਤੇ ਭਾਰਤੀ ਜਨ-ਜੀਵਨ ਵਿਚ ਗ੍ਰਹਿਸਥ ਤੋਂ ਉਪਰਾਮਤਾ ਦਾ ਨਮੂਨਾ ਸਥਾਪਤ ਹੋ ਗਿਆ ਪਰ ਸਿਖ ਧਰਮ ਵਿਚ ਇਸ ਪ੍ਰਕਾਰ ਦੀ ਵੰਡ ਨਹੀਂ ਕੀਤੀ ਗਈ ਹੈ। ਬਲਕਿ ਗੁਰਬਾਣੀ ਵਿਚ ਇਨ੍ਹਾਂ ਚਾਰਾਂ ਵਿਚੋਂ ਸੰਨਿਆਸ ਆਸ਼ਰਮ ਨੂੰ ਸਮਾਜ ਉਪਰ ਇਕ ਕਿਸਮ ਦਾ ਬੋਝ ਦਰਸਾਇਆ ਗਿਆ ਹੈ। ਗੁਰਬਾਣੀ ਅਨੁਸਾਰ ਸੰਨਿਆਸੀ ਮਨੁੱਖ ਘਾਲ ਕਮਾਈ ਕਰਨ ਤੋਂ ਆਕੀ ਹੋ ਜਾਂਦਾ ਹੈ ਤੇ ਉਸ ਦਾ ਜੀਵਨ ਨਿਰਵਾਹ ਗ੍ਰਹਿਸਥੀਆਂ ਉਪਰ ਆਸ਼ਰਿਤ ਹੋ ਜਾਂਦਾ ਹੈ। ਭਾਵ ਜਿਸ ਸੰਸਾਰ ਦਾ ਉਹ ਤਿਆਗ ਕਰਕੇ ਚਲਾ ਜਾਂਦਾ ਹੈ, ਫਿਰ ਵਾਪਿਸ ਉਹ ਗ੍ਰਿਹਸਥੀਆਂ ਉਪਰ ਹੀ ਆਸ਼ਰਿਤ ਹੋ ਜਾਂਦਾ ਹੈ। ਇਸ ਤਰ੍ਹਾਂ ਉਹ ਦੂਸਰੇ ਮਨੁੱਖਾਂ ਉਪਰ ਭਾਰ ਬਣ ਜਾਂਦਾ ਹੈ। ਇਸ ਲਈ ਗੁਰੂ ਜੀ ਨੇ ਮਨੁੱਖ ਨੂੰ ਘਾਲ (ਕਿਰਤ) ਕਰਨ ਤੇ ਵੰਡ ਛਕਣ ਲਈ ਪ੍ਰੇਰਿਆ ਹੈ।

**ਗੁਰੁ ਪੀਰੁ ਸਦਾਏ ਮੰਗਣ ਜਾਇ। ਤਾ ਕੈ ਮੂਲਿ ਨ ਲਗੀਐ ਪਾਇ।**
**ਘਾਲਿ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹੁ ਪਛਾਣਹਿ ਸੇਇ॥**

### 1.4.4 ਗ੍ਰਿਹਸਥ ਧਰਮ

ਸਿੱਖ ਧਰਮ ਵਿਚ ਗ੍ਰਿਹਸਥ ਨੂੰ ਸਭ ਤੋਂ ਉੱਤਮ ਦਰਜਾ ਪ੍ਰਾਪਤ ਹੈ। ਗੁਰਬਾਣੀ ਅਨੁਸਾਰ ਮਨੁੱਖ ਨੇ ਜੇਕਰ ਮੁਕਤੀ ਪ੍ਰਾਪਤ ਕਰਨੀ ਹੈ ਤਾਂ ਉਸ ਨੂੰ ਘਰ-ਬਾਰ ਤਿਆਗਣ ਦੀ ਜਰੂਰਤ ਨਹੀਂ, ਬਲਕਿ ਉਹ ਘਰ (ਸੰਸਾਰ/ਗ੍ਰਿਹਸਥ) ਵਿਚ ਰਹਿੰਦਿਆਂ ਹੀ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ। ਗ੍ਰਿਹਸਥ ਵਿਚ ਰਹਿ ਕੇ ਕਿਵੇਂ ਭਗਤੀ ਕੀਤੀ ਜਾ ਸਕਦੀ ਇਸ ਦਾ ਉਲੇਖ ਗੁਰਬਾਣੀ ਵਿਚ ਬਹਤ ਵਾਰੀ ਆਇਆ ਹੈ। ਸਿੱਖ ਧਰਮ ਵਿਚ ਇਸਤਰੀ ਨੂੰ ਮੋਕਸ਼ ਪ੍ਰਾਪਤੀ ਵਿਚ ਰੋੜਾ ਨਹੀਂ ਮੰਨਿਆ ਗਿਆ ਬਲਕਿ ਦੋਹਾਂ ਨੂੰ ਇਕ ਜੋਤਿ ਦੀਆਂ ਦੋ ਮੂਰਤਾਂ ਕਿਹਾ ਗਿਆ ਹੈ।

**ਧਨ ਪਿਰੁ ਏਹਿ ਨ ਆਖੀਅਨੁ ਬਹਿਨ ਇਕਠੇ ਹੋਇ॥**
**ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ॥**

ਗੁਰਬਾਣੀ ਅਨੁਸਾਰ ਮਨੁੱਖ ਨੇ ਸਮਾਜ ਤੇ ਪਰਿਵਾਰ ਵਿਚ ਇਸ ਤਰ੍ਹਾਂ ਜੀਵਨ ਬਤੀਤ ਕਰਨਾ ਹੈ ਜਿਵੇਂ ਇਕ ਮੁਰਗਾਬੀ ਪਾਣੀ ਵਿਚ ਰਹਿ ਕੇ ਵੀ ਉਸ ਤੋਂ ਨਿਰਲੇਪ ਰਹਿੰਦੀ ਹੈ। ਮੁਰਗਾਬੀ ਦੇ ਖੰਭ ਪਾਣੀ ਵਿਚ ਰਹਿਣ ਦੇ ਬਾਵਜੂਦ ਵੀ ਭਿੱਜਦੇ ਨਹੀਂ ਹਨ। ਗੁਰੂ ਜੀ ਮਨੁੱਖ ਨੂੰ ਸਚਿਆਰ ਬਣਨ ਲਈ ਅਜਿਹਾ ਜੀਵਨ ਬਤੀਤ ਕਰਨ ਲਈ ਕਹਿੰਦੇ ਹਨ ਕਿ ਉਹ ਵਿਕਾਰਾਂ ਵਾਲੇ ਜੀਵਨ ਇਸ ਤਰ੍ਹਾਂ ਜੀਣਾ ਹੈ ਜਿਵੇਂ ਕਮਲ ਦਾ ਫੁੱਲ ਚਿੱਕੜ ਵਿੱਚ ਜੀਵਨ ਬਤੀਤ ਕਰਦਾ ਹੈ ਪਰ ਉਸ ਵਿਚ ਲਿਬੜਦਾ ਨਹੀਂ।

**ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥**
**ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥**

### 1.4.5 ਮਾਇਆ ਤੋਂ ਨਿਰਲੇਪ

ਗੁਰਬਾਣੀ ਅਨੁਸਾਰ ਸਚਿਆਰ ਮਨੁੱਖ ਉਹ ਹੈ ਜਿਸ ਨੇ ਮਾਇਆ ਨੂੰ ਜਿਤਿਆ ਹੋਵੇ। ਭਾਵ ਇਸ ਮਾਇਆ ਰੂਪੀ ਸੰਸਾਰ ਵਿਚ ਨਿਵਾਸ ਰੱਖਦਾ ਹੋਇਆ ਉਸ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਵਿਚਰਦਾ ਹੋਵੇ। ਗੁਰਬਾਣੀ ਅਨੁਸਾਰ ਗੁਰਮੁਖ, ਸਚਿਆਰ ਤੇ ਬ੍ਰਹਮ ਗਿਆਨੀ ਦੀ ਅਵਸਥਾ ਦੀ ਪ੍ਰਾਪਤੀ ਗੁਰੂ ਦੀ ਕਿਰਪਾ ਨਾਲ ਹੀ ਸੰਭਵ

ਮੰਨੀ ਗਈ ਹੈ। ਸਿੱਖ ਧਰਮ ਅਨੁਸਾਰ ਹਰ ਇਕ ਸਿੱਖ ਵਿਅਕਤੀਗਤ ਆਤਮਿਕ ਉੱਚਾਈ ਦੇ ਨਾਲ ਨਾਲ ਸਮਾਜ ਵਿਚਲੇ ਉਨ੍ਹਾਂ ਜੀਵਾਂ ਦੀ ਮਦਦ ਵੀ ਕਰੇ ਜਿਹੜੇ ਇਸ ਮਾਰਗ ਉੱਪਰ ਚਲਣਾ ਚਾਹੁੰਦੇ ਹਨ। ਇਸੇ ਲਈ ਗੁਰੂ ਜੀ ਨੇ ਸੰਗਤ ਸੰਸਥਾ ਦਾ ਗਠਨ ਕੀਤਾ ਸੀ ਤਾਂ ਕਿ ਹਰ ਇਕ ਮਨੁੱਖ ਇਸ ਵਿਚ ਸ਼ਾਮਿਲ ਹੋ ਕੇ ਆਪਣੇ ਜੀਵਨ ਦੇ ਅਸਲ ਮਨਰਥ ਤੱਕ ਪਹੁੰਚਣ ਦੇ ਮਾਰਗ ਦੀ ਸੋਝੀ ਹੋ ਸਕੇ। ਗੁਰਬਾਣੀ ਅਨੁਸਾਰ ਅਜਿਹੇ ਮਨੁੱਖ ਬਹੁਤ ਵਿਰਲੇ ਹੁੰਦੇ ਹਨ ਜਿਹੜੇ ਆਪਣੇ ਨਾਲ ਨਾਲ ਦੂਜਿਆਂ ਦੀ ਮੁਕਤੀ ਬਾਰੇ ਵੀ ਯਤਨਸ਼ੀਲ ਹੋਣ।

**ਐਸੇ ਜਨ ਵਿਰਲੇ ਸੰਸਾਰੇ॥ ਗੁਰ ਸਬਦੁ ਵੀਚਾਰਹਿ ਰਹਿਹ ਨਿਰਾਰੇ॥**
**ਆਪ ਤਰਹਿ ਸੰਗਤਿ ਕੁਲ ਤਾਰਹਿ ਤਿਨ ਸਫਲ ਜਨਮੁ ਜਗਿ ਆਇਆ॥**

### 1.4.6 ਪਰਾਏ ਹੱਕ ਦੇ ਲੋਭ ਤੋਂ ਮੁਕਤ

ਸਚਿਆਰ ਮਨੁੱਖ ਦਾ ਇਕ ਲੱਛਣ ਇਹ ਵੀ ਹੈ ਕਿ ਉਹ ਕਿਸੇ ਦੂਜੇ ਦਾ ਹੱਕ ਨਹੀਂ ਮਾਰਦਾ। ਗੁਰਬਾਣੀ ਤੋਂ ਸਾਮੀ ਤੇ ਆਰੀਆਈ ਧਰਮ-ਪਰੰਪਰਾਵਾਂ ਲਈ ਵੀ ਸੱਚ` ਮਾਰਗ ਲਈ ਕੀਤੀਆਂ ਹਦਾਇਤਾਂ ਪ੍ਰਾਪਤ ਹੁੰਦੀਆਂ ਹਨ। ਜੇਕਰ ਇਕ ਮੁਸਲਮਾਨ ਦੂਜੇ ਦਾ ਹੱਕ ਮਾਰ ਕੇ ਖੁਦ ਖਾ ਜਾਂਦਾ ਹੈ ਤਾਂ ਉਸ ਲਈ ਇਹ ਸੂਰ ਦੇ ਮਾਸ ਖਾਣ ਬਰਾਬਰ ਹੈ ਕਿਉਂਕਿ ਇਸਲਾਮ ਵਿਚ ਸੂਰ ਦਾ ਮਾਸ ਹਰਾਮ ਮੰਨਿਆ ਗਿਆ ਹੈ। ਇਸੇ ਤਰ੍ਹਾਂ ਹੀ ਜੇਕਰ ਕੋਈ ਹਿੰਦੂ ਦੂਜੇ ਦਾ ਹੱਕ ਮਾਰਦਾ ਹੈ ਤਾਂ ਉਸ ਲਈ ਇਹ ਗਾਂ ਦਾ ਮਾਸ ਖਾਣ ਬਰਾਬਰ ਹੈ ਕਿਉਂਕਿ ਗਾਂ ਨੂੰ ਹਿੰਦੂ ਧਰਮ ਵਿਚ ਪਵਿੱਤਰ ਮੰਨਿਆ ਜਾਂਦਾ ਹੈ।

**ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰ ਨ ਖਾਇ॥**

(ਸ੍ਰੀ ਗੁਰੂ ਗ੍ਰੰਥ ਸਾਹਿਬ, 141)

ਸਮਾਜਿਕ ਤੇ ਅਧਿਆਤਮਿਕ ਨੈਤਿਕਤਾ ਦੇ ਧਾਰਨੀ ਮਨੁੱਖ ਨੂੰ ਸਚਿਆਰ ਕਿਹਾ ਗਿਆ ਹੈ। ਦੋਹਾਂ ਜਹਾਨਾਂ ਦੀ ਪਛਾਣ ਕਰਨੀ ਤੇ ਆਪਣੇ ਜੀਵਨ ਦੇ ਮੂਲ ਮਨੋਰਥ ਦੀ ਪਰਾਪਤੀ ਲਈ ਜਿਹੜਾ ਮਾਰਗ ਚੁਣਿਆ ਜਾਣਾ ਹੈ, ਉਸ ਨੂੰ ਸਚਿਆਰ ਕਿਹਾ ਗਿਆ ਹੈ। ਗੁਰਬਾਣੀ ਵਿਚ ਮਾਨਸ ਜਨਮ ਦੀ ਵਡਿਆਈ ਇਸ ਲਈ ਕੀਤੀ ਗਈ ਹੈ ਕਿਉਂਕਿ ਇਸ ਜਨਮ ਵਿਚ ਰਹਿ ਕੇ ਹੀ ਪਰਮਾਤਮਾ ਦੀ ਭਗਤੀ ਕੀਤੀ ਜਾ ਸਕਦੀ ਹੈ। ਇਸ ਤਰ੍ਹਾਂ ਗੁਰਬਾਣੀ ਅਨੁਸਾਰ ਸੱਚਾਈ ਨੂੰ ਧਾਰਨ ਕਰਨ ਵਾਲਾ ਸਚਿਆਰ ਇਕ ਉਪਾਧੀ, ਇਕ ਮਾਰਗ ਅਤੇ ਮਨੁੱਖ ਲਈ ਇਕ ਆਦਰਸ਼ਕ ਸੰਕਲਪ ਦੇ ਤੌਰ ਤੇ ਸਾਹਮਣੇ ਆਉਂਦਾ ਹੈ।

## 1.5 ਸਾਰ

- ਸੱਚਾਈ ਮਨੁੱਖੀ ਜੀਵਨ ਦਾ ਮੂਲ ਧੁਰਾ ਹੈ।
- ਸੱਚਾਈ ਨੂੰ ਆਪਣੇ ਸੰਪੂਰਨ ਜੀਵਨ ਵਿਚ ਧਾਰਨ ਕਰਨ ਵਾਲਾ ਮਨੁੱਖ ਗੁਰਬਾਣੀ ਅਨੁਸਾਰ ਸਚਿਆਰ ਵਿਅਕਤੀ ਹੈ।
- ਸਚਿਆਰ ਪਦ ਦੀ ਪ੍ਰਾਪਤੀ ਆਦਰਸ਼ਕ ਜੀਵਨ ਦੀ ਉਚਤਮ ਪ੍ਰਾਪਤੀ ਹੈ।
- ਸਚਿਆਰ ਮਨੁੱਖ ਹੋਣ ਲਈ ਵਿਕਾਰਾਂ ਨੂੰ ਨਿਯੰਤਰਿਤ ਕਰਕੇ ਨਾਮ-ਸਿਮਰਨ ਰਾਹੀਂ ਜੀਵਨ ਨੂੰ ਸੇਵਾਮਈ ਬਣਾਉਣਾ ਪੈਂਦਾ ਹੈ।
- ਸਿੱਖੀ 'ਚ ਸਥਾਪਤ ਸਚਿਆਰ ਪਦ ਵਿਸ਼ਵ ਦੀਆਂ ਕਦਰਾਂ-ਕੀਮਤਾਂ ਅਤੇ ਨੈਤਿਕ ਤਾ ਲਈ ਇਕ ਆਦਰਸ਼ਕ ਨਮੂਨੇ ਵਜੋਂ ਹੈ, ਜੋ ਕਿ ਸਿਧਾਂਤ ਦੀ ਵਿਹਾਰਕਤਾ ਦਾ ਸਪਸ਼ਟ ਪ੍ਰਮਾਣ ਹੈ।

## 1.6 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ


- Avtar Singh (1991). *Ethics of The Sikh,* Patiala: Punjabi University.
- Wazir Singh (1977). *Humanism of Guru Nanak: A Philosophical Inquiry*, Delhi: Ess Ess Publications.

- Nripinder Singh (1990). *The Sikh Moral Tradition.* New Delhi: Ramesh Jain Manohar.
- *The International Encyclopedia of Bioethics* (online) https://onlinelibrary.wiley.com/doi/book/10.1002/9781444367072


## 1.7 **ਅਭਿਆਸ ਲਈ ਪ੍ਰਸ਼ਨ**

ਪ੍ਰਸ਼ਨ 1. ਸੱਚਾਈ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਸੱਚਾਈ ਦਾ ਧਰਮ ਨਾਲ ਕੀ ਸੰਬੰਧ ਹੈ?

ਪ੍ਰਸ਼ਨ 3. ਸਿੱਖੀ ਅਨੁਸਾਰ ਸੱਚਾਈ ਦਾ ਧਾਰਨੀ ਕੌਣ ਹੈ?

ਪ੍ਰਸ਼ਨ 4. ਮਨੁੱਖ ਸਚਿਆਰ ਪਦ ਕਿਵੇਂ ਪ੍ਰਾਪਤ ਕਰ ਸਕਦਾ ਹੈ?

## PROGRAMME: CERTIFICATE COURSE ON VALUE AND LEARNING OF SIKHISM

### COURSE: ETHICAL VALUES

### SEMESTER-I

### UNIT II - PEACE

**STRUCTURE**


2.0 ਉਦੇਸ਼

2.1 ਜਾਣ-ਪਛਾਣ

2.2 ਸ਼ਾਂਤੀ ਦਾ ਸੰਕਲਪ ਅਤੇ ਖੇਤਰ

2.2.1 ਸੰਕਲਪ

2.2.2 ਖੇਤਰ

2.3 ਸ਼ਾਂਤੀ ਅਤੇ ਸਮਾਜ

2.4 ਧਰਮ ਅਤੇ ਸ਼ਾਂਤੀ

2.5 ਸ਼ਾਂਤੀ ਅਤੇ ਸਿੱਖ-ਸਿਧਾਂਤ

2.6 ਸ਼ਾਂਤੀ ਅਤੇ ਸਿੱਖ-ਵਿਵਹਾਰਕਤਾ

2.6.1 ਸਾਂਝੀਵਾਲਤਾ

2.6.2 ਸੇਵਾ

2.6.3 ਆਚਰਣ ਦੀ ਉਚਿਆਈ

2.6.4 ਮਨ ਦਾ ਜ਼ਬਤ

2.6.5 ਸ਼ਾਂਤੀ ਦੇ ਪੁੰਜ

2.7 ਸ਼ਾਰ

2.8 ਵਿਸਤਾਰ ਵਿਚ ਪੜ੍ਹਣ ਲਈ ਪੁਸਤਕਾਂ

2.9 ਅਭਿਆਸ ਲਈ ਪ੍ਰਸ਼ਨ

## 2.0 ਉਦੇਸ਼

- ਸ਼ਾਂਤੀ ਦੇ ਸੰਕਲਪ ਅਤੇ ਮਹੱਤਤਾ ਨੂੰ ਸਮਝਣਾ।
- ਸ਼ਾਂਤੀ ਅਤੇ ਧਰਮ ਦੇ ਆਪਸੀ ਸੰਬੰਧਾਂ ਨੂੰ ਜਾਣਨਾ।
- ਗੁਰਮਤਿ ਵਿਚ ਸ਼ਾਂਤੀ ਸੰਬੰਧੀ ਸਿਧਾਂਤ ਅਤੇ ਵਿਵਹਾਰ ਨੂੰ ਜਾਣਨਾ।

## 2.1ਜਾਣ-ਪਛਾਣ

ਵਿਸ਼ਵੀਕਰਨ, ਤਕਨਾਲੋਜੀ ਅਤੇ ਵਿਗਿਆਨ ਦੇ ਵਰਤਮਾਨ ਮਾਹੌਲ ਵਿਚ ਸ਼ਾਂਤੀ ਮਨੁੱਖੀ ਜੀਵਨ ਦੇ ਇਕ ਅਹਿਮ ਵਰਤਾਰੇ ਵਜੋਂ ਸਥਾਪਤ ਹੋ ਗਈ ਹੈ। ਦੋ ਵਿਸ਼ਵ-ਯੁੱਧਾਂ ਦੀਆਂ ਘਟਨਾਵਾਂ ਤੋਂ ਬਾਅਦ ਅਤੇ ਕਈ ਨਰਸੰਹਾਰਾਂ ਕਰਕੇ ਵਿਸ਼ਵ ਦੇ ਚਿੰਤਕਾਂ ਅਤੇ ਸੂਝਵਾਨ ਲੋਕਾਂ ਨੂੰ ਇਹ ਸੋਚਨ ਲਈ ਮਜ਼ਬੂਰ ਹੋਣਾ ਪਿਆ ਕਿ ਮਨੁੱਖਤਾ ਦੇ ਸਹਿਜ ਵਿਕਾਸ ਲਈ ਸ਼ਾਂਤੀ ਦਾ ਬਹੁਤ ਅਹਿਮ ਮਹਤਵ ਹੈ। ਇਸ ਲਈ ਜ਼ਰੂਰੀ ਹੈ ਕਿ ਵਿਸ਼ਵ ਵਿਚ ਵਿਅਕਤੀਗਤ ਪੱਧਰ ਤੋਂ ਲੈ ਕੇ ਦੇਸ਼ਾਂ ਤਕ ਸ਼ਾਂਤੀ ਨੂੰ ਮਨੁੱਖੀ ਕਦਰਾਂ-ਕੀਮਤਾਂ ਵਿਚ ਅਹਿਮ ਮੰਨਦੇ ਹੋਏ ਇਸਦੀ ਸਥਾਪਤੀ ਅਤੇ ਬਰਕਰਾਰੀ ਲਈ ਅੀਹਮ ਯੋਗਦਾਨ ਪਾਉਣ। ਵਿਗਿਆਨ ਅਤੇ ਤਕਨਾਲੋਜੀ ਦੇ ਵਿਕਾਸ ਰਾਹੀਂ ਵਿਸ਼ਵ-ਸਭਿਅਤਾ ਵਿਚ ਵੱਡੀਆਂ ਤਬਦੀਲੀਆਂ ਆਈਆਂ ਹਨ ਅਤੇ ਇਹਨਾਂ ਤਾਕਤਾਂ ਰਾਹੀਂ ਵਿਸ਼ਵ ਨੂੰ ਸ਼ਾਂਤੀ ਦੇਣ ਦੇ ਵਾਅਦੇ ਪੂਰੇ ਨਹੀਂ ਹੋਏ। ਵਿਗਿਆਨੀਆਂ ਦੁਆਰਾ ਵਿਸ਼ਵ ਭਰ ਵਿਚ ਸਖ਼ਤ ਮਿਹਨਤ ਤੋਂ ਬਾਅਦ ਮਨੁੱਖੀ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਤਕਨਾਲੋਜੀਆਂ ਰਾਹੀਆਂ ਉਪਕਰਣਾ ਅਤੇ ਸੰਦਾਂ ਦਾ ਨਿਰਮਾਣ ਕੀਤਾ ਗਿਆ ਪਰ ਜਿਆਦਾਤਰ ਵਿਗਿਆਨ ਦੀਆਂ ਖੋਜਾਂ ਨੂੰ ਮਨੁੱਖਤਾ ਦੇ ਉਲਟ ਉਹਨਾਂ ਨੂੰ ਨਿਯੰਤਰਿਤ ਕਰਨ ਲਈ ਹੀ ਵਰਤ ਲਿਆ ਗਿਆ, ਜਿਸਦੇ ਮਨੁੱਖਤਾ ਲਈ ਘਾਤਕ ਨਤੀਜੇ ਸਾਹਮਣੇ ਆਏ। ਵਿਸ਼ਵ-ਯੁੱਧ ਦੇ ਨਤੀਜਿਆਂ ਤੋਂ ਦੁਨੀਆਂ ਦੇ ਵਖ-ਵਖ ਦੇਸ਼ਾਂ ਵਿਚ ਹਥਿਆਰਾਂ ਨੂੰ ਵਿਕਸਤ ਕਰਨ ਦੀ ਹੋੜ ਅਤੇ ਤੇਜ਼ੀ ਨੇ ਜਿਸ ਤਰ੍ਹਾਂ ਦੀ ਅਸ਼ਾਂਤੀ ਪੈਦਾ ਕੀਤੀ ਹੈ, ਉਸ ਨਾਲ ਮਨੁੱਖਤਾ ਨੂੰ ਸ਼ਾਂਤੀ ਬਾਰੇ ਮੁੜ ਤੋਂ ਸੋਚਣ ਲਈ ਮਜ਼ਬੂਰ ਕਰ ਦਿੱਤਾ ਹੈ।

## 2.2 ਸ਼ਾਂਤੀ ਦਾ ਸੰਕਲਪ ਅਤੇ ਖੇਤਰ

### 2.2.1 ਸੰਕਲਪ

ਸ਼ਾਂਤੀ ਦਾ ਸੰਕਲਪ ਬਹੁਤ ਵਿਸਤਰਤ ਹੈ। ਜੀਵ ਦੇ ਮਨ ਦੀ ਨਾਜ਼ੁਕ ਹਰਕਤ ਦੇ ਅਸਾਵੇਂਪਣ ਤੋਂ ਲੈ ਕੇ ਵਿਸ਼ਵ-ਯੁਧਾਂ ਦੌਰਾਨ ਮਨੁੱਖੀ ਕਤਲੇਆਮ ਤੱਕ ਇਸਦਾ ਪ੍ਰਭਾਵ ਹੈ। ਸ਼ਾਂਤੀ ਮਨੁੱਖ ਦੇ ਮਨ, ਬੁਧਿ, ਦੇਹ ਅਤੇ ਸੁਰਤਿ ਤਕ ਦੇ ਮੰਡਲਾਂ ਨੂੰ ਪ੍ਰਭਾਵਤ ਕਰਨ ਦੇ ਸਮਰਥ ਹੈ, ਜਿਸਦੇ ਤਵਾਜ਼ਨ ਹਿਲ ਜਾਣ ਕਰਕੇ ਸਮੁੱਚਾ ਸੰਸਾਰ ਹੀ ਵਿਅਰਥ ਅਨੁਭਵ ਹੋਣਾ ਸ਼ੁਰੂ ਹੋ ਜਾਂਦਾ ਹੈ। ਆਧੁਨਿਕ ਸਮੇਂ ਦੌਰਾਨ ਵਿਗਿਆਨਕ ਅਤੇ ਤਕਨਾਲੋਜੀ ਦੀ ਤਰੱਕੀ ਦੌਰਾਨ ਮਨੁੱਖੀ ਮਨ ਦੀਆਂ ਇਛਾਵਾਂ ਦੀ ਵਧਦੀ ਤੀਬਰਤਾ ਅਤੇ ਹਰ ਤਰ੍ਹਾਂ ਦੀ ਸੱਤਾ ਨੂੰ ਹਥਿਆਉਣ ਦੀਆਂ ਕੋਸ਼ਿਸ਼ ਨੇ ਮਨੁੱਖਤਾ ਦੇ ਸਹਿਜ-ਜੀਵਨ ਨੂੰ ਵਿਚਲਤ ਕਰ ਦਿੱਤਾ ਹੈ। ਸੰਕਲਪਕ ਤੌਰ ‘ਤੇ ਸ਼ਾਂਤੀ ਮਨੁੱਖ ਦੀਆਂ ਬੁਨਿਆਦੀ ਲੋੜਾਂ ਵਿਚ ਇਕ ਸਥਾਪਤ ਹੋ ਚੁੱਕੀ ਹੈ, ਜਿਸਨੂੰ ਵਿਸ਼ਵ ਭਰ ਵਿੱਚ ਮਨੁੱਖਤਾ ਦੀ ਭਲਾਈ ਲਈ ਕੇਂਦਰ ਬਿੰਦੂ ਮੰਨ ਲਿਆ ਗਿਆ ਹੈ।

### 2.2.2 ਖੇਤਰ

ਦਾਰਸ਼ਨਿਕਾਂ ਦਾ ਇਹ ਪ੍ਰਸ਼ਨ ਕਿ ਮਨੁੱਖੀ ਜੀਵਨ ਦੇ ਸਰਵੋਤਮ ਉਦੇਸ਼ਾਂ ਜਾਂ ਪਰਮ ਉਦੇਸ਼ਾਂ ਸ਼ਾਂਤੀ ਕਿੰਨੀ ਮਹੱਤਵਪੂਰਣ ਹੈ ਜਾਂ ਅਹਿਮ ਹੈ, ਨੇ ਇਹ ਸਥਾਪਤ ਕਰ ਦਿਤਾ ਕਿ ਮਨੁੱਖ ਦੀਆਂ ਬੁਨਿਆਦੀ ਲੋੜਾਂ

ਵਿੱਚ ਉਸਦੇ ਵਿਆਕਤੀਗਤ ਅਤੇ ਉਸਦੇ ਆਲੇ-ਦੁਆਲੇ ਦੇ ਸਮਾਜ ਦਾ ਸ਼ਾਂਤੀਪੂਰਕ ਰਹਿਣਾ ਅਤਿ-ਜ਼ਰੂਰੀ ਹੈ ਨਹੀਂ ਤਾਂ ਸਮਾਜ ਵਿਚ ਅਸਥਿਰਤਾ ਆ ਜਾਵੇਗੀ। ਅਜਿਹਾ ਹੋਣ ਨਾਲ ਨਤੀਜੇ ਘਾਤਕ ਹੋਣਗੇ, ਜਿਹੇ ਕਿ ਦੁਨੀਆਂ ਨੇ ਵਿਸ਼ਵ-ਯੁੱਧਾਂ ਰਾਹੀਂ ਦੇਖ ਲਿਆ ਹੈ। ਸ਼ਾਂਤੀ ਸੰਬੰਧੀ ਧਾਰਨਾਵਾਂ ਗਿਆਨ ਦੇ ਵਿਭਿੰਨ ਅਨੁਸ਼ਾਸ਼ਨਾਂ ਅਤੇ ਧਰਮਾਂ ਦੇ ਰਹਿਬਰਾਂ ਨੇ ਪ੍ਰਦਾਨ ਕੀਤੀਆਂ ਹਨ, ਜਿਸ ਕਰਕੇ ਸ਼ਾਂਤੀ ਇਕ ਸੰਕਲਪ ਵਜੋਂ ਵਿਸ਼ਵ ਧਰਮਾਂ ਵਿਚ ਗਿਆਨ ਦੇ ਪ੍ਰਵਚਨ ਰਾਹੀਂ ਉਭਰ ਕੇ ਸਾਹਮਣੇ ਆ ਰਿਹਾ ਹੈ। ਇਸ ਤਹਿਤ ਵਿਸ਼ਵ ਸ਼ਾਂਤੀ ਜਿਹੇ ਵਿਸ਼ਿਆਂ ਨੂੰ ਹਰ ਇਕ ਧਰਮ ਆਪਣੇ ਪਵਿਤਰ ਅਤੇ ਗਿਆਨਮਈ ਗ੍ਰੰਥਾਂ ਦੀ ਰਹਿਨੁਮਾਈ ਅਧੀਨ ਰੱਖ ਕੇ ਵਿਚਾਰ ਰਿਹਾ ਹੈ। ਇਸ ਪ੍ਰਕਾਰ ਸ਼ਾਂਤੀ ਸਿਰਫ਼ ਪ੍ਰਚਾਰ ਤਕ ਸੀਮਤ ਵਰਤਾਰਾ ਨਹੀਂ ਬਲਕਿ ਵਿਸ਼ਵ ਦੀਆਂ ਵਿਭਿੰਨ ਪਰੰਪਰਾਵਾਂ ਦੇ ਅਧਿਆਮਕ ਅਤੇ ਗਿਆਨਮਈ ਅਨੁਭਵਾਂ ਰਾਹੀਂ ਜਿਥੇ ਸ਼ਾਂਤੀ ਦੇ ਵੱਖ-ਵੱਖ ਸੰਦਰਭਾਂ ਨੂੰ ਦੇਖਿਆ, ਸਮਝਿਆ ਜਾ ਰਿਹਾ ਹੈ, ਉਥੇ ਵਿਸ਼ਵ ਵਿਚ ਸ਼ਾਂਤੀ ਦੀ ਸਥਾਪਨਾ ਲਈ ਅਨੇਕ ਸਮਾਜ-ਸੇਵੀ ਅਤੇ ਧਾਰਮਿਕ ਸੰਸਥਾਵਾਂ ਵਲੋਂ ਅਨੇਕ ਉੱਪਰਾਲੇ ਵੀ ਕੀਤੇ ਜਾ ਰਹੇ ਹਨ। ਇਸ ਵਰਤਾਰੇ ਕਰਕੇ ਸ਼ਾਂਤੀ ਨੂੰ ਸਮਝਣ-ਸਮਝਾਉਣ ਅਤੇ ਇਸਦੀ ਸਥਾਪਨਾ ਲਈ ਇਸਦਾ ਖੇਤਰ ਵਿਦਿਅਕ, ਸਮਾਜਕ, ਅਧਿਆਤਮਕ ਅਤੇ ਰਾਜਨੀਤਿਕ ਖੇਤਰਾਂ ਤੱਕ ਫੈਲਿਆ ਹੋਇਆ ਹੈ।

## 2.3. ਸ਼ਾਂਤੀ ਅਤੇ ਸਮਾਜ

ਮੌਜੂਦਾ ਸਮੇਂ ਸੰਸਾਰਕ ਧਨਵਾਨ ਲੋਕ ਕੁਦਰਤੀ ਸਾਧਨਾ ਉੱਪਰ ਕਬਜਾ ਕਰਕੇ ਮਨ ਦੀ ਸ਼ਾਂਤੀ ਦੀ ਕਾਮਨਾ ਰਖਦੇ ਹਨ। ਇਸ ਸ਼ਾਂਤੀ ਦੀ ਪ੍ਰਾਪਤੀ ਹਿਤ ਬਹੁਤੀ ਵਾਰੀ ਯੁਧ ਵੀ ਲੜੇ ਜਾਂਦੇ ਹਨ। ਬਾਹਰੀ ਸੁੱਖਾਂ ਦੀ ਪ੍ਰਾਪਤੀ ਨੂੰ ਆਧੁਨਿਕ ਮਨੁੱਖ ਨੇ ਮਨ ਦੀ ਸ਼ਾਂਤੀ ਮੰਨਿਆ ਹੈ ਅਤੇ ਇਸਦੀ ਪ੍ਰਾਪਤੀ ਲਈ ਸਰਮਾਏ ਜਾਂ ਧਨ ਨੂੰ ਆਧਾਰ ਮੰਨਿਆ ਹੈ। ਚੇਤਨਾ ਦੀ ਇਸ ਤਰ੍ਹਾਂ ਦੀ ਸਮਝ ਵਿਚ ਧਨ ਲੋੜ ਤੋਂ ਵਧੇਰੇ ਇਕ ਇਸ ਤਰ੍ਹਾਂ ਦਾ ਉਪਕਰਣ ਬਣ ਜਾਂਦਾ ਹੈ, ਜਿਸਨੂੰ ਹਥਿਆਰ ਜਾਂ ਸੰਦ ਦੇ ਤੌਰ 'ਤੇ ਵਰਤ ਕੇ ਦੂਸਰੇ ਲੋਕਾਂ 'ਤੇ ਇਕ ਤਰ੍ਹਾਂ ਦੀ ਹਿੰਸਾ ਕੀਤੀ ਜਾਂਦੀ ਹੈ। ਹਿੰਸਾ ਇਕ ਅਜਿਹਾ ਸਰੂਪ ਹੈ, ਜਿਸ ਦਾ ਅਧਿਐਨ ਬਹੁਤ ਹੀ ਹੇਠਲੇ ਪੱਧਰ ਤੋਂ ਸ਼ੁਰੂ ਕੀਤਾ ਜਾ ਸਕਦਾ ਹੈ। ਇਕ ਪਰਿਵਾਰ, ਜਿਸ ਵਿਚ ਇਕ ਰਿਸ਼ਤਾ ਦੂਜੇ ਰਿਸ਼ਤੇ ਲਈ ਹਿੰਸਾ ਦਾ ਕਾਰਨ ਬਣ ਜਾਂਦਾ ਹੈ। ਹਿੰਸਾ, ਵਿਅਕਤੀਗਤ ਤੋਂ ਸ਼ੁਰੂ ਹੋ ਕੇ ਸਮੂਹਾਂ, ਵਰਗਾਂ ਆਦਿ ਤਕ ਦੇਖੀ ਜਾ ਸਕਦੀ ਹੈ। ਹਿੰਸਾ, ਇਕ ਹੀ ਦੇਸ਼ ਵਿਚ ਰਹਿਣ ਵਾਲੇ ਵਖ-ਵਖ ਜਾਤਾਂ, ਵਰਗਾਂ, ਸਮੂਹਾਂ, ਨਸਲਾਂ ਦੇ ਲੋਕਾਂ ਵਿਚ ਵੀ ਹੁੰਦੀ ਹੈ। ਇਕ ਪ੍ਰਾਂਤ ਦੀ ਦੂਜੇ ਨਾਲ, ਭਾਸ਼ਾਈ ਅਤੇ ਸਰਹਦਾਂ ਦੀ ਲੜਾਈ ਵੀ ਇਕ ਅਹਿਮ ਮੁਦਾ ਬਣੀ ਹੋਈ ਹੈ। ਇਕ ਦੇਸ਼ ਦੂਜੇ ਦੇਸ਼ ਦੀ ਕਿਸੇ ਨ ਕਿਸੇ ਰੂਪ ਵਿਚ ਸ਼ਾਂਤੀ ਭੰਗ ਕਰਦਾ ਹੈ, ਜਿਸ ਵਿਚ ਧਰਮਾਂ ਦੇ ਨਾਮ 'ਤੇ ਆਪਸੀ ਲੜਾਈ ਵੀ ਸ਼ਾਮਿਲ ਹੈ। ਵਰਤਮਾਨ ਸੰਸਾਰ ਅਸ਼ਾਂਤੀ ਕਰਕੇ ਵਿਚਲਤ ਹੋ ਚੁਕਾ ਹੈ। ਮਨੁੱਖ ਨੇ ਆਪਣੇ ਜੀਵਨ ਨੂੰ ਸੁਖੀ ਤੇ ਸ਼ਾਂਤੀ ਪ੍ਰਦਾਨ ਕਰਨ ਲਈ ਅਜਿਹਾ ਵਾਤਾਵਰਣ ਤਿਆਰ ਕਰ ਲਿਆ ਹੈ, ਜਿਸ ਵਿਚ ਉਸਦੇ ਮਨ ਦਾ ਸਕੂਨ ਖਤਮ ਹੋ ਰਿਹਾ ਹੈ। ਮਨੁੱਖ ਨੂੰ ਆਪਣੀ ਲਾਲਸਾ ਹੀ ਨਹੀਂ ਬਲਕਿ ਜਰੂਰੀ ਵਸਤਾਂ ਦੀ ਪੂਰਤੀ ਲਈ ਵੀ ਜੂਝਣਾ ਪੈ ਰਿਹਾ ਹੈ। ਇਹ ਸੰਘਰਸ਼ ਹੀ ਉਸਨੂੰ ਮਾਨਸਿਕ ਤੌਰ ਤੇ ਅਸ਼ਾਂਤ ਕਰ ਰਿਹਾ ਹੈ। ਮਨੁੱਖ ਨੂੰ ਆਰਥਿਕ ਵਿਕਾਸ ਦੇ ਨਾਮ ਹੇਠ ਮਾਨਸਿੱਖ ਗੁਲਾਮ ਬਣਾਉਣ ਦੀ ਪ੍ਰਵਿਰਤੀ ਭਾਰੂ ਹੋ ਰਹੀ ਹੈ, ਜਿਸ ਵਿਚ ਉਸ ਦੇ ਮਨ ਦੀ ਮਰਜ਼ੀ ਸ਼ਾਮਿਲ ਨਾ ਹੋ ਕੇ ਮੰਡੀ ਦੇ ਮੁਤਾਬਿਕ ਜੀਵਨ ਵਿਧੀ ਅਪਣਾਉਣ ਨੂੰ ਸ਼ਿਸ਼ਟਾਚਾਰ ਗਰਦਾਨਿਆ ਜਾ ਰਿਹਾ ਹੈ। ਮਨੁੱਖ ਦੀ ਇਸ ਅਸ਼ਾਂਤੀ ਦਾ ਇਕ ਮੁੱਖ ਕਾਰਣ ਆਰਥਿਕ ਦੁਆਰਾ ਸਥਾਪਤ ਕੀਤੀ ਜਾ ਰਹੀਆਂ ਜੀਵਨ-ਵਿਧੀਆਂ ਅਤੇ ਸ਼ੈਲੀ ਹੈ।

ਸਮਾਜਿਕ ਅਸ਼ਾਂਤੀ ਦਾ ਇਕ ਵੱਡਾ ਕਾਰਨ ਆਰਥਿਕਤਾ ਨੂੰ ਵੀ ਮੰਨਿਆ ਜਾਂਦਾ ਹੈ। ਇਕ ਦੇਸ਼ ਦੂਜੇ ਦੇਸ਼ਾਂ ਉੱਪਰ ਉਸਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਲਈ ਹਮਲੇ ਕਰਦਾ ਹੈ। ਆਪਣੀ ਆਰਥਿਕ ਮਜ਼ਬੂਤੀ ਤੇ ਆਪਣੀ ਪ੍ਰਭੂਸਤਾ ਕਾਇਮ ਕਰਨ ਲਈ ਬਹੁਤੀ ਵਾਰੀ ਵਿਕਸਿਤ ਦੇਸ਼ ਗਰੀਬ ਦੇਸ਼ਾਂ ਦੀ

ਆਰਥਿਕ ਮਦਦ ਕਰਜ਼ੇ ਦੇ ਰੂਪ ਵਿਚ ਕਰਦੇ ਹਨ, ਜਿਸ ਨਾਲ ਉਨ੍ਹਾਂ (ਵਿਕਸਿਤ ਦੇਸ਼ਾਂ) ਦਾ ਗ਼ਰੀਬ ਦੇਸ਼ਾਂ ਉੱਪਰ 'ਰਾਜਨੀਤਕ ਸੰਧੀਆਂ' ਰਾਹੀਂ ਨਿਯਮਤ ਰੂਪ ਵਿਚ ਦਬਦਬਾ ਬਣ ਜਾਂਦਾ ਹੈ। ਇਕ ਦੇਸ਼ ਦੇ ਵਾਸੀਆਂ ਵਿਚ ਵੀ ਆਰਥਿਕਤਾ ਨੂੰ ਲੈ ਕੇ ਅਸ਼ਾਂਤੀ ਪੈਦਾ ਹੁੰਦੀ ਰਹਿੰਦੀ ਹੈ। ਉੱਪਰ ਵਰਗ ਦੁਆਰਾ ਨਿਆਂ, ਕਾਨੂੰਨ, ਸੁਰਖਿਆ ਆਦਿ ਸਭ ਉਪਕਰਣਾਂ ਨੂੰ ਆਪਣੇ ਹਕ ਵਿਚ ਭੁਗਤਾ ਲੈਣਾ ਜਾਂ ਨਿਜੀ ਤੌਰ 'ਤੇ ਵਰਤੋਂ ਕਰਨੀ ਅਸ਼ਾਂਤੀ ਦਾ ਇਕ ਵੱਡਾ ਕਾਰਣ ਹੈ। ਆਰਥਿਕ ਨਾ-ਬਰਾਬਰੀ ਇਕ ਅਜਿਹਾ ਮਸਲਾ ਹੈ, ਜਿਸ ਕਰਕੇ ਵਿਸ਼ਵ ਭਰ ਵਿਚ ਆਪਣੇ ਪੱਧਰ 'ਤੇ ਕੀ ਲਹਿਰਾਂ ਚਲੀਆਂ ਤਾਂਕਿ ਮਾਨਵੀ ਸ਼ਾਂਤੀ ਦੀ ਪਰਾਪਤੀ ਹੋ ਸਕੇ ਪਰ ਸੰਤੁਲਿਤ ਵਿਚਾਰਾਧਾਰਾ ਦੀ ਅਣਹੋਂਦ ਕਰਕੇ ਅਜਿਹਾ ਨਹੀਂ ਹੋ ਸਕਿਆ।

## 2.4. <u>ਧਰਮ ਅਤੇ ਸ਼ਾਂਤੀ</u>

ਧਰਮ ਦੇ ਮੂਲ਼ ਉਦੇਸ਼ਾਂ ਵਿਚ ਇਕ ਅਹਿਮ ਉਦੇਸ਼ ਮਨ ਦੀ ਸਾਧਨਾ ਹੈ। ਮਨ ਨੂੰ ਇਕਾਗਰ ਅਤੇ ਇਕਚਿਤ ਕਰਨ ਲਈ ਵਿਭਿੰਨ ਤਰ੍ਹਾਂ ਦੀਆਂ ਤਪ-ਸਾਧਨਾਵਾਂ ਕੀਤੀਆਂ ਜਾਂਦੀਆਂ ਹਨ ਤਾਂਕਿ ਅਧਿਆਤਮਕ ਅਨੁਭਵ ਦੀ ਪ੍ਰਾਪਤੀ ਹੋ ਸਕੇ। ਮਨ ਦੀ ਭਟਕਣ ਭਾਵ ਅਸ਼ਾਂਤੀ ਦੀ ਨਿਵਰਤੀ ਤੋਂ ਬਿਨਾਂ ਅਧਿਆਤਮਕ ਅਭਿਆਸ ਸੰਭਵ ਨਹੀਂ ਹੈ। ਧਰਮ ਦੇ ਅਨੁਭਵ ਵਿਚ ਅੰਦਰੂਨੀ ਉਚਾਈ ਵਲ ਵਧਣਾ ਇਕ ਅਹਿਮ ਦਰਜਾ ਅਤੇ ਅਹਿਮੀਅਤ ਰੱਖਦਾ ਹੈ। ਇਸ ਲਈ ਜ਼ਰੂਰੀ ਹੈ ਕਿ ਬਾਹਰੀ ਸ਼ਾਂਤੀ ਦੇ ਨਾਲ-ਨਾਲ ਅੰਤਰੀਵ ਸ਼ਾਂਤੀ ਵੀ ਹੋਵੇ ਅਤੇ ਇਸਦੀ ਪ੍ਰਾਪਤੀ ਲਈ ਧਰਮ ਦੇ ਵੱਖ-ਵੱਖ ਅਨੁਭਵਾਂ ਰਾਹੀਂ ਸਾਧ-ਲੋਕ ਵਿਭਿੰਨ ਸਾਧਨਾਵਾਂ ਅਤੇ ਬੰਦਗੀਆਂ ਕਰਦੇ ਹਨ। ਮਨ 'ਚ ਕਿਸੇ ਵੀ ਕਿਸਮ ਦੀ ਭਟਕਣ ਅਸ਼ਾਂਤੀ ਪੈਦਾ ਕਰ ਸਕਦੀ ਹੈ, ਜਿਸ ਤਹਿਤ ਮਨੁੱਖ ਦੁਆਰਾ ਕੀਤੀ ਜਾਂਦੀ ਬੰਦਗੀ ਵਿਚ ਇਕਾਗਰਤਾ ਪੈਦਾ ਨਹੀਂ ਹੁੰਦੀ। ਬਹੁਤੀ ਵਾਰੀ ਬਾਹਰੀ ਅਸ਼ਾਂਤੀ ਵੀ ਮਨ ਦੀ ਸ਼ਾਂਤੀ ਨੂੰ ਭੰਗ ਕਰ ਦਿੰਦੀ ਹੈ। ਇਸ ਲਈ ਬਾਹਰੀ ਸ਼ਾਂਤੀ ਦੀ ਪ੍ਰਾਪਤੀ ਲਈ ਜੋਗੀ, ਸਿੱਧ ਤੇ ਕਈ ਸੂਫ਼ੀ ਫਕੀਰ ਗ਼ੁਫ਼ਾਵਾਂ, ਕੰਦਰਾਂ, ਪਹਾੜਾਂ ਵਿਚ ਲੋਕਾਈ ਤੋਂ ਦੂਰ ਜਾ ਕੇ ਬੰਦਗੀ ਕਰਦੇ ਹਨ। ਧਰਮਾਂ ਦੇ ਅਧਿਐਨ ਅਤੇ ਪ੍ਰਗਟਾਵੇ ਵਿਚ ਇਕ ਮੁੱਖ ਸਮਸਿਆ ਧਰਮਾਂ ਦੀ ਅੰਦਰੂਨੀ ਅਤੇ ਬਾਹਰੀ ਵਿਆਖਿਆ ਹੈ, ਜਿਸ ਵਿਚ ਇਕ ਧਰਮ ਦੀ ਦੂਜੇ ਧਰਮ ਪ੍ਰਤੀ ਪਹੁੰਚ ਵਿਧੀ ਵੀ ਕਈ ਵਾਰੀ ਵਿਸ਼ਵ ਸ਼ਾਂਤੀ ਲਈ ਖਤਰਾ ਬਣ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਯੇਰੂਸ਼ਿਲਮ ਨੂੰ ਲੈ ਕੇ ਯਹੂਦੀ, ਈਸਾਈ ਤੇ ਇਸਲਾਮ ਦਾ ਝਗੜਾ ਸ਼ਾਂਤੀ ਦੀ ਸਮਝ ਵਿਚ ਇਕ ਅਹਿਮ ਦਰਜਾ ਰਖਦਾ ਹੈ।

ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਜਰਮਨੀ ਦੇ ਨਾਜ਼ੀਆਂ ਦੁਆਰਾ ਯਹੂਦੀਆਂ ਦੇ ਕਤਲੇਆਮ, ਵਖ-ਵਖ ਸਥਾਨਾਂ 'ਤੇ ਧਰਮ ਨੂੰ ਲੈ ਕੇ ਫਿਰਕੂ-ਫਸਾਦਾਂ ਦੌਰਾਨ ਅਤੇ ਇਕ ਧਰਮ ਦੇ ਲੋਕਾਂ ਨਿਸ਼ਚਤ ਕਰਕੇ ਕੀਤੇ ਗਏ ਅਤੇ ਜਾ ਰਹੇ ਕਤਲੇਆਮ ਨੂੰ ਧਿਆਨ ਵਿਚ ਰਖਦਿਆਂ ਵਿਸ਼ਵ ਦੇ ਸੂਝਵਾਨ ਲੋਕਾਂ ਲਈ ਸਮਝਣਾ ਜ਼ਰੂਰੀ ਸੀ ਕਿ ਹਰ ਇਕ ਧਰਮ ਦੇ ਮੂਲ਼ ਉਦੇਸ਼ ਕੀ ਹਨ ਅਤੇ ਸ਼ਾਂਤੀ ਨਾਲ ਉਹਨਾਂ ਦਾ ਕੀ ਸੰਬੰਧ ਹੈ ਆਦਿ ਨੂੰ ਵਿਸ਼ਵ ਭਰ ਵਿਚ ਉਜਾਗਰ ਕੀਤਾ ਜਾਵੇ ਅਤੇ ਪ੍ਰਚਾਰਿਆ ਜਾਵੇ। ਅਜਿਹਾ ਕਰਨ ਲਈ ਧਰਮ ਦੇ ਵਖ-ਵਖ ਪ੍ਰਤੀਨਿਧੀਆਂ ਦੀਆਂ ਅੰਤਰ-ਧਰਮ ਸੰਵਾਦ ਕਾਨਫ਼ਰੰਸਾਂ ਅਤੇ ਸੈਮੀਨਾਰਾਂ ਦਾ ਆਯੋਜਨ ਕੀਤਾ ਜਾਣ ਲਗ ਪਿਆ। ਇਸ ਦੌਰਾਨ ਧਰਮਾਂ ਦੇ ਪ੍ਰਤੀਨਿਧੀਆਂ ਤੋਂ ਇਲਾਵਾ, ਵਿਦਵਾਨਾਂ, ਖੋਜਾਰਥੀਆਂ, ਖਿਡਾਰੀਆਂ, ਵਿਗਿਆਨੀਆਂ ਆਦਿ ਨੇ ਵੀ ਸਾਰਥਕ ਭੂਮਿਕਾ ਨਿਭਾਈ। 'ਧਰਮ' ਅਤੇ 'ਧਰਮ' ਦੀ ਸ਼ਾਂਤੀ ਦੇ ਨੁਕਤੇ ਤੋਂ ਕੀਤੀਆਂ ਵਿਆਖਿਆਵਾਂ ਅਤੇ ਪ੍ਰਚਾਰ ਨੇ 'ਸ਼ਾਂਤੀ' ਨੂੰ ਮਨੁੱਖ ਦੀ ਬੁਨਿਆਦੀ ਲੋੜ ਅਤੇ ਇਸਦੀ ਸਮਾਜ ਦੇ ਨੈਤਿਕ-ਨਿਯਮਾਂ ਵਿਚ ਮੁਢਲੀ ਕੀਮਤ ਸਥਾਪਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਇਸੇ ਕਰਕੇ ਵਿਸ਼ਵ ਦੇ ਵੱਖ-ਵੱਖ ਅਕਾਦਮਕ ਸਥਾਨਾਂ 'ਤੇ ਵੱਖ-ਵੱਖ ਧਰਮਾਂ ਨੂੰ ਆਧਾਰ ਬਣਾ ਕੇ ਸ਼ਾਂਤੀ-ਅਧਿਐਨ ਦੇ ਖੋਜ-ਕੇਂਦਰਾਂ ਦੀ ਸਥਾਪਨਾ ਵੀ ਹੋਈ।

## 2.5. ਸ਼ਾਂਤੀ ਅਤੇ ਸਿੱਖ-ਸਿਧਾਂਤ

ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਵਿਵਹਾਰ ਰਾਹੀਂ ਅਧਿਆਤਮਕਤਾ ਦੇ ਵਿਭਿੰਨ ਅਨੁਭਵਾਂ ਨੂੰ ਸਮਾਜ ਵਿਚ ਸਥਾਪਤ ਕੀਤਾ ਅਤੇ ਉਚੇ ਜੀਵਨ-ਮੁਲਾਂ ਦੀ ਸਥਾਪਤੀ ਲਈ ਕਾਰਜ ਕੀਤੇ। ਸ਼ਾਂਤੀ, ਮਨੁੱਖ ਦੀ ਬੁਨਿਆਦੀ ਲੋੜ ਹੈ, ਜਿਸਦੀ ਪ੍ਰਾਪਤੀ ਕਰਨਾ ਜੀਵਨ ਲਈ ਅਹਿਮ ਹੈ। ਸਿੱਖੀ-ਸਿਧਾਂਤਾਂ ਵਿਚ 'ਸਰਬਤ ਦੇ ਭਲਾ' ਅਤੇ 'ਜਗਤ ਜਲੰਦਾ ਰਖ ਲੈ ਅਪਨੀ ਕਿਰਪਾ ਧਾਰ' ਸੰਸਾਰ ਪ੍ਰਤੀ ਸਿੱਖ ਅਰਦਾਸ ਦੇ ਉਹ ਮੂਲ਼ ਭਾਵ ਹਨ, ਜਿਹਨਾਂ ਨੂੰ ਵਿਸ਼ਵ ਸ਼ਾਂਤੀ ਦਾ ਆਧਾਰ ਮੰਨਿਆ ਜਾ ਸਕਦਾ ਹੈ। ਸ਼ਾਂਤੀ ਸੰਬੰਧੀ ਸਿੱਖ-ਸਿਧਾਂਤਾਂ ਵਿਚ 'ਸੁੱਖ' ਦੇ ਸੰਕਲਪ ਨੂੰ ਆਧਾਰ ਮੰਨਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸ਼ਾਂਤੀ ਪ੍ਰਥਾਇ 'ਸੁੱਖ' ਸ਼ਬਦ ਦੀ ਵਰਤੋਂ ਹੋਈ ਹੈ। ਸੁੱਖ ਤੇ ਦੁਖ ਦਾ ਸੰਬੰਧ ਮਨੁੱਖ ਦੇ ਸਮਾਜਿਕ ਕਾਰ-ਵਿਵਹਾਰ ਨਾਲ ਵੀ ਮੰਨਿਆ ਗਿਆ ਹੈ। ਪਦਾਰਥਕ ਲੋੜਾਂ ਦੀ ਪੂਰਤੀ ਮਨੁੱਖ ਨੂੰ ਸੁੱਖ ਪਰਦਾਨ ਕਰਦੀ ਹੈ। ਮਨੁੱਖ ਦਾ ਆਤਮ-ਸਨਮਾਨ ਵੀ ਉਸਦੇ ਮਨ ਦੀ ਸ਼ਾਂਤੀ ਲਈ ਸਹਾਇਕ ਮੰਨੇ ਗਏ ਹਨ। 'ਸੁੱਖ' ਦੀ ਪ੍ਰਾਪਤੀ ਲਈ ਜਰੂਰੀ ਹੈ ਕਿ ਹੁਕਮ ਦੀ ਸੂਝ ਹੋਵੇ।

ਹੁਕਮ ਦੇ ਅਰਥ ਹਨ ਆਦੇਸ਼, ਆਗਿਆ ਤੇ ਫੁਰਮਾਨ। ਗੁਰਬਾਣੀ ਅਨੁਸਾਰ ਸੰਪੂਰਨ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੇ ਹੁਕਮ ਵਿਚ ਹੀ ਹੋਈ ਹੈ। ਪਰਮਾਤਮਾ ਨੇ ਕਿਹਾ ਕਿ ਹੋ ਜਾ ਤਾਂ ਫਿਰ ਸ੍ਰਿਸ਼ਟੀ ਪੈਦਾ ਹੋ ਗਈ। ਗੁਰਬਾਣੀ ਅਨੁਸਾਰ ਪਰਮਾਤਮਾ ਹੀ ਸ੍ਰਿਸ਼ਟੀ ਰਚੇਤਾ (ਕਰਤਾ ਪੁਰਖ) ਹੈ, ਜਿਸ ਤਹਿਤ ਉਸ ਦਾ ਕਿਹਾ ਹੁਕਮ ਬਣ ਜਾਂਦਾ ਹੈ। ਗੁਰਮਤਿ ਅਨੁਸਾਰ ਹੁਕਮ ਤਾਂ ਸ੍ਰਿਸ਼ਟੀ ਦੀ ਹੋਂਦ ਤੋਂ ਪਹਿਲਾਂ ਵੀ ਮੌਜੂਦ ਸੀ, ਕਿਉਂਕਿ ਹੁਕਮ ਕਰਨ ਵਾਲਾ (ਪਰਮਾਤਮਾ) ਜਿਸਨੂੰ ਗੁਰਬਾਣੀ ਵਿਚ ਹੁਕਮੀ ਵੀ ਕਿਹਾ ਗਿਆ ਹੈ, ਮੌਜੂਦ ਸੀ।

ਇਕ ਧਾਰਮਿਕ ਸ਼ਖਸੀਅਤ ਲਈ ਸ਼ਾਂਤੀ ਦੇ ਅਰਥ ਕੁਝ ਵੱਖਰੀ ਤਰ੍ਹਾਂ ਦੇ ਨਿਰਧਾਰਿਤ ਕੀਤੇ ਗਏ ਹਨ। ਇਸ ਸੁੱਖ/ਸ਼ਾਂਤੀ ਦਾ ਸੰਬੰਧ ਮਨ ਅਤੇ ਆਤਮਿਕ ਸ਼ਾਂਤੀ ਨਾਲ ਨਿਰਧਾਰਿਤ ਕੀਤਾ ਗਿਆ ਹੈ। ਇਕ ਜਗਿਆਸੂ ਲਈ ਇਹ ਲਾਜ਼ਮੀ ਸ਼ਰਤ ਹੈ ਕਿ ਉਹ ਜੀਵਨ ਦੀ ਹਰ ਘਟਨਾ ਵਿਚੋਂ ਹੁਕਮ ਦੀ ਪਛਾਣ ਕਰੇ। ਭਾਵ ਜੇਕਰ ਉਸ ਦੇ ਜੀਵਨ ਵਿਚ ਕੋਈ ਦੁਖਦਾਈ ਘਟਨਾ ਵਾਪਰਦੀ ਹੈ ਤਾਂ ਉਸ ਪਿਛੇ ਰੱਬੀ ਹੁਕਮ ਨੂੰ ਮੰਨਦੇ ਹੋਏ ਕਰਮ ਕਰੇ। ਕਈ ਵਾਰੀ ਦੁਨਿਆਵੀ ਲੋਕ ਅਤਿ ਦੁਖਦਾਈ ਘਟਨਾ ਕਰਕੇ ਰਬ ਨੂੰ ਦੋਸ਼ੀ ਤੇ ਖੁਦ ਨੂੰ ਨਿਰਦੋਸ਼ ਸਾਬਿਤ ਕਰਦੇ ਹਨ, ਜਦਕਿ ਉਸ ਘੜੀ ਪਰਮਾਤਮਾ ਦਾ ਭਾਣਾ ਮੰਨਦੇ ਹੋਏ ਉਸਦੇ ਹੁਕਮ ਸਾਹਮਣੇ ਸਿਰ ਝੁਕਾਉਣ ਨਾਲ ਮਨ ਦੀ ਅਸ਼ਾਂਤੀ ਤੇ ਗਮਗੀਨਤਾ ਤੋਂ ਨਿਰਵਾਨ ਪ੍ਰਾਪਤ ਹੁੰਦਾ ਹੈ।

ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

ਇੱਥੇ ਹੁਕਮ ਤੋਂ ਇਕ ਭਾਵ ਇਹ ਵੀ ਲਿਆ ਗਿਆ ਹੈ ਕਿ ਮਨੁੱਖ ਪਰਮਾਤਮਾ ਦੇ ਸਨਮੁੱਖ ਆਤਮ ਸਮਰਪਣ ਕਰ ਦੇਵੇ। 'ਹੁਕਮੁ ਮੰਨੇ ਸੋਈ ਸੁਖੁ ਪਾਏ ਹੁਕਮੁ ਸਿਰਿ ਸਾਹਾ ਪਾਤਿਸਾਹਾ ਹੇ॥' ਤੋਂ ਭਾਵ ਇਹ ਹੈ ਕਿ ਜਦੋਂ ਸ੍ਰਿਸ਼ਟੀ ਦੀ ਸਾਜਨਾ ਪਰਮਾਤਮਾ ਨੇ ਕੀਤੀ ਹੈ, ਉਸ ਨੇ ਹੀ ਸਭ ਆਕਾਰ ਬਣਾਏ, ਉਸ ਦੇ ਹੁਕਮ ਨਾਲ ਹੀ ਜੀਵ ਦੇ ਜੀਵਨ ਵਿਚ ਸੁੱਖ ਦੁਖ ਘਟਿਤ ਹੁੰਦੇ ਹਨ। ਫਿਰ ਮਨੁੱਖ ਦਾ ਫਰਜ਼ ਬਣਦਾ ਹੈ ਕਿ ਉਹ ਉਸ ਰੱਬੀ ਹੁਕਮ ਦੀ ਪਛਾਣ ਕਰੇ ਤੇ ਉਸ ਦੀ ਰਜ਼ਾ ਵਿਚ ਰਾਜੀ ਰਹੇ। ਉਸ ਪਰਮਾਤਮਾ ਦੀ ਰਜਾ ਵਿਚ ਰਾਜੀ ਰਹਿਣ ਨਾਲ ਆਤਮਿਕ ਸੁੱਖ ਜਿਸ ਸ਼ਾਂਤੀ ਕਿਹਾ ਜਾਂਦਾ ਹੈ, ਦੀ ਪਰਾਪਤੀ ਹੁੰਦੀ ਹੈ।

ਦੁਖੁ ਸੁਖੁ ਭਾਣੈ ਤਿਸੈ ਰਜਾਇ ॥

ਨਾਨਕੁ ਨੀਚੁ ਕਹੈ ਲਿਵ ਲਾਇ॥

ਅਕਾਲੀ ਹੁਕਮ ਦੀ ਪਛਾਣ ਮਨੁੱਖ ਨੂੰ ਉਸਦੇ ਅੰਤਰੀਵ ਅਤੇ ਬਾਹਰੀ ਸੁੱਖ ਪ੍ਰਦਾਨ ਕਰਦੀ ਹੈ, ਜਿਸ ਵਿਚ ਜਿਗਿਆਸੂ ਦੀ ਸੁਰਤਿ ਦੁਖ-ਸੁੱਖ ਨੂੰ ਸਮ ਕਰਕੇ ਜਾਣਦੀ ਹੈ ਭਾਵ ਉਸਨੂੰ ਦੁਖ-ਸੁੱਖ ਇਕ ਤਰ੍ਹਾਂ ਦੇ ਦਿਖਾਈ ਦਿੰਦੇ ਹਨ ਕਿਉਂਕਿ ਉਸਨੂੰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਬਾਹਰੀ ਤੌਰ 'ਤੇ ਦਿਖਾਈ ਦਿੰਦੇ ਸੁੱਖਾਂ ਦੀ ਪ੍ਰਾਪਤੀ ਲਈ ਹਰ ਕੋਈ ਇੱਛਾ ਰਖਦਾ ਹੈ ਅਤੇ ਇਸਦੇ ਲਈ ਯਤਨ ਵੀ ਕਰਦਾ ਹੈ ਪਰ ਸੁੱਖ ਤੋਂ ਬਾਅਦ ਦੁਖ ਦੀ ਪਛਾਣ ਗੁਰਮੁਖ ਤੋਂ ਬਿਨਾ ਸੰਭਵ ਨਹੀਂ। ਇਸ ਲਈ ਸਦੈਵ ਸੁੱਖ ਜਾਂ ਸ਼ਾਂਤੀ 'ਸ਼ਬਦ' ਦੇ ਗਿਆਨ ਨਾਲ ਹੀ ਸੰਭਵ ਹੈ:

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥

ਸੁਖੈ ਕਉ ਦੁਖੁ ਅਗਲਾ ਮਨਮੁਖਿ ਬੂਝ ਨ ਹੋਇ॥

ਸੁਖ ਦੁਖ ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ॥

## 2.6. ਸ਼ਾਂਤੀ ਅਤੇ ਸਿੱਖ-ਵਿਵਹਾਰਕਤਾ

ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕਤਾ ਦੇ ਆਧਾਰ 'ਤੇ ਮਨੁੱਖੀ ਜੀਵਨ ਦੇ ਉੱਚਤਮ ਮੁੱਲਾਂ ਅਤੇ ਕਦਰਾਂ-ਕੀਮਤਾਂ ਦੀ ਸਥਾਪਤੀ ਲਈ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਬਣਾਇਆ, ਜੋ ਕਿ ਮਹਾਨ ਸੰਗੀਤ-ਵਾਦਕ ਸਨ। ਇਹ ਇਕ ਅਜਿਹਾ ਬਿੰਬ ਤੇ ਚਿੰਨ੍ਹ ਹੈ, ਜਿਸਨੂੰ ਸਮਝਣਾ ਤੇ ਇਸ ਅੰਦਰਲੀਆਂ ਪਰਤਾਂ ਨੂੰ ਖੋਲ੍ਹਣਾ ਅਤਿ ਜਰੂਰੀ ਹੈ। ਭਾਈ ਮਰਦਾਨਾ ਜੀ ਰਾਹੀਂ ਗੁਰੂ ਨਾਨਕ ਸਾਹਿਬ ਨੇ ਮਨੁੱਖੀ ਸਰਵ ਸਾਂਝੀਵਾਲਤਾ ਨੂੰ ਸਥਾਪਤ ਕੀਤਾ, ਜਿਸ ਆਧਾਰ ਨੂੰ ਮੰਨ ਕੇ ਸਮਾਜ ਵਿਚ ਧਰਮੀ-ਬਿਖੇੜਾ ਸੀ।

### 2.6.1 ਸਾਂਝੀਵਾਲਤਾ

ਸ਼ਾਂਤੀ ਦਾ ਸੰਬੰਧ ਸਮਾਜ ਵਿਚਲੀ ਹਰ ਪੱਧਰ ਦੀ ਵੰਡ ਦੀ ਸੀਮਾ ਨੂੰ ਪਛਾਨਣਾ ਅਤੇ ਇਸ ਦੀ ਸੰਕੀਰਣਤਾ ਨੂੰ ਤਿਆਗਣਾ ਮੰਨਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਹਰ ਤਰ੍ਹਾਂ ਦੇ ਭੇਦ-ਭਾਵ ਛੱਡ ਕੇ ਪਰਮਾਤਮਾ ਦੀ ਰਜ਼ਾ ਨੂੰ ਪਛਾਣਦੇ ਹੋਏ ਸਮੁਚੀ ਮਨੁੱਖਤਾ ਨਾਲ ਪਿਆਰ ਕਰਨਾ ਸਿੱਖਾਇਆ। ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਉੱਪਰ ਚਲ ਕੇ ਹਰ ਤਰ੍ਹਾਂ ਦੀ ਸ਼ਾਂਤੀ ਦੇ ਰਾਹ ਖੁਲ੍ਹ ਸਕਦੇ ਹਨ ਨਹੀਂ ਤਾਂ ਅਰਾਜਕਤਾ ਪੈਦਾ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਸਾਹਿਬਾਨ ਅਤੇ ਭੱਟ ਸਾਹਿਬਾਨ ਦੀ ਦਰਜ਼ ਬਾਣੀ ਇਸ ਗੱਲ ਦਾ ਪੁਖ਼ਤਾ ਸੰਦੇਸ਼ ਹੈ ਕਿ ਗੁਰੂ ਸਾਹਿਬਾਨ ਨੇ 'ਸ਼ਬਦ' ਦੇ ਸਿਧਾਂਤ ਅਤੇ ਵਿਵਹਾਰ ਦਾ ਅਭਿਆਸ ਕੀਤਾ, ਜਿਸ ਕਰਕੇ ਇਕ ਨਰੋਏ ਸਮਾਜ ਦਾ ਆਦਰਸ਼ ਸਥਾਪਤ ਹੋਇਆ। ਗੁਰੂ ਸਾਹਿਬਾਨ ਨੇ ਗੁਰਬਾਣੀ ਅਤੇ ਆਪਣੇ ਜੀਵਨ-ਆਦਰਸ਼ਾਂ ਰਾਹੀਂ ਸਪਸ਼ਟ ਕੀਤਾ ਕਿ ਸਾਰੇ ਜੀਵਾਂ ਵਿਚ ਇਕ ਪਰਮਾਤਮਾ ਦੀ ਜੋਤਿ ਜਗ ਰਹੀ ਹੈ, ਇਸ ਲਈ ਧਰਤੀ ਉੱਪਰ ਲੀਆਂ ਵੰਡੀਆਂ ਰੱਬ ਦੇ ਦਰਬਾਰ ਵਿਚ ਨਹੀਂ ਹਨ। ਗੁਰੂ ਸਾਹਿਬਾਨ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਹੀਂ, ਬਾਣੀ ਤੇ ਆਪਣੇ ਵਿਵਹਾਰ ਰਾਹੀਂ ਸਮੁਚੀ ਮਾਨਵਤਾ ਵਿਚਲੀ ਵਿਭਿੰਨਤਾ ਦੀ ਖੂਬਸੂਰਤੀ ਨੂੰ ਏਕਤਾ ਪ੍ਰਦਾਨ ਕੀਤੀ। ਗੁਰੂ ਸਾਹਿਬ ਨੇ ਖ਼ਾਲਸੇ ਦੀ ਸਿਰਜਨਾ ਕਰਕੇ ਦਬੇ ਕੁਚਲੇ ਵਰਗ ਨੂੰ ਸਰਦਾਰੀ ਬਖਸ਼ਿਸ਼ ਕੀਤੀ। ਸਿੱਖ ਪਰੰਪਰਾ ਵਿਚ ਮੰਨਿਆ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਜਦੋਂ ਵੇਂਈ ਨਦੀ ਵਿਚੋਂ ਬਾਹਰ ਆਉਂਦੇ ਹਨ ਤਾਂ ਉਨ੍ਹਾਂ ਨੇ ਪਹਿਲਾ ਉਪਦੇਸ਼ ਦਿਤਾ, ਜੋ ਕਿ 'ਨਾ ਕੋ ਹਿੰਦੂ ਨਾ ਮੁਸਲਮਾਨ' ਸੀ ਭਾਵ ਸੱਚੇ ਧਰਮ ਨੂੰ ਕਿਸੇ ਵਰਗ ਵਿਚ ਵੰਡਿਆ ਨਹੀਂ ਜਾ ਸਕਦਾ। ਗੁਰਬਾਣੀ ਵਿਚ ਵੈਰ-ਵਿਰੋਧ ਨੂੰ ਦੂਰ ਕਰਨ ਲਈ ਕਿਹਾ ਗਿਆ ਹੈ।

ਗੁਰਬਾਣੀ ਮਨੁੱਖ ਨੂੰ ਉਸ ਦਾ ਮੂਲ ਮਾਰਗ ਪ੍ਰਦਾਨ ਕਰਦੀ ਹੈ, ਜਦੋਂ ਮਨੁੱਖ ਆਪਣੇ ਅਸਲ ਮਾਰਗ ਉੱਪਰ ਚਲ ਪੈਂਦਾ ਹੈ ਤਾਂ ਫਿਰ ਸਾਰੀ ਮਾਨਵਤਾ ਉਸ ਲਈ ਮੀਤ (ਦੋਸਤ) ਬਣ ਜਾਂਦੀ ਹੈ:

ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ॥

ਬ੍ਰਹਮ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥

ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ

### 2.6.2 ਸੇਵਾ

ਮਨ ਦੀ ਸ਼ਾਂਤੀ ਲਈ ਤੇ ਮਾਨਸਿੱਖ ਸ਼ੋਰ ਤੋਂ ਬਚਣ ਲਈ ਮਨੁੱਖ ਨੂੰ ਪਰਮਾਤਮਾ ਦੇ ਨਾਮ ਦੀ ਬੰਦਗੀ ਕਰਨੀ ਚਾਹੀਦੀ ਹੈ। ਨਾਮ-ਸਿਮਰਨ ਨਾਲ ਮਨੁੱਖ ਉਸ ਪਰਮਾਤਮਾ ਨੂੰ ਯਾਦ ਰਖਦਾ ਹੋਇਆ ਆਪਣੀ ਹੋਂਦ ਬਾਰੇ ਵੀ ਸੁਚੇਤ ਹੋਣ ਲਗ ਪੈਂਦਾ ਹੈ। ਨਾਮ ਤੋਂ ਭਾਵ ਹੈ ਪਰਮਾਤਮਾ ਦੇ ਸਿਫ਼ਾਤੀ ਨਾਮ ਜਿਨ੍ਹਾਂ ਦਾ ਜ਼ਿਕਰ ਕਰਕੇ ਮਨੁੱਖ ਵਾਹਿਗੁਰੂ ਪਾਸੋਂ ਦਇਆ-ਦ੍ਰਿਸ਼ਟੀ ਹਾਸਿਲ ਕਰਦਾ ਹੈ। ਨਾਮ ਜਪਣਾ ਅਜਿਹਾ ਮਾਰਗ ਜਿਸ ਰਾਹੀਂ ਮਨੁੱਖ ਹੁਕਮ ਦੀ ਪਛਾਣ ਕਰਦਾ ਹੈ। ਜਿਵੇਂ ਜਿਵੇਂ ਨਾਮ ਦਾ ਅਭਿਆਸ ਵਧਦਾ ਜਾਂਦਾ ਹੈ ਤੇ ਸਮਾਧੀ ਡੂੰਘੀ ਹੁੰਦੀ ਜਾਂਦੀ ਹੈ, ਤਾਂ ਮਨੁੱਖ ਦੀ ਸਮਝ ਵੀ ਸੂਖ਼ਮ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹ ਸੂਖ਼ਮਤਾ ਹੀ ਉਸ ਦੇ ਦੂਜੇ ਪ੍ਰਾਣੀਆਂ (ਮਨੁੱਖਾਂ) ਨਾਲ ਵਿਵਹਾਰ ਵਿਚ ਪਹਿਲੇ ਨਾਲੋਂ ਤਬਦੀਲੀ ਪੈਦਾ ਕਰਦੀ ਹੈ। ਮਨੁੱਖ ਸਭ ਨੂੰ ਉਸ ਪਰਮਾਤਮਾ ਦੀ ਸੰਤਾਨ ਮੰਨਦਾ ਹੈ ਜਿਸ ਤਹਿਤ ਪ੍ਰੇਮ ਵਾਲਾ ਰਿਸ਼ਤਾ ਪੈਦਾ ਹੁੰਦਾ ਹੈ। ਮਨੁੱਖ ਧਰਤੀ ਦੀ ਵੰਨ ਸੁਵੰਨਤਾ ਨੂੰ ਨਿਹਾਰ ਕੇ ਉਸ ਪਰਮਾਤਮਾ ਦਾ ਸ਼ੁੱਖਰਗੁਜਾਰ ਹੁੰਦਾ ਹੈ। ਇਹ ਇਕ ਅਜਿਹੀ ਅਵਸਥਾ ਹੈ ਜਿਥੇ ਮਨੁੱਖ ਦੈਵੀ ਸ਼ਾਂਤੀ ਨੂੰ ਮਹਿਸੂਸ ਕਰਦਾ ਹੈ। ਪਰਮਾਤਮਾ ਦੀ ਬੰਦਗੀ ਕਰਨ ਨਾਲ ਮਨ ਦਾ ਸਕੂਨ ਪੈਦਾ ਹੁੰਦਾ ਹੈ, ਜਿਹੜਾ ਦੂਜੇ ਮਨੁੱਖਾਂ ਨਾਲ ਪ੍ਰੇਮ ਪੈਦਾ ਕਰਦਾ ਹੈ। ਜੇਕਰ ਮਨੁੱਖ ਅੰਦਰ ਪ੍ਰੇਮ ਠਾਠਾਂ ਮਾਰਦਾ ਹਵੇ ਤਾਂ ਉਹ ਸਮਾਜ ਵਿਚ ਕਿਸੇ ਵੀ ਕਿਸਮ ਦੀ ਅਸ਼ਾਂਤੀ ਪੈਦਾ ਕਰ ਹੀ ਨਹੀਂ ਸਕਦਾ। ਇਸ ਤਥ ਨੂੰ ਭਾਈ ਘਨ੍ਹੱਈਆ ਜੀ ਦੇ ਜੀਵਨ ਰਾਹੀਂ ਸਮਝਿਆ ਜਾ ਸਕਦਾ ਹੈ। ਭਾਈ ਘਨ੍ਹੱਈਆ ਜੀ ਜੰਗ ਦੇ ਮੈਦਾਨ ਵਿਚ ਜਲ ਛਕਾਉਣ ਦੀ ਸੇਵਾ ਨਿਭਾਅ ਰਹੇ ਸਨ। ਪਰ ਉਹ ਜਿਥੇ ਜ਼ਖ਼ਮੀ ਤੇ ਪਿਆਸੇ ਸਿੱਖਾਂ ਨੂੰ ਜਲ ਛਕਾਉਂਦੇ ਉਥੇ ਨਾਲ ਹੀ ਮੁਗ਼ਲ ਫੌਜ਼ੀਆਂ ਨੂੰ ਵੀ ਜਲ ਛਕਾਈ ਜਾਂਦੇ। ਸਿੱਖਾਂ ਨੇ ਉਨ੍ਹਾਂ ਦੀ ਸ਼ਕਾਇਤ ਗੁਰੂ ਗੋਬਿੰਦ ਸਿੰਘ ਜੀ ਪਾਸ ਕੀਤੀ। ਗੁਰੂ ਜੀ ਦੇ ਪੁਛਣ ਤੇ ਭਾਈ ਜੀ ਨੇ ਕਿਹਾ ਕਿ ਉਸ ਨੂੰ ਤਾਂ ਸਭ ਵਿਚ ਗੁਰੂ ਜੀ ਦਿਖਾਈ ਦੇ ਰਹੇ ਹਨ, ਇਸ ਲਈ ਉਹ ਪਾਣੀ ਕਿਸੇ ਦੁਸ਼ਮਣ ਨੂੰ ਨਹੀਂ ਬਲਕਿ ਉਨ੍ਹਾਂ ਨੂੰ ਪਿਲਾ ਰਿਹਾ ਸੀ। ਸੇਵਾ ਦਾ ਇਹ ਆਦਰਸ਼ ਧਰਤੀ 'ਤੇ ਦੂਜੇ ਮਨੁੱਖ ਸੰਬੰਧੀ ਇਸ ਤਰ੍ਹਾਂ ਦੇ ਭਾਵ ਰਖਣ ਵਾਲੀ ਅਦੁਤੀ ਉਦਾਹਰਣ ਹੈ। ਸਿੱਖ-ਪੰਥ ਵਿਚ ਦੂਜਿਆਂ ਦੀ ਸੇਵਾ ਆਤਮਕ ਸੁੱਖ ਦੀ ਪਰਾਪਤੀ ਹੈ। ਇਸਦੀ ਇਕ ਹੋਰ ਪ੍ਰਪਕ ਉਦਾਹਰਣ, ਲੰਗਰ ਸੰਸਥਾ ਹੈ, ਜਿਸ ਵਿਚ ਬਿਨਾ ਜਾਤ-ਪਾਤ, ਰੰਗ-ਨਸਲ ਅਤੇ ਭੇਖ ਦੇ ਸਭ ਨੂੰ ਇਕ ਸਮਾਨ ਭੋਜਨ ਵਰਤਾਇਆ ਜਾਂਦਾ ਹੈ।

### 2.6.3 ਆਚਰਣ ਦੀ ਉਚਿਆਈ

ਆਚਰਣ ਤੋਂ ਡਿਗੇ ਹੋਏ ਬੰਦਿਆਂ ਕਾਰਨ ਸਮਾਜ ਵਿਚ ਅਸ਼ਾਂਤੀ ਤੇ ਅਰਾਜਕਤਾ ਦਾ ਮਾਹੌਲ ਬਣ ਜਾਂਦਾ ਹੈ। ਇਸੇ ਲਈ ਗੁਰਬਾਣੀ ਅਨੁਸਾਰ ਜਿਨ੍ਹਾਂ ਬੰਦਿਆਂ ਦਾ ਆਚਰਣ ਚੰਗਾ ਹੁੰਦਾ ਹੈ ਉਹ ਸਮਾਜ ਦੇ ਚੰਗੇ ਮੰਦੇ ਬਾਰੇ ਬੜੀ ਸੰਜੀਦਗੀ ਨਾਲ ਵਿਚਾਰਦੇ ਹਨ ਤੇ ਸ਼ਾਂਤੀ ਕਾਇਮ ਕਰਨ ਵਿਚ ਅਹਿਮ ਭੂਮਿਕਾ ਅਦਾ ਕਰਦੇ ਹਨ। ਸਮਾਜ ਵਿਚਲੀ ਸ਼ਾਂਤੀ ਕਾਇਮ ਕਰਨ ਲਈ ਅੱਜ ਵੀ ਨੈਤਿਕ ਨਿਯਮਾਂ ਨੂੰ ਪਹਿਲ ਦਿਤੀ

ਜਾਂਦੀ ਹੈ। ਜੇਕਰ ਮਾਨਵਤਾ ਨੇ ਸ਼ਾਂਤੀ ਨਾਲ ਰਹਿਣਾ ਹੈ ਤਾਂ ਉਸ ਲਈ ਆਪਣੇ ਆਚਰਣ ਦੀ ਸ਼ੁਧਤਾ ਰਖਣੀ ਲਾਜ਼ਮੀ ਹਵੇਗੀ। ਗੁਰਬਾਣੀ ਅਨੁਸਾਰ ਉਹੀ ਮਨੁੱਖ ਸਮਾਜ ਨੂੰ ਸੇਧ ਦੇ ਸਕਦਾ ਹੈ ਜਿਹੜਾ ਆਪਣੇ ਆਪ ਉੱਪਰ ਸੰਜਮ ਰੱਖਦਾ ਹੋਵੇ। ਆਪਣੀਆਂ ਗਿਆਨ ਇੰਦਰੀਆਂ ਨੂੰ ਕਾਬੂ ਕਰਨਾ ਬੜਾ ਕਠਿਨ ਮੰਨਿਆ ਗਿਆ ਹੈ, ਜਿਹੜਾ ਇਨ੍ਹਾਂ ਨੂੰ ਮਾਰ ਲੈਂਦਾ ਹੈ ਉਸ ਨੂੰ ਸੂਰਮਾ ਕਿਹਾ ਗਿਆ ਹੈ।

ਜੋ ਇਸੁ ਮਾਰੇ ਸੋਈ ਸੂਰਾ ॥
ਜੋ ਇਸੁ ਮਾਰੇ ਸੋਈ ਪੂਰਾ ॥
ਜੋ ਇਸੁ ਮਾਰੇ ਤਿਸਹਿ ਵਡਿਆਈ ॥
ਜੋ ਇਸੁ ਮਾਰੇ ਤਿਸ ਕਾ ਦੁਖੁ ਜਾਈ ॥1॥

### 2.6.4 ਮਨ ਦਾ ਜ਼ਬਤ

ਸ਼ਾਂਤੀ ਕਾਇਮ ਕਰਨਾ ਤੇ ਆਪਣੇ ਜੀਵਨ ਵਿਚ ਸਕੂਨ ਲਿਆਉਣ ਲਈ ਮਨ ਉੱਪਰ ਨਿਯੰਤਰਣ ਜਰੂਰੀ ਮੰਨਿਆ ਗਿਆ ਹੈ। ਹਰ ਇਕ ਧਰਮ ਨੇ ਮਨ ਉੱਪਰ ਕਾਬੂ ਪਾਉਣ ਲਈ ਮਨੁੱਖ ਨੂੰ ਕਿਹਾ ਹੈ। ਪਰ ਇਹ ਮਾਰਗ ਬਹੁਤ ਕਠਿਨ ਹੈ। ਇਸਲਾਮ ਵਿਚ ਮਨ (ਨਫਸ) ਨਾਲ ਜੰਗ ਨੂੰ ਬਾਹਰੀ ਜੰਗ ਨਾਲੋਂ ਜਿਆਦਾ ਤਰਜੀਹ ਦਿੱਤੀ ਗਈ ਹੈ, ਜਿਸ ਦਾ ਅਨੁਸਰਣ ਸਾਨੂੰ ਸੂਫ਼ੀ ਦਰਵੇਸ਼ਾਂ ਦੀਆਂ ਜੀਵਨੀਆਂ ਵਿਚੋਂ ਭਲੀ ਭਾਂਤ ਮਿਲ ਜਾਂਦਾ ਹੈ। ਗੁਰਬਾਣੀ ਅਨੁਸਾਰ ਮਨ ਨੂੰ ਜਿਤਣ ਨਾਲ ਜਗ ਨੂੰ ਜਿੱਤਣ ਦੀ ਗੱਲ ਕਹੀ ਗਈ ਹੈ। ਬਾਬਾ ਫ਼ਰੀਦ ਜੀ ਫੁਰਮਾਉਂਦੇ ਹਨ ਕਿ ਮਨ ਦੀ ਨਿਮਰਤਾ ਤੇ ਦੂਜਿਆਂ ਨੂੰ ਮੁਆਫ ਕਰਨ ਦੀ ਬਿਰਤੀ ਹੀ ਮਨੁੱਖ ਦੇ ਅੰਦਰਲੇ ਦਵੈਸ਼ ਨੂੰ ਖਤਮ ਕਰਨ ਵਿਚ ਸਹਾਈ ਹੁੰਦੀ ਹੈ। ਦੂਜੇ ਦੇ ਗੁੱਸੇ ਨੂੰ ਮਨ ਦੇ ਜਬਤ ਨਾਲ ਸਹਿਣ ਕਰਨਾ ਤੇ ਮੋੜਵੀਂ ਪ੍ਰਤੀਕਿਰਿਆ ਵਿਚ ਤਲਖੀ ਨਾ ਰਖਣੀ ਹੀ ਮਾਨਵੀ ਗੁਣਾਂ ਦੀ ਉੱਤਮ ਮਿਸਾਲ ਹੈ, ਜਿਸ ਨਾਲ ਅਧਿਆਤਮ ਦਾ ਰਸਤਾ ਖੁਲ੍ਹਦਾ ਹੈ।

ਫਰੀਦਾ ਜੋ ਤੈ ਮਾਰਨਿ ਮੁਕੀਆ ਤਿਨ੍ਹਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥

### 2.6.5 ਸ਼ਾਂਤੀ ਦੇ ਪੁੰਜ

ਸਮਾਜ ਵਿਚਲੀ ਅਸ਼ਾਂਤੀ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਇਕ ਮਨੁੱਖ ਦੂਜੇ ਦਾ ਸਨਮਾਨ ਨਹੀਂ ਕਰਦਾ। ਇਥੇ ਸਨਮਾਨ ਤੋਂ ਭਾਵ ਹੈ ਦੂਜੇ ਦੀ ਹੋਂਦ ਨੂੰ ਸਵੀਕਾਰਨਾ। ਮੁਗ਼ਲ ਹਕੂਮਤ ਦਾ ਮਨ ਜਦੋਂ ਸ਼ਰੀਅਤ ਦੀ ਅਧਿਆਤਮਕ ਖੁਰਾਕ ਤੋਂ ਸੱਖਣਾ ਹੋ ਗਿਆ ਤਾਂ ਉਸ ਨੇ ਦੂਜੇ ਧਰਮਾਂ ਦੀ ਹੋਂਦ ਨੂੰ ਖਤਮ ਕਰਨ ਦਾ ਫੈਸਲਾ ਲਿਆ। ਇਸ ਕਰਕੇ ਸਮਾਜ ਵਿਚ ਅਸ਼ਾਂਤੀ ਤੇ ਡਰ ਦਾ ਮਾਹੌਲ ਬਣ ਗਿਆ। ਮੁਗ਼ਲਾਂ ਦੇ ਹਠ ਨੇ ਸੈਕੜੇ ਲੋਕਾਂ ਦਾ ਲਹੂ ਡੋਲ੍ਹਿਆ, ਉਨ੍ਹਾਂ ਦੀ ਮਨਸ਼ਾ ਸੀ ਕਿ ਧਰਮ ਪਰਿਵਰਤਨ ਕਰੋ ਜਾਂ ਮੌਤ ਨੂੰ ਕਬੂਲੋ। ਇਥੇ ਵਰਣਨਯੋਗ ਹੈ ਕਿ ਮੁਗ਼ਲ ਹਕੂਮਤ ਦੇ ਮਨ ਅੰਦਰਲੀ ਸ਼ਾਂਤੀ ਜਿਹੜੀ ਕਿ ਅੱਲ੍ਹਾ ਦੇ ਜ਼ਿਕਰ ਨਾਲ ਪੈਦਾ ਹੋਈ ਸੀ, ਉਹ ਵੀ ਅਸ਼ਾਂਤੀ ਵਿਚ ਬਦਲ ਗਈ ਤਾਂ ਹੀ ਤੇ ਉਨ੍ਹਾਂ ਨੇ ਲੱਖਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ, ਜਿਸ ਨਾਲ ਸਾਰਾ ਸਮਾਜ ਸ਼ਾਂਤੀ ਵਿਹੂਣਾ ਹੋ ਗਿਆ। ਗੁਰੂ ਅਰਜਨ ਦੇਵ ਜੀ ਨੂੰ ਸਿੱਖ-ਪਰੰਪਰਾ ਵਿਚ 'ਸ਼ਾਂਤੀ ਦੇ ਪੁੰਜ' ਕਹਿ ਕੇ ਸਿਮਰਿਆ ਜਾਂਦਾ ਹੈ, ਯਾਦ ਕੀਤਾ ਜਾਂਦਾ ਹੈ ਕਿਉਂਕਿ ਮੁਗ਼ਲ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਨਾਨਕ ਘਰ ਦੀ ਵਰੋਸਾਈ ਪਰੰਪਰਾ ਵਿਚ ਇਹ ਗਲ ਆਤਮਸਾਤ ਭਾਵ ਉਸਦੇ ਅੰਤਰੀਵ ਨੂੰ ਨਹੀਂ ਭਾਉਂਦੀ ਸੀ ਕਿ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਇਕੋ ਜਿਹਾ ਸਨਮਾਨ ਮਿਲੇ। ਉਸਦੇ ਜ਼ੁਲਮਾਂ ਅਤੇ ਤਸੀਹਿਆਂ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਦੇਹ 'ਤੇ ਸਹਿ ਕੇ ਅਧਿਆਤਮਕ ਸ਼ਾਂਤੀ ਦੀ ਮਿਸਾਲ ਪੈਦਾ ਕੀਤੀ, ਜਿਸ ਵਿਚੋਂ ਮਨੁੱਖਤਾ ਲਈ ਨਵੇਂ ਉਦੇਸ਼ ਪੈਦਾ ਹੋਏ।

### 2.7. ਸਾਰ

- ਸ਼ਾਂਤੀ ਮਨੁੱਖ ਦੀ ਬੁਨਿਆਦੀ ਲੋੜ ਹੈ।
- ਸ਼ਾਂਤੀ ਨੂੰ ਮਨੁੱਖੀ ਨੈਤਿਕਤਾ ਵਿਚ ਇਕ ਮਹੱਤਵਪੂਰਣ ਅਤੇ ਬੁਨਿਆਦੀ ਤੱਤ ਵਜੋਂ ਸ਼ਾਮਲ ਕੀਤਾ ਗਿਆ ਹੈ।
- ਅਸ਼ਾਂਤੀ ਪੈਦਾ ਹੋਣ ਦੇ ਮੂਲ ਕਾਰਣ ਪਦਾਰਥਕ ਵਾਧੇ, ਸੱਤਾ ਪਰਾਪਤੀ ਲਈ ਹਰ ਤਰ੍ਹਾਂ ਦੇ ਅਨੈਤਿਕ ਕਾਰਜ, ਆਰਥਿਕ ਪਾੜੇ, ਅਨੈਤਿਕ ਰਾਜਨੀਤਿਕ ਵਰਤਾਰੇ, ਧਰਮਾਂ ਦੀ ਸੰਕੀਰਣ ਵਿਆਖਿਆ ਆਦਿ ਹਨ।
- ਸ਼ਾਂਤੀ ਸਥਾਪਨਾ ਵਿਚ ਧਰਮ ਦੀ ਮਹੱਤਵਪੂਰਣ ਭੂਮਿਕਾ ਹੋ ਸਕਦੀ ਹੈ।
- ਸਿੱਖੀ ਵਿਚ ਸ਼ਾਂਤੀ ਸੰਬੰਧੀ 'ਸੁੱਖ' ਦਾ ਸਿਧਾਂਤ ਹੈ।
- ਸ਼ਾਂਤੀ ਦੇ ਸੰਦਰਭ ਵਿਚ ਸੇਵਾ, ਲੰਗਰ ਅਤੇ ਸ਼ਹਾਦਤਾਂ ਦੇ ਵਰਤਾਰੇ ਸਮਝਣੇ ਅਹਿਮ ਹਨ।

## 2.8. ਵਿਸਤਾਰ ਵਿਚ ਪੜ੍ਹਣ ਲਈ ਪੁਸਤਕਾਂ


- Boersema, David, 2017. "Positive and Negative Peace" in *The Routledge Handbook of Pacifism and Nonviolence*, Andrew Fiala, (ed.), New York: Routledge.

- Brock, Peter, 1998. *Varieties of Pacifism: A Survey from Antiquity to the Outset of the Twentieth Century*. Syracuse, NY: Syracuse University Press.

- Dower, Nigel, 2009. *The Ethics of War and Peace*, Cambridge: Polity Press.

- Fox, Michael Allen, 2014. *Understanding Peace: A Comprehensive Introduction*, New York/London: Routledge.

- Hanh, Thich Nhat, 1987. *Being Peace*, Berkeley, CA: Parallax Press.


## 2.9. ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਸ਼ਾਂਤੀ ਤੋਂ ਤੁਸੀ ਕੀ ਸਮਝਦੇ ਹੋ?
ਪ੍ਰਸ਼ਨ 2. ਸ਼ਾਂਤੀ ਕਿੰਨੇ ਤਰ੍ਹਾਂ ਦੀ ਹੁੰਦੀ ਹੈ?
ਪ੍ਰਸ਼ਨ 3. ਅਸ਼ਾਂਤੀ ਦੇ ਮੁੱਖ ਕਾਰਣ ਕੀ ਹਨ?
ਪ੍ਰਸ਼ਨ 4. ਸ਼ਾਂਤੀ ਅਤੇ ਧਰਮ ਦੇ ਆਪਸੀ ਸੰਬੰਧਾਂ ਬਾਰੇ ਦਸੋ।
ਪ੍ਰਸ਼ਨ 5. ਸ਼ਾਂਤੀ ਸੰਬੰਧੀ ਸਿੱਖ-ਸਿਧਾਂਤ ਕੀ ਹਨ?
ਪ੍ਰਸ਼ਨ 6. ਸ਼ਾਂਤੀ ਸੰਬੰਧੀ ਸਿੱਖ-ਵਿਵਹਾਰ 'ਚੋਂ ਕੁਝ ਉਦਾਹਰਣਾਂ ਦਿਓ।

# PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

---

## UNIT III – KINDNESS

---

**STRUCTURE**


3.0 ਉਦੇਸ਼

3.1 ਜਾਣ-ਪਛਾਣ

3.2 ਦਇਆ ਅਤੇ ਧਰਮ

3.3 ਦਇਆ ਅਤੇ ਸਿੱਖ-ਸਿਧਾਂਤ

3.3.1 ਮੰਗਲ

3.3.2 ਕ੍ਰਿਪਾ ਅਤੇ ਕ੍ਰਿਪਾਨਿਧਾਨ

3.3.3 ਮਿਹਰਬਾਨ

3.3.4 ਦਇਆਲੂ

3.4 ਦਇਆ ਅਤੇ ਸਿੱਖ-ਵਿਵਹਾਰਕਤਾ

3.4.1 ਗੁਰੂ ਸਾਹਿਬਾਨ ਦੀ ਦਇਆ

3.4.2 ਦਇਆਮਈ ਸੇਵਾ

3.5 ਸਾਰ

3.6 ਵਿਸਤਾਰ ਵਿਚ ਪੜ੍ਹਣ ਲਈ ਪੁਸਤਕਾਂ

3.7 ਅਭਿਆਸ ਲਈ ਪ੍ਰਸ਼ਨ

## 3.0 ਉਦੇਸ਼

- ਦਇਆ ਨੂੰ ਇਕ ਕੀਮਤ ਵਜੋਂ ਸਮਝਣਾ।
- ਦਇਆ ਸੰਬੰਧੀ ਸਿੱਖ-ਸਿਧਾਂਤਾਂ ਨੂੰ ਜਾਣਨਾ।
- ਦਇਆ ਅਤੇ ਸਿੱਖ-ਵਿਵਹਾਰਕਤਾ ਨੂੰ ਸਮਝਣਾ।

## 3.1 ਜਾਣ-ਪਛਾਣ

ਦਇਆ ਤੋਂ ਭਾਵ ਕਿਸੇ ਮਨੁੱਖ ਦੇ ਅੰਦਰ ਦਾ ਅੰਦਰਲਾ ਅਨੁਭਵ ਤਰਸ ਦੀ ਭਾਵਨਾ ਨਾਲ ਭਰਿਆ ਹੋਣਾ ਹੈ। ਦਿਆਲੂ ਵਿਅਕਤੀ ਆਪਣੇ ਵਿਅਕਤੀਗਤ ਤੋਂ ਲੈ ਕੇ ਆਲੇ-ਦੁਆਲੇ ਦੇ ਲੋਕਾਂ, ਸਮਾਜ ਅਤੇ ਸੰਸਾਰ ਦੇ ਪ੍ਰਤੀ ਇਸ ਗਲ ਤੋਂ ਸਜੱਗ ਹੁੰਦਾ ਹੈ ਕਿ ਉਸ ਦੁਆਰਾ ਕਿਸੇ ਵੀ ਮਨੁਖ, ਜੀਵ-ਜੰਤੂ, ਪਸ਼ੂ-ਪ੍ਰਾਣੀ ਨਾ ਦੁੱਖ  ਨਾ ਦਿਤਾ ਜਾਵੇ ਅਤੇ ਜਿੰਨਾ ਹੋ ਸਕੇ ਕਿਸੇ ਵੀ ਤਰ੍ਹਾਂ ਦੇ ਦੁੱਖ ੀ ਲਈ ਸਹਾਇਤਾ ਕੀਤੀ ਜਾਵੇ। ਦਇਆ ਇਕ ਉਹ ਕੀਮਤ ਹੈ, ਜਿਸ ਰਾਹੀਂ ਮਨੁੱਖ ਦਾ ਜੀਵਨ ਕਿਸੇ ਵੀ ਤਰ੍ਹਾਂ ਦੇ ਲਾਲਚ ਅਤੇ ਲੋਭ ਤੋਂ ਉਠ ਕਲਿਆਣਕਾਰੀ ਹੋ ਜਾਂਦਾ ਹੈ। ਕਲਿਆਣਕਾਰੀ ਤੋਂ ਭਾਵ ਜਿਹੜਾ ਸੁਖ, ਖੁਸ਼ੀ ਤੇ ਮੰਗਲ ਦੀ ਦਾਤ ਬਖਸ਼ੇ। ਅਜਿਹੀ ਦੌਲਤ ਮਨੁੱਖ ਨੂੰ ਸਿਰਫ਼ ਪਰਮਾਤਮਾ ਪਾਸੋਂ ਹੀ ਪਰਾਪਤ ਹੁੰਦੀ ਹੈ। ਇਸ ਲਈ ਮਨੁੱਖ ਆਪਣੇ ਜੀਵਨ ਦੇ ਹਰ ਇਕ ਪੜਾਅ ਤੇ ਪਰਮਾਤਮਾ ਨੂੰ ਯਾਦ ਕਰਦਾ ਹੈ, ਤਾਂ ਕਿ ਉਸਦਾ ਕੀਤਾ ਜਾਣ ਵਾਲਾ ਕਰਮ ਸੁਖ ਵਿਚ ਸੰਪੂਰਨ ਹੋ ਜਾਵੇ। ਇਸ ਤਰ੍ਹਾਂ ਦਇਆ ਦੀ ਕੀਮਤ ਮਨੁੱਖ ਦੇ ਦਿਆਲੂ, ਕਲਿਆਣਕਾਰੀ ਅਤੇ ਉਸਦੇ ਨੇਕ ਹੋਣ ਨਾਲ ਸੰਬੰਧਤ ਹੈ।

## 3.2 ਦਇਆ ਅਤੇ ਧਰਮ

ਦਇਆ ਮੂਲ਼ ਰੂਪ ਵਿਚ ਅਧਿਆਤਮਕ-ਕੀਮਤ ਹੈ, ਜਿਸ ਦਾ ਮੁਖ ਆਧਾਰ ਧਰਮ ਦਾ ਅਨੁਭਵ ਹੈ। ਬਿਨਾਂ ਧਾਰਮਿਕ ਹੋਏ ਵੀ ਦਿਆਲੂ ਹੋਇਆ ਜਾ ਸਕਦਾ ਹੈ ਪਰ ਧਰਮ ਦੇ ਵਿਸ਼ਵ ਵਿਚ ਵੱਖ-ਵੱਖ ਅਨੁਭਵਾਂ ਰਾਹੀਂ ਜਿਸ ਤਰ੍ਹਾਂ ਦੇ ਅਨੁਭਵ ਪੈਦਾ ਹੋਏ ਹਨ ਅਤੇ ਧਰਮੀ-ਪੁਰਸ਼ਾਂ ਵਲੋਂ ਜਿਸ ਤਰ੍ਹਾਂ ਧਰਮ ਦੇ ਉਚਤਮ ਆਸ਼ਿਆਂ ਨੂੰ ਮੰਨ ਕਿ ਦਇਆ ਨੂੰ ਧਾਰਨ ਕੀਤਾ ਗਿਆ ਹੈ, ਉਹ ਸੰਸਾਰ ਵਿਚ ਬਹੁਤ ਮਹੱਤਵਪੂਰਣ  ਹੈ। ਧਰਮ ਰਾਹੀਂ ਇਹ ਜਿਆਦਾ ਸੰਭਾਵਨਾ ਹੈ, ਜਿਸ ਤੋਂ ਊਰਜਾ ਅਤੇ ਤਾਕਤ ਲੈ ਕੇ ਇਕ ਆਮ ਵਿਅਕਤੀ ਜਿਹੜੀਆਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਉਤਾਰਦਾ ਹੈ ਅਤੇ ਅਭਿਆਸ ਕਰਦਾ ਹੈ, ਉਹ ਮਨੁਖਤਾ ਲਈ ਵਧੇਰੇ ਕਲਿਆਣਕਾਰੀ ਹੁੰਦੀਆਂ ਹਨ। ਧਰਮ ਦੇ ਵੱਖ-ਵੱਖ ਰਹਿਬਰਾਂ ਨੇ ਆਪਣੇ ਜੀਵਨ ਰਾਹੀਂ ਇਸ ਸੰਸਾਰ ਵਿਚ ਦਇਆ ਦੇ ਉਚਤਮ ਆਦਰਸ਼ ਸਥਾਪਤ ਕੀਤੇ ਹਨ। ਈਸਾ ਨੇ ਲੋਕਾਂ ਵਿਚ ਵਿਚਰਦੇ ਹੋਏ ਦੁੱਖ ੀਆਂ ਅਤੇ ਰੋਗੀਆਂ ਦੇ ਦੁੱਖ  ਅਤੇ ਰੋਗ ਕੀਤੇ। ਉਹਨਾਂ ਵਿਚ ਵਿਸ਼ਵਾਸ਼ ਕਰਨ ਵਾਲਿਆਂ ਵਿਚ ਇਹ ਧਾਰਨਾ ਸੀ ਕਿ ਜੇਕਰ ਉਹਨਾਂ ਨੂੰ ਈਸਾ ਜੀ ਦਾ ਚੋਲਾ ਵੀ ਛੋਹ ਗਿਆ ਤਾਂ ਉਹਨਾਂ ਦੇ ਦੁੱਖ-ਦਰਦ ਦੂਰ ਹੋ ਜਾਣਗੇ। ਪੈਗ਼ੰਬਰ ਈਸਾ ਨੇ ਜ਼ਖ਼ਮੀਆਂ ਦੇ ਜ਼ਖ਼ਮਾਂ ਨੂੰ ਚੁੰਮ-ਚੁੰਮ ਕੇ ਠੀਕ ਕੀਤਾ, ਜੋ ਕਿ ਦਇਆ ਦਾ ਮਹਾਨਤਾ ਉਦਾਹਰਣ ਹੈ। ਇਸ ਤਰ੍ਹਾਂ ਵਿਭਿੰਨ ਧਰਮਾਂ ਦੇ ਅਨੁਭਵਾਂ ਰਾਹੀਂ ਪਤਾ ਲਗਦਾ ਹੈ ਕਿ ਹਰ ਇਕ ਵਿਸ਼ਵਾਸ਼ ਵਿਚ ਦਇਆ ਜਿਹੇ ਗੁਣ ਨੂੰ ਧਰਮ ਦੇ ਅਨੁਭਵ ਲਈ ਇਕ ਜ਼ਰੂਰੀ ਤੱਤ ਵਜੋਂ ਮੰਨਿਆ ਗਿਆ ਹੈ।

## 3.3 ਦਇਆ ਅਤੇ ਸਿੱਖ-ਸਿਧਾਂਤ

ਸਿੱਖ-ਸਿਧਾਂਤਾਂ ਵਿਚ ਦਇਆ ਇਕ ਮਹੱਤਵਪੂਰਣ ਕੀਮਤ ਦੇ ਤੌਰ 'ਤੇ ਸਥਾਪਤ ਹੋਈ ਹੈ, ਜਿਸਦਾ ਮੁਖ ਕਾਰਣ ਸਿੱਖੀ ਵਿਚ ਪਰਮਹਸਤੀ, ਪਰਮਸੱਤਾ ਅਕਾਲਪੁਰਖ਼ ਨੂੰ ਦਿਆਲੂ ਅਤੇ ਕ੍ਰਿਪਾਲੂ ਵਜੋਂ ਚਿਤਵਿਆ ਗਿਆ ਹੈ, ਜੋ ਕਿ ਮਿਹਰ ਕਰਨ ਵਾਲਾ ਹੈ। ਇਸ ਉਚਤਮ ਆਦਰਸ਼ ਕਰਕੇ ਸਿੱਖ ਦਾ ਦਿਆਲੂ ਹੋਣਾ ਜਾਂ ਇਸਦਾ ਅਭਿਆਸ ਕਰਨਾ ਅਕਾਲਪੁਰਖ ਦਾ ਸਿਮਰਨ ਕਰਨਾ ਹੀ ਹੈ। ਦਇਆ ਤੋਂ ਭਾਵ ਕਰੁਣਾ ਤੇ ਰਹਿਮ ਹੈ ਭਾਵ ਦੂਜਿਆਂ ਦੇ ਦੁੱਖ ਨੂੰ ਦੇਖ ਕੇ ਉਨ੍ਹਾਂ ਪ੍ਰਤੀ ਸਨੇਹ ਦਾ ਜਾਗਣਾ ਹੀ ਦਇਆ ਮੰਨਿਆ

ਗਿਆ ਹੈ। ਕਰੁਣਾਮਈ ਹੋ ਕੇ ਦੂਜੇ ਦੇ ਦੁੱਖ  ਦਾ ਦਾਰੂ ਕਰਨਾ ਜਾਂ ਉਸਨੂੰ ਨਿਵਰਤ ਕਰਨਾ ਦਇਆ ਦਾ ਸੰਪੂਰਨ ਸਰੂਪ ਮੰਨਿਆ ਗਿਆ ਹੈ। ਮਨੁੱਖ ਦੀ ਹਸਤੀ ਇਕ ਕੀਟ ਦੀ ਨਿਆਈਂ ਹੈ ਅਤੇ ਸਿੱਖ-ਜੀਵਨ ਗੁਰੂ ਦੀ ਦਇਆ ‘ਤੇ ਨਿਰਭਰ ਹੈ, ਜਿਸ ਦੀ ਦਇਆ ਰਾਹੀਂ ਨਾਮ ਦਾ ਪ੍ਰਗਾਸ ਸੰਭਵ ਹੈ:

ਹਰਿ ਕੇ ਜਨ ਸਤਿਗੁਰ ਸਤਪੁਰਖਾ ਬਿਨਉ ਕਰਉ ਗੁਰ ਪਾਸਿ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ॥
ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ॥
ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ ਹਰਿ ਕੀਰਤਿ ਹਮਰੀ ਰਹਰਾਸਿ॥

ਸਿੱਖ-ਜੀਵਨ ਦਾ ਮੂਲ਼ ਉਦੇਸ਼ ਵਾਹਿਗੁਰੂ ਦੀ ਪ੍ਰਾਪਤੀ ਹੈ, ਜਿਸ ਰਾਹੀਂ ਉਸਨੇ ਸੰਸਾਰਕ ਬੰਧਨਾਂ ਤੋਂ ਮੁਕਤ ਹੋਣਾ ਹੈ। ਵਾਹਿਗੁਰੂ ਦੇ ਚਰਨਾਂ ਦੀ ਪ੍ਰੀਤ ਗੁਰੂ-ਦਇਆ ‘ਤੇ ਹੀ ਆਸ਼ਰਤ ਹੈ। ਗੁਰੂ ਸਿੱਖ-ਜੀਵਨ ਦਾ ਧੁਰਾ ਹੈ, ਜਿਸ ਰਾਹੀਂ ਸਿੱਖ ਨੇ ਉਸਦੀ ਦਇਆ ਪ੍ਰਾਪਤ ਕਰਦੇ ਹੋਏ, ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਵੀ ਉਤਾਰਨਾ ਹੈ। ਸਤਿਗੁਰ ਦੇ ਦਰਸ਼ਨ ਦੀ ਅਭਿਲਾਸ਼ਾ ਅਤੇ ਉਸਦੀ ਦਇਆ-ਦ੍ਰਿਸ਼ਟੀ ਸਿੱਖ-ਜੀਵਨ ਲਈ ਅਤਿ ਜਰੂਰੀ ਹੈ ਕਿਉਂਕਿ ਉਹ ਦਇਆ ਕਰਕੇ ਵਿਛੜੇ ਹੋਏ ਪ੍ਰਭੂ ਦਾ ਮਿਲਾਪ ਕਰਵਾ ਸਕਦਾ ਹੈ:

ਸਤਿਗੁਰ ਨੋ ਸਭ ਕੋ ਲੋਚਦਾ ਜੇਤਾ ਜਗਤ ਸਭ ਕੋਇ॥
ਬਿਨੁ ਭਾਗਾ ਦਰਸਨੁ ਨਾ ਥੀਐ ਭਾਗਹੀਣ ਬਹਿ ਰੋਇ॥
ਜੋ ਹਰਿ ਪ੍ਰਭ ਭਾਣਾ ਸੋ ਥੀਆ ਧੁਰਿ ਲਿਖਿਆ ਨ ਮੇਟੈ ਕੋਇ॥
ਆਪੇ ਸਤਿਗੁਰੁ ਆਪਿ ਹਰਿ ਆਪੇ ਮੇਲਿ ਮਿਲਾਇ॥
ਆਪਿ ਦਇਆ ਕਰਿ ਮੇਲਸੀ ਗੁਰ ਸਤਿਗੁਰ ਪੀਛੈ ਪਾਇ॥
ਸਭੁ ਜਗਜੀਵਨੁ ਜਗਿ ਆਪਿ ਹੈ ਨਾਨਕ ਜਲੁ ਜਲਹਿ ਸਮਾਇ॥

ਸਤਿਗੁਰੂ ਦੀ ਦਇਆ ਕਰਕੇ ਨਾਮ-ਪ੍ਰਾਪਤੀ ਸਹਿਜੇ ਪ੍ਰਾਪਤ ਹੁੰਦੀ ਹੈ। ਸਤਿਗੁਰ ਦੀ ਸ਼ਰਨ ਬਿਨਾਂ ਅੰਤਰਆਤਮਾ ਦੇ ਕ੍ਰੋਧ, ਦਵੈਸ਼, ਹਉਮੈ ਆਦਿ ਵਿਕਾਰ ਨਹੀਂ ਮਿਟਦੇ। ਨਾਮ-ਸਿਮਰਨ ਦੇ ਅਭਿਆਸ ਰਾਹੀਂ ‘ਅੰਮ੍ਰਿਤ-ਰਸ’ ਦੀ ਪ੍ਰਾਪਤੀ ਹੁੰਦੀ ਹੈ, ਜਿਸ ਨਾਲ ਮਨੁਖੀ ਜੀਵਨ ਦਾ ਉਦੇਸ਼ ਸੰਪੂਰਨ ਹੁੰਦਾ ਹੈ। ਇਸ ਲਈ ਜਰੂਰੀ ਹੈ ਕਿ ਸਤਿਗੁਰ ਦੀ ਸ਼ਰਨ ਮਿਲੇ ਅਤੇ ਉਸਦੀ ਦਇਆ-ਦ੍ਰਿਸ਼ਟੀ ਨਾਲ ਨਾਮ-ਰਸ ਮਿਲੇ:

ਇਹੁ ਹਰਿ ਰਸੁ ਵਣਿ ਸਭਤੁ ਹੈ ਭਾਗਹੀਣ ਨਹੀ ਖਾਇ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥
ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ॥
ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤ ਚੋਇ॥
ਸਭੁ ਤਨੁ ਮਨੁ ਹਰਿਆ ਹੋਇਆ ਨਾਨਕ ਹਰਿ ਵਸਿਆ ਮਨਿ ਸੋਇ॥

### 3.3.1 ਮੰਗਲ

ਮੰਗਲ ਦਾ ਅਰਥ ਖੁਸ਼ੀ ਵਾਲਾ ਹੁੰਦਾ ਹੈ। ਕੀਰਤੀ ਕਰਨੀ/ਮੰਗਲ ਗਾਉਣੇ, ਉਸ ਪਿਆਰੇ ਪ੍ਰੀਤਮ ਪ੍ਰਭੂ ਦੇ ਮੰਗਲ ਗਾਉਣੇ ਜਿਹੜਾ ਸੁਖਾਂ ਦਾ ਦਾਤਾ ਹੈ, ਜਿਸ ਦੀ ਦ੍ਰਿਸ਼ਟੀ ਕਰਕੇ ਮਨੁੱਖ ਦਾ ਜੀਵਨ ਖੁਸ਼ੀਆਂ ਭਰਿਆ ਹੋ ਜਾਵੇ, ਜਗਿਆਸੂ ਭਗਤ ਜਨ ਉਸ ਦੇ ਸੋਹਿਲੇ ਗਾਉਂਦੇ ਹਨ। ਭਾਈ ਮੱਖਣ ਸ਼ਾਹ ਦਾ ਜਹਾਜ਼

ਗੁਰੂ ਜੀ ਦੀ ਕਿਰਪਾ ਨਾਲ ਸਮੁੰਦਰ ਵਿਚੋਂ ਸਹੀ ਸਲਾਮਤ ਬਾਹਰ ਆ ਗਿਆ। ਉਸ ਤੋਂ ਬਾਅਦ ਆਪਣੀ ਅਰਦਾਸ ਦੀ ਪੂਰਤੀ (ਸੁਖਣਾ ਪੂਰੀ ਕਰਨ ਲਈ) ਉਹ ਬਕਾਲੇ ਆਉਂਦਾ ਹੈ। ਇਥੇ ਆ ਕੇ ਉਸ ਨੂੰ ਸਚੇ ਗੁਰੂ ਦੀ ਭਾਲ ਕਰਨੀ ਪੈਂਦੀ ਹੈ। ਲੋਕਾਂ ਦੇ ਦਸਣ ਤੇ ਉਹ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕਰਨ ਜਾਂਦਾ ਹੈ। ਉਸ ਨੇ ਮਨ ਵਿਚ ਧਾਰਿਆ ਸੀ ਕਿ ਜਿਹੜਾ ਵੀ ਜਹਾਜ਼ ਵਾਲੀ ਘਟਨਾ ਦਸ ਕੇ ਆਪਣੀ ਭੇਟਾ ਮੰਗ ਲਵੇਗਾ ਉਹ ਹੀ ਸਚਾ ਗੁਰੂ ਹੋਵੇਗਾ। ਗੁਰੂ ਜੀ ਦੇ ਸਾਹਮਣੇ ਜਦੋਂ ਉਹ ਦੋ ਮੋਹਰਾਂ ਰਖ ਕੇ ਮਥਾ ਟੇਕਦਾ ਹੈ ਤਾਂ ਗੁਰੂ ਜੀ ਮੱਖਣ ਸ਼ਾਹ ਨੂੰ ਉਸਦੀ ਅਰਦਾਸ ਚੇਤੇ ਕਰਵਾਉਂਦੇ ਹਨ। ਮੱਖਣ ਸ਼ਾਹ ਖੁਸ਼ੀ ਵਿਚ 'ਗੁਰ ਲਾਧੋ ਰੇ' ਉਚਾਰਦਾ ਹੈ, ਜਿਸ ਰਾਹੀਂ ਉਹ ਸੰਗਤ ਜਿਹੜੀ ਗੁਰੂ ਜੀ ਦੇ ਦਰਸ਼ਨਾਂ ਲਈ ਬਿਹਬਲ ਹੋਈ ਭਟਕ ਰਹੀ ਸੀ, ਸਭ ਨੇ ਗੁਰੂ ਦੇ ਦਰਸ਼ਨ ਕੀਤੇ ਖੁਸ਼ੀ ਵਿਚ ਗੁਰੂ ਜੀ ਦੇ ਮੰਗਲ ਗਾਏ। ਅਰਦਾਸ ਦੀ ਪੂਰਤੀ ਅਤੇ ਲੋਕਾਈ ਦੇ ਕਲਿਆਣ ਹਿਤ ਆਤਮ ਪ੍ਰਗਟਾਵਾ ਮੰਗਲਮਈ ਹੋ ਜਾਂਦਾ ਹੈ, ਜਿਸ ਤੋਂ ਦਇਆ ਉਪਜਦੀ ਹੈ। ਇਸ ਲਈ ਜਰੂਰੀ ਹੈ ਕਿ ਸੱਚੇ ਗੁਰੂ ਦਾ ਮੰਗਲ ਗਾਇਆ ਜਾਵੇ:

ਆਵਹੁ ਮੀਤ ਪਿਆਰੇ ॥
ਮੰਗਲ ਗਾਵਹੁ ਨਾਰੇ ॥
ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥

### 3.3.2 ਕ੍ਰਿਪਾ ਅਤੇ ਕ੍ਰਿਪਾਨਿਧਾਨ

ਕ੍ਰਿਪਾ ਕਲਿਆਣਮਈ ਹੁੰਦੀ ਹੈ ਅਤੇ ਕਲਿਆਣਕਾਰੀ ਨੂੰ ਕ੍ਰਿਪਾਨਿਧਾਨ ਕਿਹਾ ਜਾਂਦਾ ਹੈ। ਕ੍ਰਿਪਾਨਿਧਾਨ ਦੇ ਸ਼ਾਬਦਿਕ ਅਰਥ ਹਨ- ਕ੍ਰਿਪਾ ਦਾ ਸਮੁੰਦਰ ਅਤੇ ਕ੍ਰਿਪਾ ਦਾ ਖ਼ਜ਼ਾਨਾ। ਇਹ ਇਕ ਅਜਿਹਾ ਸੰਕਲਪ ਹੈ ਜਿਸ ਦਾ ਭਾਵ ਹੈ ਕਿ ਪਰਮਾਤਮਾ ਕ੍ਰਿਪਾਨਿਧਾਨ ਹੈ, ਜਿਹੜਾ ਸਦਾ ਹੀ ਆਪਣੇ ਜੀਵਾਂ ਉਪਰ ਮਿਹਰ ਭਰਿਆ ਹਥ ਰਖਦਾ ਹੈ। ਉਸ ਦੀ ਦਇਆ ਦੇ ਖ਼ਜ਼ਾਨੇ ਭਰੇ ਪਏ ਹਨ, ਸਮੁੰਦਰ ਦੀ ਤਰ੍ਹਾਂ ਕਦੇ ਵੀ ਨਾ ਖਾਲੀ ਹੋਣ ਵਾਲੇ। ਕ੍ਰਿਪਾਨਿਧਾਨ ਵਾਹਿਗੁਰੂ ਦਿਆਲ ਕਿਵੇਂ ਹੈ, ਇਸਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਤਸੱਵਰ ਕੀਤਾ ਗਿਆ ਹੈ:

ਅਬਿਨਾਸੀ ਪ੍ਰਭੁ ਮਨ ਮਹਿ ਰਾਖ॥
ਮਾਨੁਖ ਕੀ ਤੂ ਪ੍ਰੀਤਿ ਤਿਆਗੁ॥
ਤਿਸ ਤੇ ਪਰੈ ਨਾਹੀ ਕਿਛੁ ਕੋਇ॥
ਸਰਬ ਨਿਰੰਤਰਿ ਏਕੋ ਸੋਇ॥
ਆਪੇ ਬੀਨਾ ਆਪੇ ਦਾਨਾ॥
ਘਹਿਰ ਗੰਭੀਰੁ ਗਹੀਰ ਸੁਜਾਨਾ॥
ਪਾਰਬ੍ਰਹਮ ਪਰਮੇਸੁਰ ਗੋਬਿੰਦ ॥
ਕ੍ਰਿਪਾ ਨਿਧਾਨ ਦਇਆਲ ਬਖਸੰਦ ॥
ਸਾਧ ਤੇਰੇ ਕੀ ਚਰਨੀ ਪਾਉ॥
ਨਾਨਕ ਕੈ ਮਨਿ ਇਹੁ ਅਨਰਾਉ॥

### 3.3.3 ਮਿਹਰਬਾਨ

ਦਇਆਵਾਨ ਅਤੇ ਮਿਹਰਬਾਨ ਆਤਮਕ ਤੌਰ 'ਤੇ ਇਕੋ ਹੀ ਅਨੁਭਵ ਵਾਲੇ ਹਨ। ਸਿੱਖ ਧਰਮ ਵਿਚ ਉਸ ਪਰਮਾਤਮਾ ਨੂੰ ਮਿਹਰਬਾਨ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਮਿਹਰਬਾਨ ਤੋਂ ਭਾਵ ਪਿਆਰ ਕਰਨ ਵਾਲਾ, ਕ੍ਰਿਪਾਲੂ ਆਦਿ ਹੈ। ਪਰਮਾਤਮਾ ਦਾ ਇਕ ਵਿਸ਼ੇਸ਼ ਗੁਣ ਇਸ ਨੂੰ ਸਿਫ਼ਾਤੀ ਨਾਮ ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਦਰਸਾਇਆ ਗਿਆ ਹੈ ਕਿ ਪਰਮਾਤਮਾ ਦਾ ਨਾਮ ਲੈਣ ਨਾਲ ਅਤੇ ਉਸ ਦੀ ਮਿਹਰ ਨਾਲ ਮਨੁੱਖ ਜਿਹੜਾ ਵੀ ਕਾਰਜ ਕਰਦਾ ਹੈ, ਉਹ ਸੰਪੂਰਨ ਹੋ ਜਾਂਦਾ ਹੈ। ਜਿਹੜਾ ਮਨੁੱਖ ਉਸ ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਕਰਕੇ ਕੋਈ ਕੰਮ ਸ਼ੁਰੂ ਕਰਦਾ ਹੈ, ਉਸ ਵਿਚ ਸਫਲਤਾ ਪਰਮਾਤਮਾ ਖੁਦ ਆਪ ਦਿੰਦਾ ਹੈ, ਉਹ ਆਪ ਸਹਾਈ ਹੁੰਦਾ ਹੈ:

ਸੁਖਦਾਤਾ ਭੈ ਭੰਜਨੋ ਤਿਸੁ ਆਗੈ ਕਰਿ ਅਰਦਾਸਿ ॥
ਮਿਹਰ ਕਰੇ ਜਿਸੁ ਮਿਹਰਵਾਨੁ ਤਾਂ ਕਾਰਜੁ ਆਵੈ ਰਾਸਿ ॥

ਗੁਰਬਾਣੀ ਅਨੁਸਾਰ ਉਹ ਪਰਮਾਤਮਾ ਇੰਨਾ ਕਲਿਆਣਕਾਰੀ ਹੈ ਕਿ ਸਾਰੇ ਜੀਵ ਉਸ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਤ੍ਰਿਪਤ ਹੁੰਦੇ ਹਨ। ਉਹ ਸਭ ਨੂੰ ਰਿਜ਼ਕ ਪ੍ਰਦਾਨ ਕਰਦਾ ਹੈ ਕੋਈ ਵੀ ਜੀਵ ਭੁਖਾ ਨਹੀਂ ਰਹਿੰਦਾ। ਅਸੀਂ ਸਮਾਜ ਵਿਚ ਦੇਖਦੇ ਹਾਂ ਕਿ ਧਰਮੀ ਤੇ ਮਿਹਨਤੀ ਬੰਦੇ ਨੂੰ ਤਾਂ ਰਬ ਰਿਜ਼ਕ ਦੇ ਹੀ ਰਿਹਾ ਹੈ। ਪਰਮਾਤਮਾ ਇੰਨਾ ਕਿਰਪਾਲੂ ਹੈ ਕਿ ਉਹ ਵਿਭਚਾਰੀਆਂ, ਨਸ਼ੇੜੀਆਂ ਤੇ ਨਿਕੰਮੇ ਬੰਦਿਆਂ ਨੂੰ ਵੀ ਭੁੱਖਾ ਨਹੀਂ ਮਰਨ ਦਿੰਦਾ। ਇਸੇ ਤਰ੍ਹਾਂ ਚੁਰਾਸੀ ਲੱਖ ਜੂਨਾਂ, ਸਭ ਦੇ ਰਿਜ਼ਕ ਦਾ ਪ੍ਰਬੰਧ ਉਸ ਨੇ ਕੀਤਾ ਹੋਇਆ ਹੈ। ਭਾਵੇਂ ਉਹ ਨਿਕੇ ਤੋਂ ਨਿਕਾ ਕੀੜਾ ਹੀ ਕਿਉਂ ਨਾ ਹੋਵੇ:

ਸਾਚਾ ਸਾਹਿਬੁ ਸਦ ਮਿਹਰਵਾਣ॥
ਬੰਧੁ ਪਾਇਆ ਮੇਰੈ ਸਤਿਗੁਰਿ ਪੂਰੈ ਹੋਈ ਸਰਬ ਕਲਿਆਣ॥
ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ॥
ਅਪਣੇ ਦਾਸ ਕੀ ਆਪਿ ਪੈਜ ਰਾਖੀ ਨਾਨਕ ਸਦ ਕੁਰਬਾਣੁ॥

### 3.3.4 ਦਇਆਲੂ

ਦਇਆਲੂ ਤੋਂ ਭਾਵ ਹੈ ਦੇਣ ਵਾਲਾ, ਦਾਤਾਰ। ਸਭ ਜੀਵ ਦਾਤਾਂ ਮੰਗਣ ਵਾਲੇ ਹਨ ਅਤੇ ਉਹ ਦਾਤਾਰ ਦਇਆਲੂ ਸਭ ਦੀਆਂ ਝੋਲੀਆਂ ਭਰਨ ਵਾਲਾ ਹੈ। ਉਸ ਪ੍ਰਮਾਤਮਾ ਦਾ ਸੁਭਾਅ ਇੰਨਾ ਦਿਆਲੂ ਹੈ ਕਿ ਮਨੁੱਖ ਦੀ ਪਦਾਰਥਕ ਕਾਮਨਾ ਤੋਂ ਲੈ ਕੇ ਪਰਮਾਰਥ ਤਕ ਦੀ ਅਰਦਾਸ ਨੂੰ ਪੂਰਾ ਕਰਦਾ ਹੈ। ਉਸ ਪਰਮਾਤਮਾ ਦੀ ਦਇਆ ਕਰਕੇ ਹੀ ਮਨੁੱਖ ਨਾਮ ਜਪਣ ਦਾ ਅਧਿਕਾਰੀ ਬਣ ਪਾਉਂਦਾ ਹੈ।

ਸਭਿ ਜਾਚਿਕ ਪ੍ਰਭ ਤੁਮ੍ ਦਇਆਲ ॥
ਨਾਮੁ ਜਪਤ ਹੋਵਤ ਨਿਹਾਲ ॥
ਮੇਰੇ ਪ੍ਰੀਤਮ ਕਾਰਣ ਕਰਣ ਜੋਗ॥
ਹਉ ਪਾਵਉ ਤੁਮ ਤੇ ਸਗਲ ਥੋਕ॥

ਗੁਰਬਾਣੀ ਮਨੁੱਖ ਨੂੰ ਗਿਆਨ ਪ੍ਰਦਾਨ ਕਰਦੀ ਹੈ ਕਿ ਮਨੁੱਖ ਜਾਚਕ ਹੈ ਤੇ ਉਹ ਹੱਥ ਪਸਾਰ ਕੇ ਪਰਮਾਤਮਾ ਪਾਸੋਂ ਦਾਤਾਂ ਦੀ ਮੰਗ ਕਰਦਾ ਹੈ। ਨਾਮ, ਤੰਦਰੁਸਤੀ, ਸੱਚ ਦੇ ਰਸਤੇ ਉਪਰ ਚੱਲਣ ਲਈ, ਬਲ, ਬੁਧੀ, ਨੈਤਿਕਤਾ, ਪਰਮਾਤਮਾ ਨਾਲ ਮਿਲਾਪ ਦੀ ਅਰਦਾਸ ਵੀ ਮਨੁੱਖ ਪਰਮਾਤਮਾ ਪਾਸ ਕਰਦਾ ਹੈ, ਜੋ ਕਿ ਬਖ਼ਸ਼ਿਸ਼ ਕਰਨ ਦੇ ਸਮਰੱਥ ਹੈ:

ਅਲਖ ਨਿਰੰਜਨ ਏਕੋ ਵਰਤੈ ਏਕਾ ਜੋਤਿ ਮੁਰਾਰੀ॥

ਸਭਿ ਜਾਚਿਕ ਤੂ ਏਕੋ ਦਾਤਾ ਮਾਗਹਿ ਹਾਥ ਪਸਾਰੀ ॥

## 3.4 ਦਇਆ ਅਤੇ ਸਿੱਖ-ਵਿਵਹਾਰਕਤਾ

ਗੁਰੂ-ਸਾਹਿਬਾਨ ਦਾ ਆਦਰਸ਼ਮਈ ਜੀਵਨ ਦਇਆ ਦਾ ਸਾਗਰ ਹੈ, ਜਿਸ ਵਿਚ ਦਇਆ ਸੰਬੰਧੀ ਅਨੇਕ ਪ੍ਰੇਰਨਾਮਈ ਸਾਖੀਆਂ ਅਤੇ ਘਟਨਾਵਾਂ ਦਾ ਜ਼ਿਕਰ ਮਿਲਦਾ ਹੈ। ਗੁਰੂ-ਸਾਹਿਬਾਨ ਅਤੇ ਗੁਰਸਿੱਖਾਂ ਨੇ ਆਪਣੇ ਪਰਉਪਕਾਰੀ ਜੀਵਨ ਨਾਲ ਦਇਆ ਦੇ ਇਸ ਤਰ੍ਹਾਂ ਦੇ ਮਿਆਰ ਸਥਾਪਤ ਕੀਤੇ ਹਨ, ਜੋ ਕਿ ਇਕ ਕੀਮਤ ਦੀ ਤਰ੍ਹਾਂ ਸਥਾਪਤ ਹਨ।

### 3.4.1 ਗੁਰੂ ਸਾਹਿਬਾਨ ਦੀ ਦਇਆ

- ਪਹਿਲੀ ਉਦਾਸੀ ਦੌਰਾਨ ਗੁਰੂ ਨਾਨਕ ਦੇਵ ਜੀ ਨੂੰ ਦੀਪਾਲਪੁਰ ਨਗਰ ਦੇ ਬਾਹਰ ਇਕ ਕੋਹੜੀ ਮਿਲਿਆ, ਜੋ ਕਿ ਆਪਣੇ ਕੋਹੜ ਕਾਰਨ ਨਗਰ ਵਿਚ ਨਹੀਂ ਰਹਿੰਦਾ ਸੀ। ਉਸ ਦਾ ਸਾਰਾ ਸਰੀਰ ਜ਼ਖ਼ਮਾਂ ਨਾਲ ਭਰਿਆ ਹੋਇਆ ਸੀ ਤੇ ਉਸ 'ਤੇ ਮੱਖੀਆਂ ਭਿਣਕ ਰਹੀਆਂ ਸਨ। ਇਸ ਕਰਕੇ ਉਸ ਨੂੰ ਚੈਨ ਨਹੀਂ ਸੀ। ਉਸ ਦੇ ਰੋਗ ਕਾਰਨ ਉਸ ਦੇ ਸਾਕ ਸੰਬੰਧੀ ਸਭ ਸਾਥ ਛੱਡ ਗਏ ਸਨ, ਕਦੇ ਕਦੇ ਪਿੰਡ ਦੇ ਲੋਕ ਤਰਸ ਕਰ ਕੇ ਉਸ ਨੂੰ ਪਾਣੀ ਤੇ ਰੋਟੀ ਦੇ ਜਾਂਦੇ ਸਨ। ਗੁਰੂ ਜੀ ਨੇ ਉਸ ਦੇ ਦੁੱਖ ਾਂ ਨੂੰ ਦੇਖ ਕੇ ਦਇਆ ਕਰਕੇ ਉਸ ਦੀ ਕੁਟੀਆ ਅੰਦਰ ਚਲੇ ਗਏ। ਗੁਰੂ ਜੀ ਦੀ ਛੋਹ ਨਾਲ ਉਸ ਕੋਹੜੀ ਦਾ ਰੋਗ ਦੂਰ ਹੋ ਗਿਆ, ਜਿਸ ਕਰਕੇ ਉਸ ਨੂੰ ਨਵਾਂ ਜੀਵਨ ਮਿਲਿਆ।
- ਗੁਰੂ ਜੀ ਦੇ ਕਲਿਆਣਕਾਰੀ ਸੁਭਾਅ ਇਕ ਸਾਖੀ ਵਿਚੋਂ ਉਜਾਗਰ ਹੁੰਦਾ ਹੈ, ਬਹਾਵਲਹਕ ਨਾਮੀ ਮੁਲਤਾਨ ਦਾ ਪੀਰ, ਜਿਸ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਬਚਨ ਲਿਆ ਕਿ ਜਦੋਂ ਉਹ ਸਰੀਰ ਤਿਆਗੇ ਤਾਂ ਉਹ (ਗੁਰੂ ਨਾਨਕ ਦੇਵ ਜੀ) ਉਸ ਦੇ ਕੋਲ ਹੋਣ। ਉਹ ਗੁਰੂ ਜੀ ਦੇ ਸਾਥ ਨੂੰ ਹੀ ਸਵਰਗ (ਬਹਿਸ਼ਤ) ਮੰਨਦਾ ਸੀ। ਗੁਰੂ ਜੀ ਨਾਲ ਕੀਤਾ ਕੌਲ ਉਸ ਨੇ ਕਿਸੇ ਨਾਲ ਵੀ ਸਾਂਝਾ ਨਾ ਕੀਤਾ। ਜਦੋਂ ਉਸ ਦਾ ਅੰਤਿਮ ਸਮਾ ਨੇੜੇ ਆਇਆ ਤਾਂ ਉਸ ਨੇ ਆਪਣੇ ਸਿਆਣੇ ਮੁਰੀਦਾਂ ਨੂੰ ਕੋਲ ਬੁਲਾ ਕੇ ਸਾਰੀ ਗਲ ਦਸੀ। ਪਰ ਸਾਰੇ ਮੁਰੀਦ ਪੀਰ ਦੀ ਗਲ ਸੁਣ ਕੇ ਹੈਰਾਨ ਰਹਿ ਗਏ ਅਤੇ ਉਨ੍ਹਾਂ ਨੇ ਸੋਚਿਆ ਕਿ ਜ਼ਿਆਦਾ ਬਜ਼ੁਰਗੀ ਕਾਰਨ ਪੀਰ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਰਿਹਾ। ਫਿਰ ਉਹ ਸਭ ਪੀਰ ਦੇ ਕੋਲ ਜਾ ਕੇ ਕਹਿੰਦੇ ਹਨ ਕਿ ਆਪ ਜੀ ਦੀ ਗਲ ਸੁਣ ਕੇ ਉਨ੍ਹਾਂ ਦਾ ਈਮਾਨ ਡੋਲ ਰਿਹਾ ਹੈ। ਇਸ ਤੇ ਪੀਰ ਨੇ ਕਿਹਾ ਕਿ ਇਕ ਮੁਰੀਦ ਨਾਨਕ ਦੇ ਪਾਸ ਇਕ ਚਿੱਠੀ ਲੈ ਜਾਵੇ, ਉਹ ਖੁਦ ਆਪ ਮੰਗ ਲਵੇਗਾ। ਇਕ ਮੁਰੀਦ ਪੀਰ ਦੀ ਚਿੱਠੀ ਲੈ ਕੇ ਕਰਤਾਰਪੁਰ ਚਲਾ ਗਿਆ। ਗੁਰੂ ਜੀ ਨੇ ਆਪ ਬੁਲਾ ਕੇ ਚਿਠੀ ਦੀ ਮੰਗ ਕੀਤੀ, ਮੁਰੀਦ ਵੀ ਅਸਚਰਜ ਰਹਿ ਗਿਆ। ਗੁਰੂ ਜੀ ਨੇ ਜਦੋਂ ਚਿੱਠੀ ਪੜ੍ਹੀ ਤਾਂ ਉਨ੍ਹਾਂ ਦੇ ਨੈਣਾਂ ਵਿਚੋਂ ਜਲ ਛਲਕ ਪਿਆ। ਫਿਰ ਗੁਰੂ ਜੀ ਨੇ ਕਿਹਾ ਕਿ ਅਜ ਸਾਡੇ ਮਿਤਰ ਨੇ ਇਸ ਸੰਸਾਰ ਤੋਂ ਪਿਆਨਾ ਕਰ ਲਿਆ ਹੈ। ਇਸ ਤੋਂ ਉਪਰੰਤ ਗੁਰੂ ਜੀ ਨੇ ਚਿਠੀ ਉਪਰ ਕੁਝ ਲਿਖਿਆ। ਜਦੋਂ ਪੀਰ ਦੇ ਮੁਰੀਦ ਨੇ ਗੁਰੂ ਜੀ ਦੇ ਮੁਖ ਤੋਂ ਸਾਰੀ ਵਾਰਤਾ ਸੁਣੀ ਤਾਂ ਉਹ ਬੇਹੋਸ਼ ਹੋ ਗਿਆ ਕਿਉਂਕਿ ਉਸ ਦੀ ਵੀ ਆਪਣੇ ਪੀਰ ਨਾਲ ਬੜੀ ਡੂੰਘੀ ਪ੍ਰੀਤ ਸੀ। ਜਦੋਂ ਉਸ ਨੂੰ ਹੋਸ਼ ਆਈ ਤਾਂ ਗੁਰੂ ਜੀ ਦੇ ਚਰਨ ਫੜ੍ਹ ਲਏ। ਗੁਰੂ ਜੀ ਨੇ ਉਸ ਮੁਰੀਦ ਨੂੰ ਚਿਠੀ ਦਿਤੀ ਤੇ ਕਿਹਾ ਕਿ ਪੀਰ ਦੀ ਕਬਰ ਤੇ ਰਖ ਦੇਣਾ ਕਬਰ ਵਿਚੋਂ "ਪਹੁੰਚਾ" ਦੀ ਆਵਾਜ਼ ਆਵੇਗੀ ਤਾਂ ਸਮਝ ਜਾਣਾ ਇਹ ਸਾਡੇ ਮਿਲਣ ਦੀ ਨਿਸ਼ਾਨੀ ਹੈ। ਗੁਰੂ ਜੀ ਦੀ ਗਲ ਮੰਨ ਕੇ ਮੁਰੀਦ ਮੁਲਤਾਨ ਪਹੁਚਿਆ ਤੇ ਪੀਰ ਜੀ ਦੀ ਕਬਰ ਉੱਪਰ ਗੁਰੂ ਜੀ ਵਾਲੀ ਚਿਠੀ ਰਖ ਦਿਤੀ। ਜਿਉਂ ਹੀ ਚਿਠੀ ਕਬਰ ਉਪਰ ਰਖੀ ਤਾਂ ਆਵਾਜ਼ ਆਈ "ਪਹੁੰਚਾ"। ਇਸ ਤੋਂ ਉਪਰੰਤ ਇਹ ਸਾਰੀ ਵਾਰਤਾ ਉਸ ਮੁਰੀਦ ਨੇ ਸਾਰੇ ਮੁਰੀਦਾਂ ਨਾਲ ਸਾਂਝੀ ਕੀਤੀ। ਇਸ ਸਾਖੀ ਰਾਹੀਂ

ਗੁਰੂ ਜੀ ਦਾ ਕਲਿਆਣਕਾਰੀ ਸਰੂਪ ਸਾਹਮਣੇ ਆਉਂਦਾ ਹੈ ਕਿਉਂਕਿ ਉਨ੍ਹਾਂ ਨੇ ਦਇਆ ਕਰਕੇ ਪੀਰ ਨੂੰ ਅੰਤਿਮ ਸਮੇਂ ਬਹਿਸ਼ਤ ਦੀ ਤੇ ਮਿਲਾਪ ਦੀ ਖੁਸ਼ੀ ਪ੍ਰਦਾਨ ਕੀਤੀ।

- ਗੁਰੂ ਅਰਜਨ ਦੇਵ ਜੀ ਦਇਆ ਤੇ ਸ਼ਾਂਤੀ ਦੀ ਮੂਰਤ ਸਨ। ਗੁਰੂ ਜੀ ਨੇ ਰੋਗੀਆਂ ਦੇ ਲਈ ਤਰਨਤਾਰਨ ਵਿਖੇ ਕੁਸ਼ਟ ਆਸ਼ਰਮ ਵੀ ਖੋਲਿਆ ਸੀ, ਜਿਸ ਵਿਚ ਉਨ੍ਹਾਂ ਰੋਗੀਆਂ ਦੇ ਰਹਿਣ, ਖਾਣ—ਪੀਣ ਦੇ ਇਲਾਵਾ ਦਵਾ-ਦਾਰੂ ਰਾਹੀਂ ਉਨ੍ਹਾਂ ਦਾ ਇਲਾਜ ਵੀ ਕੀਤਾ ਜਾਂਦਾ ਸੀ। ਗੁਰੂ ਜੀ ਦੇ ਇਸ ਕਲਿਆਣਕਾਰੀ ਸੁਭਾਅ ਕਰਕੇ ਕਈ ਲੋਕਾਂ ਦੇ ਦੁੱਖ ਕੱਟੇ ਗਏ। ਗੁਰੂ ਜੀ ਆ ਪਇਸ ਕੁਸ਼ਟ-ਆਸ਼ਰਮ ਵਿਚ ਜਾਂਦੇ ਅਤੇ ਸੇਵਾ ਕਰਦੇ, ਜਿਸਨੂੰ ਵੇਖ ਕੇ ਸਿੱਖਾਂ ਅੰਦਰ ਨਿਮਰਤਾ ਅਤੇ ਦਇਆ ਦੇ ਗੁਣ ਪੈਦਾ ਹੋਏ।

- ਗੁਰੂ ਸਾਹਿਬਾਨ ਨੇ ਜਿਥੇ ਮਨੁੱਖਤਾ ਦੇ ਮਾਨਸਿੱਖ ਰੋਗਾਂ ਨੂੰ ਤਾਂ ਦੂਰ ਕੀਤਾ ਹੀ ਸੀ ਓਥੇ ਸਰੀਰਕ ਕਸ਼ਟਾਂ ਨੂੰ ਵੀ ਦੂਰ ਕਰਨ ਦੇ ਉਪਰਾਲੇ ਕੀਤੇ। ਗੁਰੂ ਹਰਿ ਰਇ ਜੀ ਨੇ ਕੀਰਤਪੁਰ ਸਾਹਿਬ ਵਿਚ ਇਕ ਬਹੁਤ ਉਚ ਕੋਟੀ ਦਾ ਸ਼ਫਾਖਾਨਾ ਤਿਆਰ ਕਰਵਾਇਆ ਸੀ, ਜਿਸ ਵਿਚ ਬਹੁਤ ਹੀ ਕੀਮਤੀ ਤੇ ਗੁਣਕਾਰੀ ਬੂਟੀਆਂ ਰਖੀਆਂ ਹੋਈਆਂ ਸਨ, ਜਿਨ੍ਹਾਂ ਰਾਹੀਂ ਸਭ ਦਾ ਇਲਾਜ ਬੜੀ ਆਸਾਨੀ ਨਾਲ ਹੋ ਜਾਂਦਾ ਸੀ। ਦਾਰਾ ਸਿੱਖੋਹ ਦੇ ਅੰਦਰ ਸ਼ੇਰ ਦਾ ਵਾਲ ਖਾਣ ਸਮੇਂ ਲੰਘ ਗਿਆ। ਉਸ ਦੀ ਵਜ੍ਹਾ ਕਰਕੇ ਉਹ ਬਿਮਾਰ ਰਹਿਣ ਲਗ ਪਿਆ। ਬਾਦਸ਼ਾਹ ਸ਼ਾਹਜਹਾਂ ਨੂੰ ਬਹੁਤ ਫਿਕਰ ਹੋਇਆ, ਉਸ ਨੇ ਸਾਰ ਹਕੀਮਾਂ ਪਾਸੋਂ ਇਲਾਜ ਕਰਵਾਇਆ, ਪਰ ਕੋਈ ਫਰਕ ਨਾ ਪਿਆ। ਉਸ ਨੇ ਸਿਆਣੇ ਹਕੀਮਾਂ ਨਾਲ ਸਲਾਹ ਕੀਤੀ, ਉਨ੍ਹਾਂ ਵਿਚੋਂ ਕਿਸੇ ਹਕੀਮ ਨੇ ਕਿਹਾ ਕਿ ਇਕ ਦਵਾਈ ਹੈ ਜਿਹੜੀ ਦਾਰਾ ਸਿਕੋਹ ਦਾ ਇਲਾਜ ਲਈ ਜਰੂਰੀ ਹੈ। ਉਹ ਮਿਲੇਗੀ ਗੁਰੂ ਹਰਿ ਰਾਇ ਜੀ ਦੇ ਸ਼ਫਾਖਾਨੇ ਵਿਚੋਂ। ਬਾਦਸ਼ਾਹ ਨੇ ਗੁਰੂ ਜੀ ਨੂੰ ਚਿਠੀ ਲਿਖੀ ਤੇ ਹਕੀਮਾਂ ਦੀ ਦੱਸੀ ਦਵਾਈ ਬਾਰੇ ਲਿਖ ਕੇ ਆਪਣੇ ਅਹਿਲਕਾਰਾਂ ਨੂੰ ਭੇਜਿਆ। ਗੁਰੂ ਜੀ ਰਹਿਮਤ ਦੀ ਮੂਰਤ ਉਨ੍ਹਾਂ ਨੇ ਬਾਦਸ਼ਾਹ ਦੇ ਬੇਟੇ ਦਾਰਾ ਸਿਕੋਹ ਦੇ ਦੁੱਖ ਦੂਰ ਕਰਨ ਲਈ ਉਹ ਦਵਾਈ ਭੇਜ ਦਿਤੀ। ਉਸ ਦਵਾਈ ਦੇ ਸੇਵਨ ਨਾਲ ਦਾਰਾ ਸਿੱਖੋਹ ਬਹੁਤ ਜਲਦੀ ਰਾਜ਼ੀ ਹੋ ਗਿਆ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਮਨੁਖਤਾ ਦੇ ਦੁੱਖ ਹਰਤਾ ਸਨ।

- ਗੁਰੂ ਹਰਿਕ੍ਰਿਸ਼ਨ ਜੀ ਜਦੋਂ ਦਿਲੀ ਵਿਖੇ ਗਏ ਤਾਂ ਉਥੇ ਚੇਚਕ ਦੀ ਬਿਮਾਰੀ ਫੈਲੀ ਹੋਈ ਸੀ। ਗੁਰੂ ਜੀ ਮਨੁਖਤਾ ਦੀ ਸੇਵਾ ਵਿਚ ਉਨ੍ਹਾਂ ਦੇ ਰੋਗ ਨੂੰ ਦੂਰ ਕਰਨ ਲਗ ਪਏ। ਬਾਦਸ਼ਾਹ ਔਰੰਗਜ਼ੇਬ ਨੇ ਗੁਰੂ ਨੂੰ ਮਿਲਣ ਲਈ ਦਿਲੀ ਬੁਲਾਇਆ ਸੀ। ਪਰ ਗੁਰੂ ਜੀ ਉਸ ਨੂੰ ਮਿਲਣਾ ਨਹੀਂ ਸਨ ਚਾਹੁੰਦੇ। ਇਥੇ ਰਹਿੰਦਿਆਂ ਤੇ ਦੁੱਖ ੀਆਂ ਦੀ ਸੇਵਾ ਕਰਦਿਆਂ ਗੁਰੂ ਜੀ ਵੀ ਚੇਚਕ ਦੀ ਬਿਮਾਰੀ ਨਾਲ ਗ੍ਰਸਤ ਹੋ ਗਏ। ਫਿਰ ਆਖਰ ਉਹ ਜੋਤੀ ਜੋਤਿ ਸਮਾ ਗਏ। ਅਜਿਹਾ ਦੁੱਖ ਹਰਤਾ ਕਿ ਲੋਕਾਂ ਦੀ ਬਿਮਾਰੀ ਨੂੰ ਖਤਮ ਕਰਨ ਲਈ ਸਾਰੀ ਬਿਮਾਰੀ ਹੀ ਧਾਰਨ ਕਰ ਲਈ ਤੇ ਉਸ ਨੂੰ ਦਿਲੀ ਵਿਚੋਂ ਖਤਮ ਕਰ ਦਿਤਾ।ਗੁਰੂ ਗੋਬਿੰਦ ਸਿੰਘ ਜੀ ਨੇ ਅਰਦਾਸ ਵਿਚ ਗੁਰੂ ਹਰਿਕ੍ਰਿਸ਼ਨ ਜੀ ਸੰਬੰਧੀ ਇਹ ਦਰਜ਼ ਕੀਤਾ ਕਿ "ਸ੍ਰੀ ਹਰਿਕ੍ਰਿਸਨ ਧਿਆਇਐ ਜਿਸੁ ਡਿਠੇ ਸਭ ਦੁੱਖ ਜਾਇ"।

- ਗੁਰੂ ਗੋਬਿੰਦ ਸਿੰਘ ਜੀ ਦੀ ਦਇਆ ਨਾਲ ਕਈ ਭਟਕੇ ਹੋਏ ਸਿੱਖ ਵੀ ਮੁਆਫ਼ੀ ਦੇ ਹੱਕਦਾਰ ਬਣੇ। ਅਨੰਦਪੁਰ ਸਾਹਿਬ ਦੀ ਜੰਗ ਸਮੇਂ ਚਾਲੀ ਸਿੱਖ ਗੁਰੂ ਜੀ ਨੂੰ ਬੇਦਾਵਾ ਦੇ ਕੇ ਚਲੇ ਗਏ। ਜਦੋਂ ਮਾਈ ਭਾਗੋ ਨੂੰ ਪਤਾ ਲਗਿਆ ਤਾਂ ਉਸਨੇ ਵਾਪਿਸ ਘਰਾਂ ਵਿਚ ਆਏ ਸਿੱਖਾਂ ਨੂੰ ਫਿਟਕਾਰ ਪਾਈ ਤਾਂ ਉਹ ਵਾਪਸ ਗੁਰੂ ਜੀ ਦੀ ਭਾਲ ਕਰਦੇ ਹੋਏ ਖਿਦਰਾਣੇ ਦੀ ਢਾਬ ਤੇ ਪਹੁੰਚ ਗਏ।

ਓਥੇ ਉਨ੍ਹਾਂ ਦੀ ਜੰਗ ਮੁਗ਼ਲ ਸਿਪਾਹੀਆਂ ਨਾਲ ਹੁੰਦੀ ਹੈ ਤੇ ਉਹ ਸਭ ਸ਼ਹੀਦ ਹੋ ਜਾਂਦੇ ਹਨ। ਗੁਰੂ ਜੀ ਜਦ ਉਥੇ ਪਹੁੰਚਦੇ ਹਨ ਤਾਂ ਚਾਲੀ ਸਿੱਖਾਂ ਦਾ ਸਰਦਾਰ ਮਹਾਂ ਸਿੰਘ ਅਜੇ ਸਾਹ ਲੈ ਰਿਹਾ ਸੀ। ਗੁਰੂ ਜੀ ਉਸ ਦੇ ਕੋਲ ਆਉਂਦੇ ਹਨ ਤੇ ਮਹਾਂ ਸਿੰਘ ਨੂੰ ਉਸਦੀ ਆਖਰੀ ਇਛਾ ਪੁੱਛਦੇ ਹਨ। ਮਹਾਂ ਸਿੰਘ ਗੁਰੂ ਸਾਹਿਬ ਨੂੰ ਬੇਦਾਵੇ ਪਾੜਨ ਲਈ ਬੇਨਤੀ ਕਰਦਾ ਹੈ। ਗੁਰੂ ਜੀ ਦਇਆ ਕਰਕੇ ਬੇਦਾਵਾ ਪਾੜ ਦਿੰਦੇ ਹਨ ਅਤੇ ਚਾਲੀ ਸ਼ਹੀਦ ਸਿੱਖਾਂ ਨੂੰ ਵੱਖ-ਵੱਖ ਪਦਵੀਆਂ ਨਾਲ ਸਨਮਾਨਦੇ ਹਨ। ਇਸ ਸਥਾਨ ਨੂੰ ਟੁਟੀ ਗੰਢੀ ਦੇ ਵਿਸ਼ੇਸ਼ਣ ਨਾਲ ਤੇ ਖਾਸ ਕਰ ਮੁਕਤਸਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

### 3.4.2 ਦਇਆਮਈ ਸੇਵਾ

ਸਿੱਖ-ਪਰੰਪਰਾ ਵਿਚ ਗੁਰੂ-ਸਾਹਿਬਾਨ ਦੇ ਜੀਵਨ-ਆਦਰਸ਼ ਨੂੰ ਅਪਨਾਉਣ ਅਤੇ ਮਨੁਖਤਾ ਦੇ ਭਲੇ ਲਈ ਇਸਦੇ ਪ੍ਰਸਾਰ ਕਰਨ ਹਿੱਤ ਕਈ ਸੰਪਰਦਾਇ ਅਤੇ ਸਿੱਖ-ਸੰਤਾਂ, ਗੁਰਮੁਖਾਂ ਨੇ ਕਾਰਜ ਕੀਤੇ ਹਨ। ਗੁਰੂ ਦੇ ਥਾਪੜੇ ਵਿਚੋਂ ਨਿਰਮਤ ਹੋਏ ਉਦਾਸੀ, ਨਿਰਮਲੇ, ਸੇਵਾਪੰਥੀ, ਖ਼ਾਲਸਾ ਅਤੇ ਨਾਨਕ-ਪੰਥੀਆਂ ਨੇ ਵੱਖ-ਵੱਖ ਸਥਾਨਾਂ 'ਤੇ ਸ਼ਬਦ ਨੂੰ ਆਪਣੇ ਅਨੁਭਵ ਦੇ ਕੇਂਦਰ ਵਿਚ ਰਖਦੇ ਹੋਏ ਦਇਆਪੂਰਨ ਸੇਵਾਵਾਂ ਕੀਤੀਆਂ।

ਉਦਾਸੀ ਸੰਪ੍ਰਦਾਇ ਦੇ ਸਾਧੂਆਂ ਨੇ 'ਸਤਿਨਾਮ' ਦਾ ਜਾਪ ਏਸ਼ੀਆ ਦੇ ਦੇਸ਼ਾਂ ਤਕ ਫੈਲਾਇਆ। ਸਤਿਨਾਮ ਦੇ ਉਚਾਰਣ ਰਾਹੀਂ ਸਿਮਰਨ ਕਰਦੇ ਉਦਾਸੀ ਸਾਧੂਆਂ ਨੇ ਸਿੱਖੀ ਦੇ ਪ੍ਰਸਾਰ ਵਾਸਤੇ ਗੁਰਬਾਣੀ ਨੂੰ ਬੀੜਾਂ ਦੇ ਅਨੇਕਾਂ ਉਤਾਰਿਆਂ ਰਾਹੀਂ ਦੂਰ-ਦੂਰ ਤਕ ਪਹੁੰਚਾਇਆ। ਮਨੁੱਖੀ ਦੇਹ ਅਤੇ ਮਨ ਦੇ ਰੋਗਾਂ ਨੂੰ ਸਾਧਣ ਲਈ ਉਦਾਸੀ ਸੰਤਾਂ ਨੇ ਵਿਸ਼ੇਸ਼ ਕਾਰਜ ਕੀਤੇ। ਉਦਾਸੀ ਸਾਧੂਆਂ ਨੇ ਅੱਗ, ਪਾਣੀ, ਹਵਾ, ਮਿਟੀ ਅਤੇ ਆਕਾਸ਼ ਨੂੰ ਵਰਤ ਕੇ ਚਕਿਤਸਾ ਦੀਆਂ ਕਈਆਂ ਵਿਧੀਆਂ ਨਿਰਮਤ ਕੀਤੀਆਂ, ਜਿਸ ਨਾਲ ਮਨੁਖਤਾ ਦੇ ਰੋਗ ਕੱਟੇ ਗਏ। ਇਸ ਤੋਂ ਇਲਾਵਾ ਉਦਾਸੀ ਸਾਧੂ ਜੜ੍ਹੀ-ਬੂਟੀਆਂ ਦੇ ਮਹਾਨ ਗਿਆਤਾ ਸਨ, ਜਿਨ੍ਹਾਂ ਨੇ ਆਪਣੇ ਆਸ਼ਰਮ ਵਿਚ ਆਏ ਦੁੱਖ ੀ-ਜਨਾਂ 'ਤੇ ਦਇਆ ਕਰ ਉਹਨਾਂ ਦੇ ਰੋਗ ਦੂਰ ਕੀਤੇ। ਅਜ ਵੀ ਉਦਾਸੀ ਸਾਧੂਆਂ ਦੇ ਆਸ਼ਰਮਾਂ ਵਿਚ ਉਪਰੋਕਤ ਚਕਿਤਸਾਵਾਂ ਅਤੇ ਜੜ੍ਹੀ-ਬੂਟੀਆਂ ਤੋਂ ਨਿਰਮਤ ਦਵਾਈਆਂ ਉਪਲਬਧ ਹੁੰਦੀਆਂ ਹਨ।

ਸੇਵਾਪੰਥੀ ਸਾਧੂਆਂ ਦੁਆਰਾ ਜੋ ਟਿਕਾਣੇ ਬਣਾਏ ਗਏ, ਉਹ ਲੋਕਾਂ ਦੀ ਸੇਵਾ ਲਈ ਸਨ। ਇਨ੍ਹਾਂ ਟਿਕਾਣਿਆਂ ਵਿਚ ਲੰਗਰ, ਰਿਹਾਇਸ਼ ਤੋਂ ਇਲਾਵਾ ਦੁੱਖੀ ਅਤੇ ਰੋਗੀ ਲੋਕਾਂ ਲਈ ਵਿਸ਼ੇਸ਼ ਪ੍ਰਬੰਧ ਸਨ। ਸੇਵਾਪੰਥੀ ਸਾਧੂ ਮਨੁਖਾਂ ਨੂੰ ਹੀ ਨਹੀਂ ਬਲਕਿ ਜ਼ਖ਼ਮੀ ਪਸ਼ੂ-ਪੰਛੀਆਂ ਨੂੰ ਵੀ ਠੀਕ ਕਰਨ ਲਈ ਆਪਣੀ ਸੇਵਾ ਕਰਦੇ ਸਨ। ਇਸ ਸੰਬੰਧੀ ਸਿੱਖ ਪਰੰਪਰਾ ਵਿਚ ਕਈ ਸਾਖੀਆਂ ਮਿਲ ਜਾਂਦੀਆਂ ਹਨ।
ਇਸ ਤਰ੍ਹਾਂ ਹਰ ਇਕ ਸੰਪ੍ਰਦਾਇ ਨੇ ਦਇਆ ਨੂੰ ਵਿਸ਼ੇਸ਼ ਮੰਨਦੇ ਹੋਏ ਉਸਨੂੰ ਆਪਣੇ ਜੀਵ ਵਿਚ ਸੇਵਾ ਵਜੋਂ ਢਾਲਿਆ ਅਤੇ ਮਨੁਖਤਾ ਦੀ ਸੇਵਾ ਕੀਤੀ।

## 3.5 ਸਾਰ

- ਦਇਆ ਮੂਲ਼ ਰੂਪ ਵਿਚ ਇਕ ਅਧਿਆਤਮਕ ਕੀਮਤ ਹੈ, ਜੋ ਕਿ ਮਨੁੱਖ ਨੂੰ ਉਸਦੇ ਅੰਤਰੀਵ ਤੋਂ ਨਿਰਮਲ ਕਰਕੇ ਕਈ ਵਿਕਾਰਾਂ ਤੋਂ ਬਚਾਉਂਦੀ ਹੈ।
- ਦਇਆ ਸੰਸਾਰਕ-ਕੀਮਤ ਵਜੋਂ ਵੀ ਬਹੁਤ ਮਹੱਤਵਪੂਰਣ ਹੈ, ਜਿਸ ਕਰਕੇ ਸਮਾਜ ਵਿਚ ਵਿਅਕਤੀਗਤ ਅਤੇ ਸਮਾਜਕ ਸੰਸਥਾਵਾਂ ਨੇ ਮਨੁੱਖਤਾ ਦੇ ਭਲੇ ਲਈ ਕਈ ਕਾਰਜ ਕੀਤੇ ਹਨ।
- ਸਿੱਖ-ਸਿਧਾਂਤਾਂ ਵਿਚ ਦਇਆ ਅਕਾਲਪੁਰਖ ਦੇ ਗੁਣਾਂ ਨਾਲ ਸੰਬੰਧਤ ਹੈ।
- ਸਤਿਗੁਰ ਦੀ ਦਇਆ-ਦ੍ਰਿਸ਼ਟੀ ਰਾਹੀਂ ਅਕਾਲਪੁਰਖ ਦੀ ਪ੍ਰਾਪਤੀ ਸਹਿਜ ਵਿਚ ਹੋ ਜਾਂਦੀ ਹੈ।

- ਗੁਰੂ-ਸਾਹਿਬਾਨ ਦਾ ਆਦਰਸ਼ਕ ਜੀਵਨ ਦਇਆ ਸੰਬੰਧੀ ਇਕ ਉੱਤਮ ਮਿਸਾਲ ਹੈ।

## 3.6 ਵਿਸਤਾਰ ਵਿਚ ਪੜ੍ਹਣ ਲਈ ਪੁਸਤਕਾਂ


- ਗੁਰਮੁਖ ਸਿੰਘ, *ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2012
- ਮਨਮੋਹਨ ਸਿੰਘ, *ਮਾਨਵੀ ਕਦਰਾਂ-ਕੀਮਤਾਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987
- ਪਰਮਜੀਤ ਕੌਰ ਸੰਧੂ, *ਕਦਰਾਂ-ਕੀਮਤਾਂ ਦੀ ਸਿਖਿਆ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ (ਦੋ ਭਾਗ)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995
- ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ,* ਕ੍ਰਿਤ ਭਾਈ ਸ੍ਵਰੂਪ ਦਾਸ ਕੌਸ਼ਿਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008


## 3.7 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਦਇਆ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਦਇਆ ਅਤੇ ਧਰਮ ਦਾ ਆਪਸੀ ਸੰਬੰਧ ਕੀ ਹੈ?

ਪ੍ਰਸ਼ਨ 3. ਦਇਆ ਸੰਬੰਧੀ ਸਿੱਖ-ਸਿਧਾਂਤਾਂ ਦੀ ਜਾਣਕਾਰੀ ਦਿਓ।

ਪ੍ਰਸ਼ਨ 4. ਦਇਆ ਸੰਬੰਧੀ ਸਿੱਖ-ਵਿਵਹਾਰਕਤਾ ਦੀਆਂ ਉਦਾਹਰਣਾਂ ਦਿਓ।

# PROGRAMME: CERTIFICATE COURSE ON VALUE AND LEARNING OF SIKHISM

## COURSE: ETHICAL VALUES

## SEMESTER-I

## UNIT IV - PATIENCE

**STRUCTURE**

4.0 ਉਦੇਸ਼

4.1 ਜਾਣ-ਪਛਾਣ

4.2 ਪਰਿਭਾਸ਼ਾ ਅਤੇ ਖੇਤਰ

4.2.1 ਪਰਿਭਾਸ਼ਾ

4.2.2 ਖੇਤਰ

4.3 ਸਿੱਖ ਧਰਮ ਵਿਚ ਸੰਤੋਖ

4.4 ਸਿੱਖ ਵਿਵਹਾਰਕਤਾ ਵਿਚ ਸੰਤੋਖ ਦਾ ਮਹੱਤਵ

4.4.1 ਬਾਬਾ ਫ਼ਰੀਦ ਜੀ

4.4.2 ਬਾਈ ਲਾਲੋ ਜੀ

4.4.3 ਭਾਈ ਭਿਖਾਰੀ ਜੀ

4.4.4 ਭਾਈ ਤਾਰੂ ਸਿੰਘ ਜੀ

4.5 ਸਾਰ

4.6 ਵਧੇਰੇ ਪੜ੍ਹਣਯੋਗ ਪੁਸਤਕਾਂ

4.7 ਅਭਿਆਸ ਲਈ ਪ੍ਰਸ਼ਨ

**4.0 ਉਦੇਸ਼:**

- ਸੰਤੋਖ ਦੇ ਸੰਕਲਪ ਨੂੰ ਸਮਝਣਾ
- ਗੁਰਬਾਣੀ ਵਿਚ ਸੰਤੋਖ ਦਾ ਮਹੱਤਵ
- ਸਿੱਖਵਿਵਹਾਰਿਕਤਾ ਵਿਚ ਸੰਤੋਖ ਨੂੰ ਜਾਣਨਾ

**4.1. ਜਾਣ-ਪਛਾਣ:**

ਮਨੁੱਖ ਦੇ ਆਦਰਸ਼ਮਈ, ਨੈਤਿਕ ਅਤੇ ਖੁਸ਼ਹਾਲ ਜੀਵਨ ਜਿਉਣ ਲਈ ਸੰਤੋਖ ਦੀ ਮਹੱਤਵਪੂਰਨ ਭੂਮਿਕਾ ਹੈ। ਸੰਤੋਖ ਦਾ ਧਾਰਨੀ ਹੋ ਕੇ ਕੋਈ ਵੀ ਮਨੁੱਖ ਉੱਤਮ ਤੇ ਖੁਸ਼ਹਾਲ ਜੀਵਨ ਜੀ ਸਕਦਾ ਹੈ। ਸੰਤੋਖ ਦੇ ਅਰਥ ਸੰਜਮ, ਸੰਤੁਸ਼ਟੀ, ਲੋਭ ਦਾ ਤਿਆਗ ਕਰਨਾ, ਜੋ ਕੋਲ ਹੋਵੇ ਉਸ ਵਿਚ ਹੀ ਖੁਸ਼ ਰਹਿਣਾ ਆਦਿ ਹਨ। ਸਬਰ-ਸੰਤੋਖੀ ਮਨੁੱਖ ਥੋੜੇ ਵਿਚ ਵੀ ਸੰਤੁਸ਼ਟ ਅਤੇ ਖੁਸ਼ੀ ਵਾਲਾ ਜੀਵਨ ਗੁਜ਼ਾਰਦਾ ਹੈ ਜਦਕਿ ਸਬਰ ਵਿਹੂਣਾ ਮਨੁੱਖ ਪਦਾਰਥਕ ਬਹੁਤਾਤ ਵਿਚ ਵੀ ਦੁਖੀ ਜੀਵਨ ਬਤੀਤ ਕਰਦਾ ਹੈ। ਅਸਲ ਵਿਚ ਸਬਰ-ਸੰਤੋਖ ਦਾ ਸੰਬੰਧ ਧਨ-ਦੌਲਤ ਨਾਲ ਨਹੀਂ ਸਗੋਂ ਮਨ ਅੰਦਰ ਪਲ਼ ਰਹੀਆਂ ਵਾਧੂ ਇੱਛਾਵਾਂ, ਲਾਲਸਾਵਾਂ ਜੋ ਮਨੁੱਖ ਨੂੰ ਹਮੇਸ਼ਾ ਲਾਲਚੀ ਬਿਰਤੀ ਦਾ ਇਨਸਾਨ ਬਣਾਈ ਰਖਦੀਆਂ ਹਨ, ਨੂੰ ਲੋੜ ਅਨੁਸਾਰ ਮਰਯਾਦਾਮਈ ਜੀਵਨ 'ਚ ਢਾਲਣ ਨਾਲ ਹੈ। ਮਨੁੱਖ ਦੀਆਂ ਜ਼ਰੂਰਤ ਤੋਂ ਵਧ ਪਦਾਰਥਕ ਬਿਰਤੀਆਂ ਕਾਰਨ, ਜੋ ਉਸ ਕੋਲ ਹੈ, ਉਸ ਵਿਚ ਖੁਸ਼ ਰਹਿਣ ਦੀ ਬਜਾਇ ਦੂਸਰਿਆਂ ਦਾ ਧਨ-ਦੌਲਤ ਦੇਖ ਕੇ ਦੁਖੀ ਹੁੰਦਾ ਰਹਿੰਦਾ ਹੈ। ਜਿਵੇਂ ਜਿਵੇਂ ਮਨੁੱਖ ਦੀਆਂ ਇੱਛਾਵਾਂ ਵਧੀਆਂ ਰਹਿੰਦੀਆਂ ਹਨ, ਉਹ ਇਸ ਵਿਚ ਖੁਆਰ ਹੁੰਦਾ ਚਲਾ ਜਾਂਦਾ ਹੈ। ਅਜੋਕੇ ਯੁਗ ਵਿਚ ਪਦਾਰਥਕ ਉੱਨਤੀ ਨੇ ਮਨੁੱਖ ਅੰਦਰ ਬੇਸਬਰੀ ਪੈਦਾ ਕੀਤੀ ਹੈ। ਪਦਾਰਥਕ ਚਮਕ-ਦਮਕ ਤੋਂ ਪ੍ਰਭਾਵਿਤ ਹੋ ਕੇ ਮਨੁੱਖ ਤੇਜੀ ਨਾਲ ਸਾਰਾ ਕੁਝ ਪ੍ਰਾਪਤ ਕਰਨਾ ਚਾਹੁੰਦਾ ਹੈ ਤੇ ਜਲਦੀ ਅਮੀਰ ਹੋਣਾ ਲੋਚਦਾ ਹੈ, ਜਿਸ ਕਾਰਨ ਪੈਸਾ ਕਮਾਉਣ ਲਈ ਜਾਇਜ਼-ਨਜਾਇਜ਼ ਢੰਗਾਂ ਨੂੰ ਅਪਣਾਉਂਦਾ ਹੈ। ਅਜਿਹੇ ਮਨੁੱਖ ਲਈ ਸਬਰ-ਸੰਤੋਖ ਵਾਲਾ ਜੀਵਨ ਜਿਊਣਾ ਬਹੁਤ ਹੀ ਮੁਸ਼ਕਿਲ ਹੁੰਦਾ ਹੈ। ਇਸ ਦੇ ਉਲਟ ਸਬਰ-ਸੰਤੋਖੀ ਮਨੁੱਖ ਆਪਣੀਆਂ ਇੱਛਾਵਾਂ, ਲਾਲਚ 'ਤੇ ਕਾਬੂ ਪਾ ਲੈਂਦਾ ਹੈ ਤੇ ਥੋੜੇ-ਬਹੁਤ ਵਿਚ ਹੀ ਗੁਜ਼ਾਰਾ ਕਰ ਕੇ ਸੁਖੀ ਹੁੰਦਾ ਹੈ। ਪਰੰਤੂ ਬਿਨਾ ਕਿਸੇ ਯਤਨ ਤੋਂ ਗਰੀਬੀ ਅਤੇ ਭੁਖਮਰੀ ਕਟਣਾ ਸਬਰ-ਸੰਤੋਖ ਨਹੀਂ ਹੈ ਸਗੋਂ ਮਿਹਨਤ ਕਰਦਿਆਂ ਜੋ ਮਿਹਨਤਾਨਾ ਪ੍ਰਾਪਤ ਹੋਵੇ, ਉਸੇ ਵਿਚ ਖੁਸ਼ੀ-ਖੁਸ਼ੀ ਗੁਜ਼ਾਰਾ ਕਰਨਾ ਤੇ ਹਰ ਕਿਸਮ ਦੇ ਲਾਲਚ ਦਾ ਤਿਆਗ ਕਰਨਾ ਸਬਰ-ਸੰਤੋਖ ਹੈ। ਸਭ ਕੁਝ ਕੋਲ ਹੁੰਦਿਆਂ ਹੋਇਆ, ਲਾਲਚ, ਇੱਛਾਵਾਂ 'ਤੇ ਕਾਬੂ ਰਖਣਾ ਸੰਤੋਖੀ ਮਨੁੱਖ ਦਾ ਗੁਣ ਹੈ। ਉਹ ਆਪਣੇ 'ਤੇ ਆਈਆਂ ਮੁਸੀਬਤਾਂ ਨੂੰ ਵੀ ਖਿੜੇ ਮਥੇ ਪ੍ਰਵਾਨ ਕਰਦਾ ਹੈ ਤੇ ਉਨ੍ਹਾਂ ਨਾਲ ਜੂਝਦਾ ਹੈ। ਵਿਸ਼ਵ ਦੇ ਸਾਰੇ ਧਰਮ ਵੀ ਮਨੁੱਖ ਨੂੰ ਸਬਰ-ਸੰਤੋਖ ਦਾ ਗੁਣ ਆਪਣੇ ਜੀਵਨ ਵਿਚ ਧਾਰਨ ਕਰਨ ਦੀ ਸਿਖਿਆ ਦਿੰਦੇ ਹਨ ਤਾਂ ਜੋ ਮਨੁੱਖ ਇਕ ਸਚਾ, ਆਦਰਸ਼ ਤੇ ਖੁਸ਼ਹਾਲ ਜੀਵਨ ਦਾ ਅਨੰਦ ਮਾਣ ਸਕੇ।

## 4.2. **ਪਰਿਭਾਸ਼ਾ ਅਤੇ ਖੇਤਰ:**

### 4.2.1 **ਪਰਿਭਾਸ਼ਾ:**

*ਮਹਾਨ ਕੋਸ਼* ਵਿਚ ਸੰਤੋਖ ਦੇ ਅਰਥ 'ਸਬਰ', 'ਲੋਭ ਦਾ ਤਿਆਗ' ਕੀਤੇ ਗਏ ਹਨ।

*ਸਿੱਖਪੰਥ ਵਿਸ਼ਵਕੋਸ਼* ਵਿਚ ਸੰਤੋਖ ਦੀ ਪਰਿਭਾਸ਼ਾ ਇਸ ਤਰਾਂ ਕੀਤੀ ਹੈ:

"ਮਨ ਦੀ ਉਹ ਬਿਰਤੀ ਜਾਂ ਅਵਸਥਾ ਜਿਸ ਵਿਚ ਮਨੁੱਖ ਆਪਣੀ ਵਰਤਮਾਨ ਦਸ਼ਾ ਵਿਚ ਹੀ ਪੂਰਨ ਸੁੱਖ ਅਨੁਭਵ ਕਰਦਾ ਹੋਇਆ ਤ੍ਰਿਪਤ ਰਹਿੰਦਾ ਹੈ"।

ਸੰਤੋਖ ਤੋਂ ਭਾਵ ਮਨੁੱਖੀ ਜੀਵਨ ਨਾਲ ਸੰਬੰਧਿਤ ਪਦਾਰਥਵਾਦੀ ਲੋੜਾਂ ਨੂੰ ਕਿਸੇ ਮਰਿਯਾਦਾ ਵਿਚ ਰਖ ਕੇ ਜੀਵਨ ਦੀ ਉਚਤਮ ਕਮਾਈ, ਅਧਿਆਤਮਕਤਾ ਦੀ ਯਾਤਰਾ ਲਈ ਅਭਿਆਸ ਕਰਨਾ ਹੈ।

### 4.2.2 **ਖੇਤਰ:**

ਸਬਰ, ਨੀਤੀ ਸ਼ਾਸਤਰ ਅਨੁਸ਼ਾਸਨ ਦੇ ਅੰਤਰਗਤ ਮਨੁੱਖੀ ਨੈਤਿਕ ਗੁਣ ਜਾਂ ਕੀਮਤ ਹੈ, ਜਿਸ ਨੂੰ ਵਿਵਹਾਰਕ ਤੌਰ 'ਤੇ ਕਿਸੇ ਵੀ ਬਝਵੇਂ ਖੇਤਰ ਵਿਚ ਨਿਸਚਿਤ ਨਹੀਂ ਕੀਤਾ ਜਾ ਸਕਦਾ। ਵਿਸ਼ਵ ਦਾ ਹਰ ਖੇਤਰ ਵਿਚ ਕੰਮ ਕਰ ਰਹੇ ਹਰ ਵਿਅਕਤੀ ਲਈ, ਸਬਰ ਦੀ ਆਪਣੇ ਤੌਰ 'ਤੇ ਸਾਰਥਕਤਾ ਹੈ। ਸਮਾਜ ਵਿਚ ਸਬਰ ਦੇ ਗੁਣ ਨੂੰ ਸਾਧਾਰਨ ਅਰਥ-ਪ੍ਰਸੰਗ ਵਿਚ ਆਦਰਸ਼ ਜੀਵਨ ਜਿਉਣ ਲਈ ਜ਼ਰੂਰੀ ਮੰਨਿਆ ਗਿਆ ਹੈ। ਧਰਮਾਂ ਦੇ ਇਤਿਹਾਸ ਵਿਚ ਸਬਰ-ਸੰਤੋਖ ਨੂੰ ਅਧਿਆਤਮਕ ਅਰਥਾਂ ਵਿਚ, ਮਨੁੱਖੀ ਜੀਵਨ ਦੀ ਮੁਕਤੀ ਲਈ ਸਹਾਈ ਕੀਮਤ ਦੇ ਰੂਪ ਵਜੋਂ ਲਿਆ ਗਿਆ ਹੈ।

## 4.3. **ਸਿੱਖ ਧਰਮ ਵਿਚ ਸੰਤੋਖ:**

ਸਿੱਖ ਧਰਮ ਵਿਚ ਸੰਤੋਖ ਵਾਲੇ ਜੀਵਨ ਦੀ ਬਹੁਤ ਹੀ ਮਹੱਤਤਾ ਹੈ। ਗੁਰਬਾਣੀ ਵਿਚ ਸੰਤੋਖ ਗੁਰਮੁਖ ਦੇ ਜੀਵਨ ਦਾ ਆਧਾਰ ਹੈ। ਸੰਤੋਖ ਗੁਰਬਾਣੀ ਵਿਚ ਮੌਲਿਕ ਪ੍ਰਵਰਗ ਵਜੋਂ ਆਇਆ ਹੈ, ਜੋ ਅਰਥਾਂ ਵਜੋਂ ਸਬਰ ਸ਼ਬਦ ਨਾਲੋਂ ਭਿੰਨ ਹੈ। ਸਬਰ ਸ਼ਬਦ ਕਿਸੇ ਵਿਅਕਤੀ ਦੀਆਂ ਇੱਛਾਵਾਂ ਨੂੰ ਕੇਵਲ ਬਾਹਰੀ ਤੌਰ 'ਤੇ ਨਿਯੰਤਰਣ ਕਰਨ ਵਲ ਸੰਕੇਤ ਕਰਦਾ ਹੈ, ਜਦਕਿ ਗੁਰਬਾਣੀ ਵਿਚ ਆਇਆ ਸੰਤੋਖ ਮਨੁੱਖ ਦੀ ਸਹਿਜ ਅਵਸਥਾ ਦਾ ਪ੍ਰਗਟਾਵਾ ਹੈ, ਜਿਸ ਵਿਚ ਉਸ ਦੀਆਂ ਅੰਤ੍ਰੀਵੀ-ਬਾਹਰੀ ਸਭ ਤ੍ਰਿਸ਼ਨਾਵਾਂ ਖਤਮ ਹੋ ਜਾਂਦੀਆਂ ਹਨ। ਇਸ ਲਈ ਗੁਰਬਾਣੀ ਨੇ ਸੰਤੋਖ ਨੂੰ ਮਹਿਜ਼ ਮਨੁੱਖੀ ਨੈਤਿਕਤਾ ਦਾ ਹਿਸਾ ਨਾ ਮੰਨ ਕੇ, ਮਨੁੱਖ ਦੀ ਜੀਵਨ-ਮੁਕਤੀ ਲਈ ਜ਼ਰੂਰੀ ਗੁਣ ਵਜੋਂ ਪ੍ਰਵਾਨਿਆ ਹੈ। ਗੁਰਬਾਣੀ ਅੰਦਰ ਥਾਂ-ਥਾਂ 'ਤੇ ਮਨੁੱਖ ਨੂੰ ਸੰਤੋਖ ਦਾ ਗੁਣ ਆਪਣੇ ਜੀਵਨ ਅੰਦਰ ਧਾਰਨ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ। ਗੁਰਬਾਣੀ ਵਿਚ ਜਿਥੇ ਵੀ ਮਨੁੱਖੀ ਜੀਵਨ ਤੇ ਸ਼ੁਭ ਗੁਣਾਂ ਦਾ

ਜ਼ਿਕਰ ਆਉਂਦਾ ਹੈ, ਸੰਤੋਖ ਨੂੰ ਉਨ੍ਹਾਂ ਗੁਣਾਂ ਵਿਚ ਸ਼ਾਮਿਲ ਕੀਤਾ ਗਿਆ ਹੈ। ਗੁਰਬਾਣੀ ਅੰਦਰ ਸਤਿ, ਨਿਮਰਤਾ, ਸ਼ਹਿਣਸ਼ੀਲਤਾ, ਸੰਜਮ, ਦਇਆ, ਸੰਤੋਖ ਆਦਿ ਨੂੰ ਮਨੁੱਖੀ ਜੀਵਨ ਦੇ ਨੈਤਿਕ ਗੁਣਾਂ ਵਜੋਂ ਸਵੀਕਾਰਿਆ ਗਿਆ ਹੈ।

ਸਤ ਸੰਤੋਖ ਸੰਜਮੁ ਹੈ ਨਾਲਿ।।

ਨਾਨਕ ਗੁਰਮਖਿ ਨਾਮ ਸਮਾਲਿ।।

ਇਨ੍ਹਾਂ ਗੁਣਾਂ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਸ਼ਿੰਗਾਰ ਬਣਾਉਣ ਦੀ ਸਿਖਿਆ ਦਿਤੀ ਗਈ ਹੈ। ਇਨ੍ਹਾਂ ਗੁਣਾਂ ਨੂੰ ਜੀਵਨ ਵਿਚ ਧਾਰਨ ਕਰਕੇ ਹੀ ਕਿਸੇ ਮਨੁੱਖ  ਲਈ ਆਦਰਸ਼ਮਈ ਜੀਵਨ ਸੰਭਵ ਹੈ।

ਸਤ ਸੰਤੋਖੁ ਦਇਆ ਧਰਮ ਸੀਗਾਰ ਬਨਾਵਉ।।

ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਸਾਹਿਬ ਦੀ ਬੀੜ ਬੰਨ੍ਹਣ ਸਮੇ, ਅਖੀਰ ਵਿਚ ਅੰਕਿਤ ਮੁੰਦਾਵਣੀ ਸ਼ਬਦ ਵਿਚ ਸਤਿ, ਵੀਚਾਰ, ਨਾਮ ਦੇ ਨਾਲ ਨਾਲ ਸੰਤੋਖ ਨੂੰ ਵੀ ਮਨੁੱਖੀ ਜੀਵਨ ਦੀ ਮੁਕਤੀ ਲਈ ਜਰੂਰੀ ਮੰਨਿਆ। ਗੁਰੂ ਗ੍ਰੰਥ ਸਾਹਿਬ ਰੂਪੀ ਥਾਲ ਵਿਚ ਪਈਆਂ ਤਿੰਨ ਵਸਤਾਂ ਸਤ, ਵੀਚਾਰ, ਸੰਤੋਖ ਹਨ ਤੇ ਨਾਮ ਇਨ੍ਹਾਂ ਵਸਤਾਂ ਦਾ ਆਧਾਰ ਹੈ। ਇਹਨਾਂ ਵਸਤਾਂ ਨੂੰ ਖਾਣ ਭਾਵ ਜੀਵਨ ਵਿਚ ਧਾਰਨ ਕਰਨ ਵਾਲੇ ਗੁਰਮੁਖ ਜਨ ਹੀ ਸੰਸਾਰ ਵਿਚੋਂ ਮੁਕਤੀ ਪ੍ਰਾਪਤ ਕਰਦੇ ਹਨ।

ਥਾਲ ਵਿਚਿ ਤਿੰਨਿ ਵਸਤੂ ਪਈਓ ਸਤਿ ਸੰਤੋਖੁ ਵੀਚਾਰੋ।।

ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸ ਅਧਾਰੋ।।

ਜੇ ਕੋ ਖਾਵੈ ਜੇ ਕੋ ਭੁੰਚੇ ਤਿਸ ਕਾ ਹੋਇ ਉਧਾਰੋ।।....

ਗੁਰਬਾਣੀ ਵਿਚ ਸੰਤੋਖ ਗੁਰਮੁਖ ਦੇ ਜੀਵਨ ਦਾ ਵਡਾ ਗੁਣ ਹੈ, ਜਦਕਿ ਬੇਸਬਰੀ/ਅੰਸਤੋਖ ਮਨਮੁਖ ਵਿਅਕਤੀ ਦੇ ਜੀਵਨ ਦੇ ਲੱਛਣ ਹਨ। ਅਜਿਹਾ ਮਨੁੱਖ  ਕਿੰਨੀ ਵੀ ਧਨ-ਦੌਲਤ ਕਮਾ ਲਵੇ, ਉਸ ਨੂੰ ਸਬਰ ਨਹੀਂ ਹੁੰਦਾ ਅਤੇ ਇਹ ਤ੍ਰਿਸ਼ਨਾ ਨਿਰੰਤਰ ਵਧਦੀ ਰਹਿੰਦੀ ਹੈ। ਗੁਰਬਾਣੀ ਅਨੁਸਾਰ ਜੇ ਉਹ ਹਜ਼ਾਰਾਂ ਕਮਾਉਂਦਾ ਹੈ ਤਾਂ ਫਿਰ ਲਖਾਂ ਕਮਾਉਣ ਲਈ ਦੋੜ-ਭਜ ਕਰਦਾ ਹੈ ਤੇ ਲਖਾਂ ਤੋਂ ਬਾਅਦ ਕਰੋੜਾਂ। ਇਸ ਤਰਾਂ ਨਿਰੰਤਰ ਧਨ ਕਮਾਉਣ ਦੇ ਚਕਰਾਂ ਵਿਚ ਉਲਝ ਜਾਂਦਾ ਹੈ ਪਰੰਤੂ ਇੰਨੀ ਧਨ-ਦੌਲਤ ਕਮਾ ਕੇ ਵੀ ਉਸ ਨੂੰ ਸੰਤੁਸ਼ਟੀ ਨਹੀਂ ਮਿਲਦੀ। ਅਜਿਹੇ

ਮਨੁੱਖ  ਦੀ ਕਮਾਈ ਵਿਅਰਥ ਹੀ ਹੁੰਦੀ ਹੈ। ਇਸ ਲਈ ਜੀਵਨ ਵਿਚ ਸੰਤੋਖ ਧਾਰਨ ਕਰਨਾ ਹੀ ਗੁਰਮੁਖ ਜੀਵਨ ਦੀ ਨਿਸ਼ਾਨੀ ਹੈ।

ਸਹਸ ਖਟੇ ਲਖ ਕਉ ਉਠ ਧਾਵੈ।।
ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ।।...
ਬਿਨਾਂ ਸੰਤੋਖ ਨਹੀ ਕੋਊ ਰਾਜੈ।।
ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।।

ਪਰੰਤੂ ਇਸ ਦਾ ਅਰਥ ਇਹ ਬਿਲਕੁਲ ਨਹੀਂ ਲੈਣਾ ਚਾਹੀਦਾ ਕਿ ਗੁਰਬਾਣੀ ਵਿਚ ਮਨੁੱਖ  ਨੂੰ ਧਨ-ਦੌਲਤ ਕਮਾਉਣ ਤੋਂ ਵਰਜਿਆ ਗਿਆ ਹੈ। ਅਸਲ ਵਿਚ ਗੁਰਬਾਣੀ, ਮਨੁੱਖ  ਦੇ ਅੰਦਰ ਪਲ਼ ਰਹੀਆ ਲਾਲਚ ਭਰਪੂਰ ਇੱਛਾਵਾਂ, ਲਾਲਸਾਵਾਂ ਜੋ ਉਸ ਦੇ ਦੁੱਖਾਂ ਦਾ ਕਾਰਨ ਬਣਦੀਆਂ ਹਨ ਤੇ ਸਾਰੀ ਉਮਰ ਉਸ ਨੂੰ ਅਕਾਲ ਪੁਰਖ ਦਾ ਨਾਮ ਤੋਂ ਦੂਰ ਰਖਦੀਆਂ ਹਨ, ਨੂੰ ਮਰਿਯਾਦਾਮਈ ਜ਼ਬਤ ਵਿਚ ਰਹਿਣ ਲਈ ਪ੍ਰੇਰਦੀ ਹੈ। ਇਹਨਾਂ ਇੱਛਾਵਾਂ ਕਾਰਨ ਹੀ ਮਨੁੱਖ  ਕੋਲ ਜੋ ਹੈ, ਉਸ ਦਾ ਸ਼ੁਕਰਾਨਾ ਕਰਨ ਦੀ ਬਜਾਇ ਦੂਸਰੇ ਦੀ ਕਮਾਈ ਵਲ ਦੇਖ ਕੇ ਦਿਨ ਰਾਤ ਝੂਰਦਾ ਹੈ ਤੇ ਨਿਰਾਸ਼ਾ, ਈਰਖਾ, ਗੁੱਸਾ ਆਪਣੇ ਮਨ ਵਿਚ ਪਾਲਦਾ ਰਹਿੰਦਾ ਹੈ। ਅਜਿਹੇ ਮਨੁੱਖ  ਕਦੇ ਵੀ ਆਪਣੇ ਜੀਵਨ ਤੋਂ ਸੰਤੁਸ਼ਟ ਨਹੀਂ ਹੁੰਦੇ ਤੇ ਸਾਰੀ ਉਮਰ ਤ੍ਰਿਸ਼ਨਾ ਤੇ ਵਿਕਾਰਾਂ ਦੀ ਅਗ ਵਿਚ ਜਲਦੇ ਰਹਿੰਦੇ ਹਨ। ਗੁਰਬਾਣੀ ਵਿਚ ਅਜਿਹੇ ਅਸੰਤੋਖੀ ਮਨੁੱਖਾਂ ਨੂੰ ਮਨਮੁੱਖ ਕਿਹਾ ਗਿਆ ਹੈ ਤੇ ਇਨ੍ਹਾਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਹੈ।

ਦਿਤੈ ਕਿਤੈ ਨ ਸੰਤੋਖੀਅਹਿ ਅੰਤਰਿ ਤਿਸਨਾ ਬਹੁਤ ਵਿਕਾਰ।।

ਨਾਨਕ ਮਨਮੁਖਾ ਨਾਲੋ ਤੁਟੀਆ ਭਲੀ ਜਿਨ ਮਾਇਆ ਮੋਹ ਪਿਆਰ।।

ਜਗਤ ਵਿਚ ਗੁਰਮੁਖ ਸੁਭਾਅ ਵਾਲੇ ਮਨੁੱਖ  ਹੀ ਆਪਣੇ ਅੰਦਰ ਸੰਤੋਖ ਧਾਰਨ ਕਰਨ ਵਿਚ ਸਫਲ ਹੁੰਦੇ ਹਨ। ਥੋੜਾ ਹੋਵੇ ਤਾਂ ਸ਼ੁਕਰਾਨਾ ਕਰਦੇ ਹਨ, ਬਹੁਤਾ ਹੋਵੇ ਤਾਂ ਲੋੜਵੰਦਾਂ ਵਿਚ ਵੰਡਦੇ ਹਨ। ਉਹ ਸੇਵਾ, ਨਾਮ ਸਿਮਰਨ ਰਾਹੀਂ ਆਪਣੀਆਂ ਇੱਛਾਵਾਂ ਨੂੰ ਕਾਬੂ ਕਰ ਲੈਂਦੇ ਹਨ। ਹਮੇਸ਼ਾ ਥੋੜਾ ਖਾਂਦੇ, ਥੋੜਾ ਸੌਂਦੇ ਹਨ, ਤੇ ਮਨ ਨੂੰ ਮਾੜੇ ਕੰਮਾਂ ਵਲ ਜਾਣ ਤੋਂ ਵਰਜਦੇ ਹਨ। ਅਜਿਹੇ ਸੰਤੋਖੀ ਮਨੁੱਖ  ਹੀ ਪ੍ਰਭੂ ਨੂੰ ਭਾਉਂਦੇ ਹਨ।

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚ ਧਿਆਇਆ।।

ਓਨ੍ਹੀ ਮੰਦੈ ਪੈਰੁ ਨ ਰਖਿਉ ਕਰਿ ਸੁਕ੍ਰਿਤ ਧਰਮ ਕਮਾਇਆ।।

ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, **466-467**)

ਗੁਰਬਾਣੀ ਨੇ ਮਨੁੱਖੀ ਜੀਵਨ ਵਿਚ ਸੰਤੋਖ ਧਾਰਨ ਕਰਨ ਲਈ ਨਾਮ-ਸਿਮਰਨ, ਸੰਗਤ, ਸੇਵਾ ਆਦਿ ਨੂੰ ਮਾਰਗ ਦਸਿਆ ਹੈ। ਸੰਤੋਖ ਧਾਰਨ ਕਰਨਾ ਭਾਵੇਂ ਬਹੁਤ ਮੁਸ਼ਕਿਲ ਕੰਮ ਹੈ ਪਰੰਤੂ ਸੰਗਤ ਵਿਚ ਜਾ ਕੇ ਅਕਾਲ ਪੁਰਖ ਦੀ ਸਿਫਤ ਸਲਾਹ ਕਰਨ ਨਾਲ ਮਨੁੱਖ ਦਾ ਮਨ ਸੰਤੋਖੀ ਗੁਣਾਂ ਦਾ ਧਾਰਨੀ ਹੋਣਾ ਸ਼ੁਰੂ ਕਰ ਦਿੰਦਾ ਹੈ।

ਸੰਗਤਿ ਕਰਤ ਸੰਤੋਖੁ ਮਨਿ ਪਾਇਆ।।

### 4.4. ਸਿੱਖ ਵਿਵਹਾਰਕਿਤਾ ਵਿਚ ਸੰਤੋਖ ਦਾ ਮਹੱਤਵ:

ਗੁਰਬਾਣੀ ਵਿਚ ਕਿਸੇ ਵੀ ਸੰਕਲਪ ਦੇ ਸਿਧਾਂਤਕ ਪਖ ਦਾ ਵਿਵਹਾਰਕ ਰੂਪ ਸਿੱਖ ਜੀਵਨ ਵਿਚ ਦੇਖਿਆ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੂੰ ਜਦੋਂ ਪ੍ਰਚਲਤ ਰੀਤੀ-ਰਸਮਾਂ ਅਨੁਸਾਰ ਜਨੇਊ ਪਹਿਨਾਉਣਾ ਚਾਹਿਆ ਤਾਂ ਗੁਰੂ ਸਾਹਿਬ ਨੇ ਇਨਕਾਰ ਕਰਦੇ ਹੋਏ ਪੰਡਿਤ ਨੂੰ ਕਿਹਾ ਕੀ ਉਸ ਨੂੰ ਤਾਂ ਕੋਈ ਐਸਾ ਜਨੇਊ ਚਾਹੀਦਾ ਹੈ, ਜੋ ਦਇਆ ਰੂਪੀ ਕਪਾਹ, ਸੰਤੋਖ ਰੂਪੀ ਸੂਤ ਦਾ ਬਣਿਆ ਹੋਵੇ, ਜਿਸਨੂੰ ਜਤਿ ਰੂਪੀ ਗੰਢਾਂ ਤੇ ਸਤਿ ਰੂਪੀ ਵਟ ਹੋਣ। ਅਜਿਹਾ ਜਨੇਊ ਨਾ ਤਾਂ ਕਦੇ ਮੈਲਾ ਹੁੰਦਾ ਹੈ ਤੇ ਨਾ ਹੀ ਕਦੇ ਟੁਟੇਗਾ।

ਦਇਆ ਕਪਾਹ ਸੰਤੋਖੁ ਸੂਤਿ ਜਤੁ ਗੰਢੀ ਸਤੁ ਵਟੁ।।

ਏਹੋ ਜਨੇਊ ਜੀਅ ਕਾ ਹਈ ਤ ਪਾਡੇ ਘਤੁ।।

ਸਿੱਖ ਜੀਵਨ ਵਿਚ ਇਹ ਸਾਰੇ ਗੁਣ ਉਚੇ ਸੁਚੇ ਜੀਵਨ ਦੀਆਂ ਨਿਸ਼ਾਨੀਆਂ ਹਨ। ਹੇਠਾਂ ਕੁਝ ਸਾਖੀਆਂ ਰਾਹੀਂ ਅਸੀਂ ਸਿੱਖਵਿਵਹਾਰਕਤਾ ਵਿਚ ਸੰਤੋਖ ਵਾਲੇ ਜੀਵਨ ਦੀ ਮਹੱਤਤਾ ਨੂੰ ਸਮਝਾਂਗੇ।

#### 4.4.1 ਬਾਬਾ ਫਰੀਦ ਜੀ:

ਬਾਬਾ ਫਰੀਦ ਜੀ ਦੇ ਜੀਵਨ ਵਿਚ ਘਟਿਤ ਇਕ ਸਾਖੀ ਤੋਂ ਸਾਨੂੰ ਉਨ੍ਹਾਂ ਦੇ ਸੰਤੋਖੀ ਜੀਵਨ ਦੀ ਸਪਸ਼ਟ ਝਲਕ ਦੇਖਣ ਨੂੰ ਮਿਲਦੀ ਹੈ। ਬਾਬਾ ਫਰੀਦ ਜੀ ਨੂੰ ਨਿਜ਼ਾਮੁਦੀਨ ਔਲੀਆ ਜੀ ਰੋਜ਼ਾਨਾ ਉਬਲੇ ਡੇਲਿਆਂ ਨਾਲ ਦੋ ਰੋਟੀਆਂ ਛਕਣ ਲਈ ਦਿੰਦੇ ਸਨ, ਜਿਨਾਂ ਵਿਚੋਂ ਇਕ ਰੋਟੀ ਬਾਬਾ ਫਰੀਦ ਜੀ ਸੰਗਤ ਵਿਚ ਵਰਤਾ ਦਿੰਦੇ ਤੇ ਇਕ ਆਪ ਛਕ ਲੈਂਦੇ ਸਨ। ਇਕ ਦਿਨ ਲੂਣ ਨਾ ਹੋਣ ਕਰਕੇ, ਨਿਜ਼ਾਮੁਦੀਨ ਜੀ ਨੇ ਲੂਣ ਕਿਸੇ ਕੋਲੋਂ ਮੰਗ ਲਿਆਂਦਾ ਤੇ ਪਰਸ਼ਾਦਾ ਤਿਆਰ ਕਰਕੇ ਬਾਬਾ ਫਰੀਦ ਜੀ ਨੂੰ ਛਕਣ ਲਈ ਦਿਤਾ ਤਾਂ ਬਾਬਾ ਜੀ ਨੇ ਪਰਸ਼ਾਦਾ ਨਾ ਛਕਿਆ।

ਬਾਬਾ ਫਰੀਦ ਜੀ ਨੇ ਨਿਜ਼ਾਮੂਦੀਨ ਜੀ ਨੂੰ ਜੋ ਕੁਝ ਕੋਲ ਹੈ, ਉਸੇ ਵਿਚ ਸੰਤੋਖ ਨਾਲ ਜੀਵਨ ਜਿਉਣ ਦੀ ਸਿੱਖਿਆ ਦਿੱਤੀ। ਬਾਬਾ ਫਰੀਦ ਜੀ ਗੁਰਬਾਣੀ ਵਿਚ ਵੀ ਮਨੁੱਖ ਨੂੰ ਰੁਖੀ-ਸੁਖੀ ਖਾ ਕੇ ਸੰਤੋਖ ਵਾਲਾ ਜੀਵਨ ਗੁਜ਼ਾਰਨ ਦੀ ਪ੍ਰੇਰਨਾ ਦਿੰਦੇ ਹਨ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ।।

ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ।।

### 4.4.2 ਭਾਈ ਲਾਲੋ ਜੀ:

ਗੁਰੂ ਨਾਨਕ ਦੇਵ ਜੀ ਸਮੇਂ ਬਹੁਤ ਸਾਰੇ ਸਿੱਖ ਉਚ ਆਚਰਣ ਤੇ ਸੰਤੋਖ ਵਾਲਾ ਜੀਵਨ ਗੁਜ਼ਾਰਦੇ ਸਨ। ਭਾਈ ਲਾਲੋ ਅਜਿਹੇ ਜੀਵਨ ਦੀ ਉੱਤਮ ਉਦਾਹਰਨ ਹੈ ਜੋ ਪੇਸ਼ੇ ਵਜੋਂ ਗਰੀਬ ਤਰਖਾਣ ਸੀ ਪਰੰਤੂ ਆਪਣੀ ਦਸਾਂ-ਨਹੁਆਂ ਦੀ ਕਿਰਤ ਕਰ ਕੇ ਸੰਤੋਖ ਵਿਚ ਆਪਣਾ ਜੀਵਨ ਬਤੀਤ ਕਰਦਾ ਸੀ। ਇਸ ਲਈ ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ, ਜਿਸ ਦੇ ਘਰ ਤਰਾਂ-ਤਰਾਂ ਦੇ ਪਕਵਾਨ ਬਣੇ ਹੋਏ ਸਨ, ਨੂੰ ਛਡ ਕੇ, ਕਿਰਤੀ ਭਾਈ ਲਾਲੋ ਦੇ ਘਰ ਪਰਸ਼ਾਦਾ ਛਕਿਆ। ਗੁਰੂ ਸਾਹਿਬ ਜਾਣਦੇ ਸਨ ਕਿ ਭਾਈ ਲਾਲੋ ਕਿਰਤੀ ਸਿੱਖ ਹੈ, ਮਿਹਨਤ ਕਰ ਕੇ ਜੋ ਕਮਾਉਂਦਾ, ਉਸੇ ਵਿਚ ਸਬਰ-ਸੰਤੋਖ ਕਰਦਾ ਹੋਇਆ ਜੀਵਨ ਗੁਜ਼ਾਰਦਾ ਹੈ ਤੇ ਕਿਸੇ ਪ੍ਰਕਾਰ ਦਾ ਲਾਲਚ ਭਾਈ ਲਾਲੋ ਦੇ ਮਨ ਵਿਚ ਨਹੀਂ ਹੈ। ਜਦਕਿ ਮਲਿਕ ਭਾਗੋ ਕੋਲ ਇੰਨੀ ਧਨ-ਦੌਲਤ ਹੋਣ ਦੇ ਬਾਵਜੂਦ ਉਸ ਨੇ ਮਨ ਵਿਚ ਸਬਰ ਨਹੀਂ ਸੀ। ਆਪਣੀ ਝੂਠੀ ਸ਼ਾਨ ਦਾ ਵਿਖਾਵਾ ਕਰਨ ਲਈ, ਉਸ ਨੇ ਇੰਨਾ ਵਡਾ ਭੋਜ ਕਰਵਾਇਆ ਤੇ ਗੁਰੂ ਸਾਹਿਬ ਨੂੰ ਵੀ ਬੁਲਾਵਾ ਭੇਜਿਆ ਪਰੰਤੂ ਗੁਰੂ ਸਾਹਿਬ ਨੇ ਮਲਿਕ ਭਾਗੋ ਦਾ ਬੁਲਾਵਾ ਅਪ੍ਰਵਾਨ ਕਰਕੇ, ਭਾਈ ਲਾਲੋ ਦੇ ਘਰ ਦਾ ਰੁਖਾ ਮਿਸਾ ਪਰਸ਼ਾਦਾ ਛਕਿਆ। ਭਾਈ ਲਾਲੋ ਜੀ ਦਾ ਸੰਤੋਖ ਵਾਲਾ ਜੀਵਨ, ਸਿੱਖ ਜੀਵਨ ਲਈ ਪ੍ਰੇਰਨਾਮਈ ਹੈ।

### 4.4.3 ਭਾਈ ਭਿਖਾਰੀ ਜੀ:

ਭਾਈ ਗੁਰਦਾਸ ਜੀ ਰਚਿਤ 11ਵੀਂ ਵਾਰ ਵਿਚ ਐਸੇ ਸਬਰ-ਸੰਤੋਖੀ ਜੀਵਨ ਵਾਲੇ ਸਿੱਖਾਂ ਦਾ ਨਾਵਾਂ ਦਾ ਜ਼ਿਕਰ ਕੀਤਾ ਗਿਆ ਹੈ, ਜੋ ਗੁਰੂ ਸਾਹਿਬਾਨ ਕੋਲ, ਸੁਚਜੇ ਤੇ ਗੁਰਮੁਖ ਜੀਵਨ ਜਿਉਣ ਦੀ ਅਭਿਲਾਸ਼ਾ ਹਿੱਤ ਅਰਦਾਸ, ਬੇਨਤੀਆਂ ਲੈ ਕੇ ਆਉਂਦੇ ਸਨ। ਭਾਈ ਮਨੀ ਸਿੰਘ ਰਚਿਤ 'ਸਿਖਾਂ ਦੀ ਭਗਤਮਾਲਾ' ਵਿਚ ਇਨ੍ਹਾਂ ਸਿੱਖਾਂ ਦਾ ਜ਼ਿਕਰ ਸਾਖੀਆਂ ਸਹਿਤ ਕੀਤਾ ਗਿਆ ਹੈ। ਇਹਨਾਂ ਸਿਖਾਂ ਵਿਚੋਂ ਗੁਜਰਾਤ ਨਿਵਾਸੀ ਭਾਈ ਭਿਖਾਰੀ ਜੀ ਵੀ ਬੜੇ ਸਬਰ-ਸੰਤੋਖ ਵਾਲੇ ਸਿੱਖ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਪਾਸ ਇਕ ਸਿੱਖ ਨੇ, ਕਿਸੇ ਗੁਰਮੁਖ, ਸਬਰ-ਸੰਤੋਖੀ ਸਿੱਖ ਦੇ ਦਰਸ਼ਨ ਕਰਨ ਦੀ ਇੱਛਾ ਕੀਤੀ ਤਾਂ ਗੁਰੂ ਸਾਹਿਬ ਨੇ ਸਿੱਖ ਨੂੰ, ਭਾਈ ਭਿਖਾਰੀ ਜੀ ਕੋਲ ਭੇਜ

ਦਿਤਾ। ਭਾਈ ਭਿਖਾਰੀ ਜੀ ਦੇ ਘਰ, ਉਨ੍ਹਾਂ ਦੇ ਪੁੱਤਰ ਦਾ ਵਿਆਹ ਸੀ। ਭਾਈ ਭਿਖਾਰੀ ਨੇ ਸਿੱਖਦੀ ਦਿਲੋਂ ਸੇਵਾ ਕੀਤੀ। ਘਰ ਵਿਚ ਇਕ ਪਾਸੇ ਲੱਕੜਾਂ ਦਾ ਬਣਿਆ ਸਿਵਾ ਦੇਖ ਕੇ ਸਿੱਖ ਨੇ ਭਾਈ ਭਿਖਾਰੀ ਜੀ ਨੂੰ ਇਸ ਬਾਰੇ ਪੁਛਿਆ ਤਾਂ ਉਨ੍ਹਾਂ ਭਲਕੇ ਦਸਣ ਲਈ ਕਿਹਾ। ਅਗਲੇ ਦਿਨ ਭਾਈ ਭਿਖਾਰੀ ਜੀ ਦੇ ਪੁੱਤਰ ਦਾ ਵਿਆਹ ਹੋਇਆ ਤੇ ਰਾਤ ਨੂੰ ਪੁੱਤਰ ਦੀ ਮੌਤ ਹੋ ਗਈ। ਘਰ 'ਚ ਬਣੇ ਹੋਏ ਸਿਵੇ 'ਤੇ ਭਾਈ ਭਿਖਾਰੀ ਜੀ ਨੇ ਪੁੱਤਰ ਦਾ ਸੰਸਕਾਰ ਕੀਤਾ ਤੇ ਗੁਰੂ ਦਾ ਭਾਣਾ ਕਰ ਮੰਨਿਆ। ਉਸ ਸਿੱਖ ਨੇ ਭਾਈ ਭਿਖਾਰੀ ਨੂੰ ਪੁਛਿਆ ਕਿ ਜੇ ਉਸ ਨੂੰ ਪੁੱਤਰ ਦੀ ਮੌਤ ਬਾਰੇ ਪਹਿਲਾਂ ਹੀ ਪਤਾ ਸੀ ਤਾਂ ਗੁਰੂ ਸਾਹਿਬ ਕੋਲ ਬੇਨਤੀ ਕਰ ਉਮਰ ਵਧਾਇ ਲੈਂਦੇ। ਭਾਈ ਭਿਖਾਰੀ ਨੇ ਕਿਹਾ ਗੁਰੂ ਸਾਹਿਬ ਕੋਲੋ ਝੂਠੇ ਪਦਾਰਥ ਕੀ ਮੰਗਣੇ, ਮੰਗਣੇ ਹਨ ਤਾਂ ਨਾਮ ਦੀ ਦਾਤ ਮੰਗੋ। ਭਾਈ ਭਿਖਾਰੀ ਜੀ ਸੱਚਮੁੱਚ ਸਬਰ-ਸੰਤੋਖੀ ਤੇ ਗੁਰਮੁਖ ਸੁਭਾਅ ਦੇ ਸਿੱਖਸਨ ਜੋ ਆਪਣੇ ਪੁੱਤਰ ਦੀ ਮੌਤ ਦੇ ਅਗਾਉਂ ਪਤਾ ਹੋਣ ਤੇ ਵੀ ਭਾਣੇ ਵਿਚ ਰਹੇ ਤੇ ਪੁੱਤਰ ਦੀ ਮੌਤ ਹੋਣ 'ਤੇ ਵੀ ਅਕਾਲ ਪੁਰਖ ਦਾ ਹੁਕਮ ਕਰ ਮੰਨਿਆ।

### 4.4.4 **ਭਾਈ ਤਾਰੂ ਸਿੰਘ ਜੀ:**

ਸਿੱਖ ਧਰਮ ਵਿਚ ਹੋਈਆਂ ਬੇਅੰਤ ਸ਼ਹਾਦਤਾਂ ਵੀ ਸੰਤੋਖੀ ਜੀਵਨ ਦੀਆਂ ਉਦਾਹਰਨਾਂ ਹਨ। ਭਾਈ ਤਾਰੂ ਸਿੰਘ ਦੀ ਸ਼ਹਾਦਤ ਸਿਖੀ ਜੀਵਨ ਲਈ ਪ੍ਰੇਰਨਾਯੋਗ ਹੈ। ਭਾਈ ਤਾਰੂ ਸਿੰਘ ਦਸਾਂ ਨਹੁਆਂ ਦੀ ਕਿਰਤ ਕਰ ਕੇ ਖਾਣ ਵਾਲੇ ਸਿਦਕੀ ਤੇ ਸਬਰ-ਸੰਤੋਖੀ ਸਿੱਖਸਨ, ਜੋ ਦਿਨ ਰਾਤ ਬਾਣੀ ਪੜ੍ਹਦੇ ਤੇ ਘਰ ਆਏ ਗਏ ਦੀ ਸੇਵਾ ਕਰਦੇ। ਉਹ ਘਰ ਵਿਚ ਤਿਆਰ ਰੁੱਖਾਂ ਮਿਸਾ ਪਰਸ਼ਾਦਾ, ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਵੀ ਛਕਾਉਣ ਜਾਂਦੇ ਸਨ। ਕਿਸੇ ਨੇ ਮੁਗਲਾਂ ਕੋਲ ਭਾਈ ਸਾਹਿਬ ਦੀ ਸ਼ਿਕਾਇਤ ਕੀਤੀ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ, ਸਿੱਖੀ ਤਿਆਗ ਕੇ ਮੁਸਲਮਾਨ ਹੋਣ ਲਈ ਕਿਹਾ ਗਿਆ। ਭਾਈ ਤਾਰੂ ਸਿੰਘ ਦੇ ਇਸ ਗੱਲ ਨੂੰ ਅਪ੍ਰਵਾਨ ਕਰਨ 'ਤੇ ਉਨ੍ਹਾਂ ਦੀ ਖੋਪੜੀ ਨੂੰ ਕੇਸਾਂ ਸਹਿਤ ਉਤਾਰਿਆਂ ਗਿਆ। ਭਾਈ ਸਾਹਿਬ ਨੇ ਅੰਤਲੇ ਸਵਾਸਾਂ ਤਕ ਸਿਖੀ ਨਿਭਾਈ। ਐਸੇ ਗੁਰਮੁਖ ਸਿੱਖ ਨਿਰਸੰਦੇਹ, ਸਿਖੀ ਜੀਵਨ ਲਈ ਪ੍ਰੇਰਨਾਸ੍ਰੋਤ ਹਨ।

### 4.5. **ਸਾਰ:**

ਅੰਤ ਵਿਚ ਅਸੀ ਇਹ ਸਮਝ ਸਕਦੇ ਹਾਂ ਕਿ ਸੰਤੋਖ ਦੀ ਜੀਵਨ ਵਿਚ ਕੀ ਮਹੱਤਤਾ ਹੈ ਤੇ ਇਸ ਤੋਂ ਬਿਨਾਂ ਮਨੁੱਖ ਕਿਵੇਂ ਔਗੁਣਾਂ ਦਾ ਸ਼ਿਕਾਰ ਹੋ ਕੇ ਆਪਣੀਆਂ ਖਾਹਿਸ਼ਾਂ ਨੂੰ ਪੂਰਾ ਕਰਨ ਲਈ ਭਟਕਦਾ ਰਹਿੰਦਾ ਹੈ। ਇਹ ਇੱਛਾਵਾਂ ਪੂਰੀਆਂ ਹੋ ਵੀ ਜਾਣ ਤਾਂ ਉਸ ਅੰਦਰ ਨਵੀਆਂ ਇੱਛਾਵਾਂ ਜਨਮ ਲੈ ਲੈਂਦੀਆਂ ਹਨ। ਇਸ ਤਰਾਂ ਇਹ ਚੱਕਰ ਨਿਰੰਤਰ ਚਲਦਾ ਰਹਿੰਦਾ ਹੈ। ਮਨੁੱਖ ਦੀ ਇਹ ਬਿਰਤੀ ਕਦੇ ਵੀ ਉਸ ਨੂੰ ਇਕ ਆਦਰਸ਼ਮਈ ਤੇ ਸੁਚਜਾ ਜੀਵਨ ਨਹੀਂ ਜਿਉਣ ਦਿੰਦੀ, ਕਿਉਂਕਿ ਹਰ ਸਮੇਂ ਹੀ ਮਨ ਵਿਚ ਪਲ਼ ਰਹੀਆਂ ਇੱਛਾਵਾਂ ਉਸ ਨੂੰ ਬੇਚੈਨ ਕਰੀ

ਰੱਖਦੀਆਂ ਹਨ ਤੇ ਉਸ ਅੰਦਰ ਇਕ ਡਰ ਦਾ ਮਾਹੌਲ ਵੀ ਪੈਦਾ ਕਰਦੀਆਂ ਹਨ। ਇਸ ਲਈ ਸੰਤੋਖੀ ਮਨੁੱਖ ਥੋੜੇ ਵਿਚ ਵੀ ਖੁਸ਼ਹਾਲ ਜੀਵਨ ਜਿਉਂਦਾ ਹੈ, ਕਿਉਕਿ ਉਸ ਅੰਦਰ ਬੇਸਬਰੇ ਮਨੁੱਖ ਵਾਂਗ ਇੱਛਾਵਾਂ ਦਾ ਜਾਲ ਨਹੀਂ ਬੁਣਿਆ ਹੁੰਦਾ, ਕੋਈ ਧਨ-ਦੌਲਤ ਕਮਾਉਣ ਦੀ ਦੌੜ ਨਹੀਂ ਲੱਗੀ ਹੁੰਦੀ। ਉਹ ਜੋ ਕੁਝ ਮਿਲਦਾ ਹੈ, ਉਸੇ 'ਚ ਗੁਜ਼ਾਰਾ ਕਰਦਾ ਹੈ ਤੇ ਪਰਮਾਤਮਾ ਦਾ ਸ਼ੁਕਰਾਨਾ ਕਰਦਾ ਹੈ। ਇਸ ਲਈ ਹਰ ਮਨੁੱਖ ਨੂੰ ਆਪਣੇ ਜੀਵਨ ਵਿਚ ਸੰਤੋਖ ਦਾ ਗੁਣ ਧਾਰਨ ਕਰ ਕੇ ਖੁਸ਼ਹਾਲ ਜੀਵਨ ਜਿਉਣ ਦਾ ਯਤਨ ਕਰਨਾ ਚਾਹੀਦਾ ਹੈ।

## 4.6. ਵਧੇਰੇ ਪੜ੍ਹਨਯੋਗ ਪੁਸਤਕਾਂ:


- ਅਵਤਾਰ ਸਿੰਘ, ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਬਲਕਾਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1998
- ਕੁਲਦੀਪ ਸਿੰਘ ਹਉਰਾ, ਸਿੱਖ ਨੈਤਿਕਤਾ ਦੀ ਰੂਪ-ਰੇਖਾ, ਅੰਮ੍ਰਿਤਸਰ: ਸਿਮਰ ਸਾਹਿਤ ਸਦਨ, 1992
- ਜਾਨ ਡਿਯੂਈ, ਸਦਾਚਾਰਕ ਜੀਵਨ ਦਾ ਸਿਧਾਂਤ, ਹਰਬੰਸ ਲਾਲ (ਅਨੁ.), ਅੰਮ੍ਰਿਤਸਰ: ਲੋਕ ਸਾਹਿਤ ਪ੍ਰਕਾਸ਼ਨ, 1966
- ਪਰਮਜੀਤ ਕੌਰ ਸੰਧੂ, ਕਦਰਾਂ ਕੀਮਤਾਂ ਦੀ ਸਿੱਖਿਆ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਮਨਮੋਹਨ ਸਿੰਘ, ਮਾਨਵੀ ਕਦਰਾਂ ਕੀਮਤਾਂ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987
- ਵਜ਼ੀਰ ਸਿੰਘ, ਨੈਤਿਕ ਨਿਯਮ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1975


## 4.7. ਅਭਿਆਸ ਲਈ ਪ੍ਰਸ਼ਨ:

ਪ੍ਰਸ਼ਨ 1. ਸਬਰ-ਸੰਤੋਖ ਤੋਂ ਤੁਸੀ ਕੀ ਭਾਵ ਸਮਝਦੇ ਹੋ?

ਪ੍ਰਸ਼ਨ 2. ਸਬਰ-ਸੰਤੋਖ ਦੀ ਜੀਵਨ ਵਿਚ ਕੀ ਮਹੱਤਤਾ ਹੈ?

ਪ੍ਰਸ਼ਨ 3. ਗੁਰਬਾਣੀ ਵਿਚ ਸੰਤੋਖ ਬਾਰੇ ਕੀ ਸਿਖਿਆ ਦਿਤੀ ਗਈ ਹੈ?

ਪ੍ਰਸ਼ਨ 4. ਸਿੱਖ ਵਿਵਹਾਰਿਕਤਾ ਵਿਚ ਸੰਤੋਖ ਦੀ ਕੀ ਮਹੱਤਤਾ ਹੈ?

## PROGRAMME: CERTIFICATE COURSE ON VALUE AND LEARNING OF SIKHISM

### COURSE: ETHICAL VALUES

### SEMESTER-I

### UNIT V - HONESTY

**STRUCTURE**

5.0 ਉਦੇਸ਼

5.1 ਜਾਣ-ਪਛਾਣ

5.2 ਈਮਾਨਦਾਰੀ ਅਤੇ ਨੈਤਿਕਤਾ

5.3 ਸਮਾਜਿਕ ਵਿਵਹਾਰ ਅਤੇ ਇਮਾਨਦਾਰੀ

5.4 ਧਰਮ ਅਤੇ ਈਮਾਨਦਾਰੀ

5.5 ਸਿੱਖ-ਸਿਧਾਂਤ ਅਤੇ ਈਮਾਨਦਾਰੀ

5.6 ਸਿੱਖ ਵਿਵਹਾਰ ਅਤੇ ਈਮਾਨਦਾਰੀ

5.6.1 ਭਾਈ ਤੀਰਥਾ

5.6.2 ਚੌਧਰੀ ਪੁਰੀਆ ਤੇ ਚੂਹੜ

5.6.3 ਭਾਈ ਭੂਮੀਆ

5.6.4 ਭਾਈ ਬਿਧੀ ਚੰਦ

5.6.5 ਜਾਮਨੀ ਸਾਹਿਬ

5.6.6 ਪਠਾਣਾਂ ਦੁਆਰਾ ਗੁਰੂ ਸਾਹਿਬ ਨਾਲ ਧੋਖਾ

5.6.7 ਧਰਮ ਪ੍ਰਤੀ ਈਮਾਨ

5.7 ਸਾਰ

5.8 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ

5.9 ਅਭਿਆਸ ਲਈ ਪ੍ਰਸ਼ਨ

## 5.0 ਉਦੇਸ਼:

- ਈਮਾਨਦਾਰੀ ਦੇ ਸੰਕਲਪ ਨੂੰ ਸਮਝਣਾ
- ਸਿੱਖ-ਸਿਧਾਂਤਾਂ ਵਿੱਚ ਈਮਾਨਦਾਰੀ ਨੂੰ ਸਮਝਣਾ
- ਸਿੱਖ ਜੀਵਨ ਵਿੱਚ ਈਮਾਨਦਾਰੀ ਦੇ ਵਿਵਹਾਰ ਨੂੰ ਜਾਣਨਾ

## 5.1. ਜਾਣ-ਪਛਾਣ:

ਈਮਾਨਦਾਰੀ ਨੈਤਿਕ ਕਿਰਦਾਰ ਦਾ ਇਕ ਸਦਗੁਣ ਹੈ, ਜੋ ਸੱਚ, ਵਿਸ਼ਵਾਸ, ਨੇਕੀ ਆਦਿ ਗੁਣਾਂ ਨਾਲ ਸੰਬਧਿਤ ਹੈ ਅਤੇ ਜਿਸ ਵਿੱਚ ਝੂਠ, ਬੇਈਮਾਨੀ, ਚੋਰੀ ਆਦਿ ਅਨੈਤਿਕ ਔਗੁਣਾਂ ਦੀ ਅਣਉਪਸਥਿਤੀ ਹੁੰਦੀ ਹੈ। ਈਮਾਨਦਾਰੀ ਕੀ ਹੈ ਜਾਂ ਈਮਾਨਦਾਰ ਕਿਸ ਨੂੰ ਕਿਹਾ ਜਾਵੇ, ਅਸਲ ਵਿੱਚ ਇਹ ਆਪਣੇ-ਆਪ 'ਚ ਗੰਭੀਰ ਪ੍ਰਸ਼ਨ ਹੈ। ਈਮਾਨਦਾਰੀ ਸਿਰਫ ਵਿਵਹਾਰਕ ਤੌਰ 'ਤੇ ਈਮਾਨਦਾਰ ਹੋਣ ਨੂੰ ਨਹੀਂ ਕਿਹਾ ਜਾ ਸਕਦਾ, ਕਿਉਂਕਿ ਇਸ ਵਿੱਚ ਵਿਅਕਤੀ ਦੀ ਅੰਤ੍ਰੀਵੀ ਭਾਵਨਾ ਦੀ ਸ਼ੁੱਧਤਾ-ਅਸ਼ੁੱਧਤਾ ਵੀ ਸ਼ਾਮਿਲ ਹੁੰਦੀ ਹੈ। ਕੋਈ ਵਿਅਕਤੀ ਚੋਰੀ ਫੜੇ ਜਾਣ ਦੇ ਡਰ ਕਾਰਨ ਵਿਵਹਾਰਕ ਤੌਰ 'ਤੇ ਈਮਾਨਦਾਰੀ ਦਿਖਾ ਸਕਦਾ ਹੈ, ਜਦਕਿ ਉਸ ਦੀ ਭਾਵਨਾ ਵਿੱਚ ਬੇਈਮਾਨੀ ਹੋ ਸਕਦੀ ਹੈ। ਈਮਾਨਦਾਰੀ ਆਪਣੇ ਸਵੈ ਨਾਲ ਸੱਚੇ ਹੋਣਾ ਹੈ ਅਤੇ ਆਪਣੇ ਸਵੈ ਪ੍ਰਤੀ ਸੱਚੇ ਹੋਣ ਲਈ, ਦੂਜਿਆਂ ਨਾਲ ਵਿਵਹਾਰਕ ਤੌਰ 'ਤੇ ਸੱਚੇ ਹੋਣਾ ਪੈਂਦਾ ਹੈ। ਸਾਧਾਰਨ ਸ਼ਬਦਾਂ ਵਿੱਚ ਅਜਿਹਾ ਵਿਅਕਤੀ ਜੋ ਹਮੇਸ਼ਾ ਸੱਚ ਬੋਲਦਾ ਹੈ, ਜੋ ਦੂਜਿਆਂ ਲਈ ਭਰੋਸੇਯੋਗ ਹੈ, ਜੋ ਕਦੇ ਕਿਸੇ ਨਾਲ ਬੇਈਮਾਨੀ ਨਹੀਂ ਕਰਦਾ ਅਤੇ ਇਸ ਤੋਂ ਅਗਾਂਹ ਜੋ ਇਹਨਾਂ ਕੰਮਾਂ ਲਈ ਆਪਣੇ ਸਵੈ 'ਤੇ ਮਾਣ ਕਰ ਸਕਦਾ ਹੋਵੇ, ਨਿਰਸੰਦੇਹ ਅਜਿਹੇ ਵਿਅਕਤੀ ਨੂੰ ਸੱਚੇ ਅਰਥਾਂ ਵਿੱਚ ਈਮਾਨਦਾਰ ਕਿਹਾ ਜਾ ਸਕਦਾ ਹੈ। ਈਮਾਨਦਾਰੀ ਦਾ ਵਿਰੋਧੀ ਸ਼ਬਦ ਬੇਈਮਾਨੀ ਹੈ, ਜਿਸ ਨੂੰ ਮਨੁੱਖੀ ਚੇਤਨਾ/ਭਾਵਨਾ ਜਾਂ ਵਿਹਾਰਕਤਾ ਦਾ ਅਨੈਤਿਕ ਪ੍ਰਗਟਾਵਾ ਮੰਨਿਆ ਗਿਆ ਹੈ।

## 5.2. ਈਮਾਨਦਾਰੀ ਅਤੇ ਨੈਤਿਕਤਾ

ਇਮਾਨਦਾਰੀ, ਨੀਤੀ ਸ਼ਾਸਤਰ ਅਨੁਸ਼ਾਸਨ ਦੇ ਅੰਤਰਗਤ ਇਕ ਨੈਤਿਕ ਸਦਗੁਣ ਜਾਂ ਕੀਮਤ ਹੈ, ਜੋ ਅੰਤ੍ਰੀਵੀ ਅਤੇ ਵਿਹਾਰਕ ਤੌਰ 'ਤੇ, ਵਿਸ਼ਵ ਦੇ ਹਰ ਖੇਤਰ ਚਾਹੇ ਸਮਾਜਿਕ, ਆਰਥਿਕ, ਰਾਜਨੀਤਿਕ, ਧਾਰਮਿਕ, ਸਿੱਖਿਆ, ਕਾਰੋਬਾਰ, ਖੋਜ ਜਾਂ ਹੋਰ ਕੋਈ ਵੀ ਖੇਤਰ ਹੋਵੇ, ਨਾਲ ਸਿਧੇ ਰੂਪ ਵਿੱਚ ਸੰਬੰਧ ਰੱਖਦੀ ਹੈ। ਹਰ ਇਕ ਖੇਤਰ ਵਿੱਚ ਈਮਾਨਦਾਰੀ ਸੰਬੰਧੀ ਪ੍ਰਚਲਿਤ ਕਹਾਣੀਆਂ ਮਿਲ ਜਾਂਦੀਆਂ ਹਨ। ਇਹਨਾਂ ਵਿਚੋਂ ਬਹੁਤ ਸਾਰੀਆਂ ਸਮਾਜ ਵਿੱਚ ਵਾਪਰ ਚੁੱਕੀਆਂ ਸੱਚੀਆਂ ਘਟਨਾਵਾਂ ਹੁੰਦੀਆਂ ਹਨ ਅਤੇ ਬਹੁਤ ਸਾਰੀਆਂ ਕਹਾਣੀਆਂ ਈਮਾਨਦਾਰੀ ਪ੍ਰਤੀ ਸੁਚੇਤ ਅਤੇ

ਪ੍ਰੇਰਿਤ ਕਰਨ ਲਈ ਲੋਕ ਧਾਰਾ ਵਿੱਚ ਘੜ੍ਹੀਆਂ ਗਈਆਂ ਹੁੰਦੀਆਂ ਹਨ, ਜਿਵੇਂ ਪੰਜਾਬੀ ਲੋਕ ਧਾਰਾ ਵਿੱਚ 'ਈਮਾਨਦਾਰ ਲਕੜਹਾਰੇ' ਦੀ ਕਹਾਣੀ ਪ੍ਰਚਿਲਤ ਹੈ, ਜਿਸ ਨੇ ਪਾਣੀ ਦੇ ਦੇਵਤੇ ਕੋਲੋਂ, ਸੋਨੇ-ਚਾਂਦੀ ਦਾ ਕੁਹਾੜਾ ਛੱਡ ਕੇ ਪਾਣੀ ਵਿੱਚ ਡਿਗੇ ਆਪਣੇ ਲੋਹੇ ਦੇ ਕੁਹਾੜੇ ਦੀ ਮੰਗ ਕੀਤੀ ਸੀ। ਸਿਧਾਂਤਕ ਰੂਪ ਵਿੱਚ ਈਮਾਨਦਾਰੀ 'ਤੇ ਵਿਸ਼ੇਸ਼ ਚਰਚਾ ਨੀਤੀ ਸ਼ਾਸਤਰ ਅਨੁਸ਼ਾਸਨ ਦੇ ਅੰਤਰਗਤ ਇਕ ਮਨੁੱਖੀ ਸਦਗੁਣ ਵਜੋਂ ਹੋਈ ਹੈ।

ਵਿਸ਼ਵ ਦੇ ਵਿਭਿੰਨ ਸਮਾਜਾਂ ਵਿੱਚ ਆਪਣੇ ਸਮਾਜ ਦੇ ਵਿਕਾਸ ਅਤੇ ਸ਼ੋਭਾ ਲਈ ਹਰ ਇਕ ਸਮਾਜ ਨੇ ਆਪਣੀਆਂ ਕਦਰ-ਕਮਤਾਂ ਨੂੰ ਨਿਸ਼ਚਤ ਕੀਤਾ ਹੁੰਦਾ ਹੈ। ਉਹਨਾਂ ਕਦਰਾਂ-ਕੀਮਤਾਂ ਦੀ ਸਥਾਪਤੀ ਅਤੇ ਬਰਕਰਾਰੀ ਲਈ ਸਮਾਜ ਦੇ ਚੋਣਵੇਂ ਲੋਕ ਉਸ ਸੰਬੰਧੀ ਕਈ ਤਰ੍ਹਾਂ ਦੇ ਨਿਯਮ ਘੜ੍ਹਦੇ ਹਨ ਅਤੇ ਉਹਨਾਂ ਦੀ ਪਾਲਣਾ ਲਈ ਲਗਾਤਾਰ ਅਭਿਆਸ ਕਰਦੇ ਹਨ। ਹਰ ਇਕ ਸਮਾਜ ਦੀ ਸੰਤੁਲਿਤ ਸਥਾਪਤੀ ਲਈ ਇਹ ਜਰੂਰੀ ਤੱਤ ਹੈ ਕਿ ਉਸ ਸਮਾਜ ਦੇ ਲੋਕ ਆਪਣੇ ਸਮਾਜ ਅਤੇ ਉਸ ਵਿੱਚ ਸਥਾਪਤ ਕਦਰਾਂ-ਕੀਮਤਾਂ ਦੀ ਰਖਿਆ ਲਈ ਇਕਜੁਟ ਅਤੇ ਈਮਾਨਦਾਰ ਹੋਣ। ਈਮਾਨਦਾਰ ਹੋਏ ਬਿਨਾਂ ਇਹ ਸੰਭਵ ਨਹੀਂ ਹੈ ਕਿ ਸਮਾਜ ਨੂੰ ਨਿਯਮਤ ਤੌਰ 'ਤੇ ਚਲਾਇਆ ਜਾ ਸਕੇ। ਇਸ ਲਈ ਸਮਾਜ ਦੇ ਚੁਣੇ ਹੋਏ ਆਗੂ ਜਿਥੇ ਈਮਾਨਦਾਰੀ ਲਈ ਨਵੇਂ ਤੋਂ ਨਵੇਂ ਸੰਕਲਪਾਂ ਅਤੇ ਗਾਥਾਵਾਂ ਦੇ ਬਿਰਤਾਂਤ ਸਿਰਜਦੇ ਹਨ, ਉਥੇ ਬੇਈਮਾਨ ਵਿਅਕਤੀਆਂ ਸੰਬੰਧੀ ਸਜ਼ਾਵਾਂ ਵੀ ਨਿਸ਼ਚਤ ਕਰਦੇ ਹਨ। ਈਮਾਨਦਾਰੀ ਨੂੰ ਲਗਾਤਾਰ ਸਮਾਜ ਦੇ ਉਚੇ ਨੈਤਿਕ-ਨਿਯਮਾਂ ਵਿੱਚ ਪ੍ਰੀਭਾਸ਼ਤ ਅਤੇ ਸਥਾਪਤ ਕੀਤਾ ਜਾਂਦਾ ਹੈ ਅਤੇ ਉਹਨਾਂ ਵਿਅਕਤੀਆਂ ਨੂੰ ਚਿੰਨ੍ਹ ਦੇ ਤੌਰ 'ਤੇ ਸਥਾਪਤ ਕਤਾ ਜਾਂਦਾ ਹੈ, ਜਿਨ੍ਹਾਂ ਨੇ ਈਮਾਨਦਾਰੀ ਦੇ ਕਾਰਜ ਕੀਤੇ ਹੋਣ।

## 5.3. ਸਮਾਜਿਕ ਵਿਹਾਰ ਅਤੇ ਇਮਾਨਦਾਰੀ:

ਹਰ ਸਮਾਜ ਈਮਾਨਦਾਰ ਲੋਕਾਂ ਨੂੰ ਪਸੰਦ ਕਰਦਾ ਹੈ ਅਤੇ ਸਨਮਾਨਿਤ ਦ੍ਰਿਸ਼ਟੀ ਨਾਲ ਦੇਖਦਾ ਹੈ। ਅਸਲ ਵਿੱਚ ਇਕ ਸਭਿਅਕ ਤੇ ਆਦਰਸ਼ਕ ਸਮਾਜ, ਈਮਾਨਦਾਰ ਲੋਕਾਂ ਦਾ ਹੀ ਸਮੂਹ ਹੁੰਦਾ ਹੈ ਪਰੰਤੂ ਇਸ ਵਿੱਚ ਕੁਝ ਬੇਈਮਾਨ ਲੋਕ ਵੀ ਸ਼ਾਮਿਲ ਰਹਿੰਦੇ ਹਨ। ਈਮਾਨਦਾਰ ਤੇ ਬੇਈਮਾਨ ਦੀ ਪਰਖ ਕਿਵੇਂ ਕੀਤੀ ਜਾਵੇ, ਇਹ ਆਪਣੇ-ਆਪ ਵਿੱਚ ਗੰਭੀਰ ਮਸਲਾ ਵੀ ਹੈ। ਪਰੰਤੂ ਸਮਾਜਿਕ ਪਧਰ 'ਤੇ ਈਮਾਨਦਾਰੀ ਤੇ ਬੇਈਮਾਨੀ ਦੇ ਬੜੇ ਸਿਧ-ਪਧਰੇ ਨਿਯਮ ਹੁੰਦੇ ਹਨ। ਉਦਾਹਰਨ ਲਈ ਜੇਕਰ ਕੋਈ ਵਿਅਕਤੀ ਕਿਸੇ ਦੀ ਗਵਾਚੀ ਕੀਮਤੀ ਚੀਜ਼ ਵਾਪਸ ਮੋੜ ਦੇਵੇ, ਕੋਈ ਵਿਅਕਤੀ ਕਿਸੇ ਤੋਂ ਉਧਾਰ ਲਏ ਪੈਸੇ ਸਹੀ ਸਮੇਂ ਤੇ ਵਾਪਸ ਕਰਦਾ ਹੋਵੇ, ਕੋਈ ਵਿਅਕਤੀ ਜਾਇਜ਼ ਮੁਨਾਫੇ 'ਤੇ ਘਰੇਲੂ ਵਸਤਾਂ ਵੇਚਦਾ ਹੋਵੇ ਭਾਵ ਜੋ ਹਰ ਕਿਸੇ ਨਾਲ ਪ੍ਰਕਾਰ ਦੇ ਹਿਸਾਬ-ਕਿਤਾਬ ਵਿੱਚ ਸਚਾ ਹੋਵੇ, ਸਮਾਜ ਦੀ ਨਜ਼ਰ ਵਿੱਚ ਉਹ ਵਿਅਕਤੀ ਈਮਾਨਦਾਰ ਕਹਾਉਂਦਾ ਹੈ। ਜਿਸ ਵਿਅਕਤੀ ਦੀ ਵਿਵਹਾਰਕਤਾ ਵਿੱਚ ਸਭ ਕੁਝ ਇਸ ਦੇ ਵਿਪਰੀਤ ਹੋਵੇ, ਉਸ ਨੂੰ ਸਮਾਜ ਵਿੱਚ ਬੇਈਮਾਨ ਵਿਅਕਤੀ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਤੇ ਉਸ ਨੂੰ ਸਮਾਜ ਵਲੋਂ ਸਨਮਾਨਯੋਗ ਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ।

## 5.4. ਧਰਮ ਅਤੇ ਈਮਾਨਦਾਰੀ:

ਵਿਸ਼ਵ ਦੇ ਹਰੇਕ ਧਰਮ ਅਤੇ ਧਾਰਿਮਕ ਗ੍ਰੰਥਾਂ ਵਿੱਚ ਲੋਕਾਂ ਨੂੰ ਈਮਾਨਦਾਰੀ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਗਈ ਹੈ। ਕਿਸੇ ਧਰਮ ਦਾ ਪੈਰੋਕਾਰ ਹੋਣ ਲਈ, ਵਿਅਕਤੀ ਲਈ ਸਹੀ ਅਰਥਾਂ ਵਿੱਚ ਈਮਾਨਦਾਰ ਹੋਣਾ ਜ਼ਰੂਰੀ ਹੈ। ਇਹ ਵੀ ਜਰੂਰੀ ਨਹੀਂ ਕਿ ਧਰਮ ਨੂੰ ਮੰਨਣ ਵਾਲਾ ਹਰ ਵਿਅਕਤੀ ਈਮਾਨਦਾਰ ਹੀ ਹੁੰਦਾ ਹੈ। ਅਸਲ ਵਿੱਚ ਜੋ ਵਿਅਕਤੀ ਸਹੀ ਅਰਥਾਂ ਵਿੱਚ ਆਪਣੇ ਧਰਮ ਦੀਆਂ ਸਿਖਿਆਵਾਂ ਨੂੰ ਮੰਨਦਾ ਹੈ ਅਤੇ ਗਿਣਨਾਤਮਕ ਰੂਪ ਵਿੱਚ ਨਾ ਹੋ ਕੇ ਸਗੋਂ ਗੁਣਨਾਤਮਕ ਰੂਪ ਵਿੱਚ ਧਰਮ ਨਾਲ ਜੁੜਿਆ ਹੋਇਆ ਹੈ, ਉਹ ਵਿਅਕਤੀ ਕਦੇ ਕਿਸੇ ਨਾਲ ਬੇਈਮਾਨੀ ਨਹੀਂ ਕਰਦਾ। ਅਜਿਹਾ ਵਿਅਕਤੀ ਭਾਵੇਂ ਕਿਸੇ ਵੀ ਧਰਮ ਦਾ ਪੈਰੋਕਾਰ ਹੋਵੇ, ਹਮੇਸ਼ਾ ਈਮਾਨਦਾਰੀ ਤੇ ਸੰਤੋਖ ਵਾਲੇ ਜੀਵਨ ਨੂੰ ਪਹਿਲ ਦਿੰਦਾ ਹੈ। ਮਨੁੱਖੀ ਚੇਤਨਾ ਵਿੱਚ ਵਿਕਾਰਾਂ ਦੇ ਪ੍ਰਭਾਵ ਕਰਕੇ ਬੇਈਮਾਨੀ ਦਾ ਖਿਆਲ ਕਦੇ ਵੀ ਪੈਦਾ ਹੋ ਸਕਦਾ ਹੈ ਪਰੰਤੂ ਉਸਦੇ ਇਸ਼ਟ ਜਾਂ ਅਕੀਦੇ ਦੀਆਂ ਸਿਖਿਆਵਾਂ ਉਸ ਨੂੰ ਅਜਿਹਾ ਕਰਨ ਤੋਂ ਰੋਕ ਦਿੰਦੀਆਂ ਹਨ ਤੇ ਉਹ ਸਹੀ ਕਦਮ ਚੁਕਣ ਦੇ ਸਮਰਥ ਹੋ ਜਾਂਦਾ ਹੈ। ਇਸ ਲਈ ਧਰਮ ਕਿਸੇ ਪੈਰੋਕਾਰ ਦੇ ਈਮਾਨਦਾਰ ਜੀਵਨ ਜਿਉਣ ਵਿੱਚ ਮਹਤਵਪੂਰਨ ਭੂਮਿਕਾ ਨਿਭਾਉਂਦਾ ਹੈ।

## 5.5. ਸਿੱਖ-ਸਿਧਾਂਤ ਅਤੇ ਈਮਾਨਦਾਰੀ:

ਗੁਰਬਾਣੀ ਵਿੱਚ ਮਨੁੱਖ ਨੂੰ ਹਥੀਂ ਕਿਰਤ ਕਰਕੇ ਈਮਾਨਦਾਰੀ ਵਾਲਾ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ ਗਈ ਹੈ ਅਤੇ ਕਿਰਤੀ ਮਨੁੱਖ ਦੀ ਅਥਾਹ ਮਹਿਮਾ ਕੀਤੀ ਗਈ ਹੈ ਜੋ ਦਸਾਂ ਨਹੁਆਂ ਦੀ ਕਿਰਤ ਕਰ ਕੇ ਖਾਂਦਾ ਹੈ ਤੇ ਬੇਈਮਾਨੀ ਦੀ ਕਮਾਈ ਨੂੰ ਪਾਪ ਸਮਝਦਾ ਹੈ। ਗੁਰਬਾਣੀ ਅਨੁਸਾਰ ਕਿਸੇ ਮਨੁੱਖ ਲਈ ਕਿਸੇ ਦਾ ਹਕ ਮਾਰਨਾ, ਬੇਈਮਾਨੀ ਕਰਨੀ ਇਸਲਾਮ ਧਰਮ ਦੇ ਪੈਰੋਕਾਰਾਂ ਲਈ ਸੂਰ ਖਾਣ ਦੇ ਬਰਾਬਰ ਤੇ ਹਿੰਦੂ ਧਰਮ ਦੇ ਲੋਕਾਂ ਲਈ ਗਾਂ ਖਾਣ ਦੇ ਬਰਾਬਰ ਹੈ, ਕਿਉਂਕਿ ਦੋਵੇਂ ਕ੍ਰਮਵਾਰ ਸੂਰ ਤੇ ਗਾਂ ਦਾ ਮਾਸ ਖਾਣਾ ਪਾਪ ਸਮਝਦੇ ਹਨ। ਇਸ ਲਈ ਗੁਰੂ ਸਾਹਿਬ ਪਰਾਏ ਹਕ ਭਾਵ ਬੇਈਮਾਨੀ ਕਰਕੇ ਖਾਣ ਨੂੰ ਸੂਰ ਅਤੇ ਗਾਂ ਦੇ ਮਾਸ ਖਾਣ ਦੇ ਪ੍ਰਤੀਕ ਨਾਲ ਜੋੜ ਕੇ, ਈਮਾਨਦਾਰੀ ਦਾ ਜੀਵਨ ਬਿਤਾਉਣ ਦੀ ਪ੍ਰੇਰਨਾ ਦਿੰਦੇ ਹਨ।

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥

ਵਿਸ਼ਵ ਵਿੱਚ ਹਰ ਤਰਾਂ ਦੇ ਲੋਕਾਂ ਦੀ ਭਰਮਾਰ ਹੈ। ਜਿਥੇ ਸੱਚੇ-ਈਮਾਨਦਾਰ ਲੋਕ ਵੱਡੀ ਗਿਣਤੀ ਵਿੱਚ ਹਨ, ਉਥੇ ਹੀ ਬੇਈਮਾਨ ਲੋਕ ਵੀ ਬਹੁਤਾਤ ਵਿੱਚ ਹਨ, ਜੋ ਆਪਣੀ-ਆਪਣੀ ਸੋਚ ਜਾਂ ਸੁਵਿਧਾ ਮੁਤਾਬਕ ਆਪਣਾ ਜੀਵਨ ਬਤੀਤ ਕਰਦੇ ਹਨ। ਭਾਈ ਗੁਰਦਾਸ ਜੀ ਅਨੁਸਾਰ:

ਕੇਤਿੜਆ ਹੀ ਸਚਿਆਰ ਕੇਤਿੜਆ ਦਗਾਬਾਜ ਦਰੋਗੀ॥

ਇਨ੍ਹਾਂ ਵਿਚੋਂ ਸਚਿਆਰੇ-ਈਮਾਨਦਾਰ ਲੋਕ ਜੋ ਅਕਾਲ-ਪੁਰਖ ਦੇ ਹੁਕਮ ਤੇ ਨਿਰਮਲ ਭਉ ਵਿੱਚ ਆਪਣਾ ਜੀਵਨ ਗੁਜ਼ਾਰਦੇ ਹਨ, ਉਹ ਸੰਸਾਰ ਵਿੱਚ ਵਡਭਾਗੇ ਕਹਾਉਂਦੇ ਹਨ। ਪਰ ਕੂੜਿਆਰ ਲੋਕ, ਜਿਨ੍ਹਾਂ ਦਾ ਜੀਵਨ ਝੂਠ, ਬੇਈਮਾਨੀ 'ਤੇ ਆਧਾਰਿਤ ਹੁੰਦਾ ਹੈ, ਇਸ ਸੰਸਾਰ ਵਿੱਚ ਖੁਆਰ ਹੁੰਦੇ ਹਨ ਤੇ ਉਨ੍ਹਾਂ ਨੂੰ ਹਰ ਥਾਂ ਤੋਂ ਬੇਇਜ਼ਤ ਹੋਣਾ ਪੈਂਦਾ ਹੈ।

ਸਚਿਆਰੈ ਸਾਬਾਸਿ ਹੈ ਕੂੜਿਆਰੇ ਫਿਟੁ ਫਿਟੁ ਕਰਾਇਆ॥

ਮਨੁੱਖ ਆਪਣੀਆਂ ਪਦਾਰਥਕ ਲੋੜਾਂ ਅਤੇ ਪਰਿਵਾਰ ਦੀ ਪਾਲਣਾ ਵਾਸਤੇ ਕਈ ਤਰਾਂ ਦੇ ਹੀਲੇ-ਵਸੀਲੇ ਵਰਤਦਾ ਹੈ। ਕੋਈ ਮਨੁੱਖ ਇਮਾਨਦਾਰੀ ਨਾਲ ਆਪਣਾ ਜੀਵਨ ਬਸਰ ਕਰਨ ਦਾ ਯਤਨ ਕਰਦਾ ਹੈ ਤੇ ਕੋਈ ਦੂਜਿਆਂ ਨਾਲ ਠਗੀ-ਬੇਈਮਾਨੀ ਕਰਕੇ ਆਪਣਾ ਗੁਜ਼ਾਰਾ ਚਲਾਉਂਦਾ ਹੈ। ਗੁਰਮਤਿ ਅਨੁਸਾਰ ਹਰ ਇਕ ਕੰਮ ਦਾ ਹਿਸਾਬ ਕਿਤਾਬ ਮਨੁੱਖ ਨੂੰ ਦੇਣਾ ਪੈਂਦਾ ਹੈ। ਇਸ ਲਈ ਭੁੱਲ ਕੇ ਵੀ ਮਨੁੱਖ ਨੂੰ ਮਾੜੇ, ਬੇਈਮਾਨੀ ਵਾਲੇ ਕੰਮਾਂ ਵੱਲ ਧਿਆਨ ਨਹੀਂ ਦੇਣਾ ਚਾਹੀਦਾ।

ਬਹੁ ਪਰਪੰਚ ਕਰ ਧਨ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥

ਗੁਰਬਾਣੀ ਵਿੱਚ ਸਚਿਆਰ (ਈਮਾਨਦਾਰ) ਤੇ ਕੂੜਿਆਰ (ਬੇਈਮਾਨ) ਲੋਕਾਂ ਦੇ ਸੁਭਾਅ ਸੰਬੰਧੀ ਦਰਜ਼ ਹੈ ਕਿ ਝੂਠੇ, ਕਠੋਰ ਦਿਲਾਂ ਵਾਲੇ ਬੇਈਮਾਨ ਲੋਕਾਂ ਨੂੰ ਸੱਚ ਸੁਣਨਾ ਪਸੰਦ ਹੀ ਨਹੀਂ ਹੁੰਦਾ, ਨਾ ਉਨ੍ਹਾਂ ਨੂੰ ਸੱਚੇ ਗੁਰੂ ਕੋਲ ਬੈਠ ਕੇ ਖੁਸ਼ੀ ਮਿਲਦੀ ਹੈ। ਸੱਚ ਸੁਣ ਕੇ ਉਹਨਾਂ ਦਾ ਚਿਤ ਉਦਾਸ ਹੋਣ ਲਗਦਾ ਹੈ। ਉਹਨਾਂ ਦਾ ਮਨ ਸਿਰਫ਼ ਕੂੜਿਆਰ/ਬੇਈਮਾਨ ਲੋਕਾਂ ਵਿੱਚ ਜਾ ਕੇ ਹੀ ਖੁਸ਼ ਹੁੰਦਾ ਹੈ ਪਰੰਤੂ ਜਿਨ੍ਹਾਂ ਦੇ ਮਨ ਅੰਦਰ ਸੱਚ ਦਾ ਪ੍ਰਕਾਸ਼ ਹੁੰਦਾ ਹੈ, ਜੋ ਸੱਚ 'ਤੇ ਚਲਣ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹਨ, ਸਿਰਫ ਉਹੀ ਸਤਿਗੁਰੂ ਕੋਲ ਆ ਕੇ ਬੈਠਦੇ ਹਨ ਤੇ ਸੱਚ ਦੀ ਸੰਗਤ ਕਰਦੇ ਹਨ।

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥
ਓਥੈ ਸਚੁ ਹੀ ਵਰਤਦਾ ਕੂੜਿਆਰਾ ਚਿਤ ਉਦਾਸਿ॥
ਕੂੜਿਆਰ ਕੂੜਿਆਰੀ ਜਾਇ ਰਲੇ
ਸਚਿਆਰ ਸਿੱਖ ਬੈਠੇ ਸਤਿਗੁਰ ਪਾਸਿ॥

ਗੁਰਬਾਣੀ ਅਨੁਸਾਰ ਕੂੜਿਆਰ ਲੋਕ ਗੱਲਾਂ ਭਾਵੇਂ ਚੰਗੀਆਂ ਕਰਨ ਪਰ ਉਨ੍ਹਾਂ ਦਾ ਅਚਾਰ-ਵਿਹਾਰ ਮਾੜਾ ਹੁੰਦਾ ਹੈ। ਇਹ ਮਨ ਦੇ ਖੋਟੇ ਲੋਕ ਬਾਹਰੋਂ ਆਪਣੇ-ਆਪ ਨੂੰ ਸਾਫ ਦਿਖਾਉਣ ਦਾ ਯਤਨ ਕਰਦੇ ਹਨ ਪਰ ਇਨ੍ਹਾਂ ਦਾ

ਆਚਾਰ-ਵਿਹਾਰ ਤੋਂ ਇਨ੍ਹਾਂ ਦੀ ਖੋਟ ਸਾਹਮਣੇ ਆ ਜਾਂਦੀ ਹੈ। ਪਰੰਤੂ ਕੂੜਿਆਰਾਂ ਦੇ ਮੁਕਾਬਲੇ ਈਮਾਨਦਾਰ/ਸਚਿਆਰ ਮਨੁੱਖਾਂ ਦਾ ਜੰਮਣਾ-ਮਰਨਾ ਸਫਲਾ ਹੋ ਜਾਂਦਾ ਹੈ ਤੇ ਉਨ੍ਹਾਂ ਦਾ ਮੁਖ ਉਜਲਾ ਹੁੰਦਾ ਹੈ।

ਧਨੁ ਧੰਨੁ ਜਨਮ ਸਚਿਆਰੀਆ ਮੁਖ ਉਜਲ ਸਚੁ ਕਰਿਜੈ॥

## 5.6. ਸਿੱਖ ਵਿਹਾਰ ਅਤੇ ਈਮਾਨਦਾਰੀ:

ਗੁਰਬਾਣੀ ਵਿੱਚ ਸਿੱਖਾਂ ਨੂੰ ਈਮਾਨਦਾਰੀ ਨਾਲ ਜੀਵਨ ਬਸਰ ਕਰਨ ਦੀ ਪ੍ਰੇਰਨਾ ਦਿੱਤੀ ਹੈ, ਜਿਸ ਨੂੰ ਸਿੱਖ ਆਪਣੇ ਰੋਜ਼ਾਨਾ ਜੀਵਨ-ਵਿਹਾਰ ਵਿੱਚ ਢਾਲ ਕੇ, ਈਮਾਨਦਾਰੀ ਨਾਲ ਜੀਵਨ ਜਿਉਣ ਲਈ ਯਤਨਸ਼ੀਲ ਰਹਿੰਦੇ ਹਨ। ਸਿੱਖ ਇਤਿਹਾਸ ਵਿੱਚ ਅਜਿਹੇ ਬਹੁਤ ਸਾਰੇ ਸਚਿਆਰ ਸਿੱਖਾਂ ਦੀਆਂ ਸਾਖੀਆਂ ਸਾਨੂੰ ਮਿਲਦੀਆਂ ਹਨ, ਜਿਨ੍ਹਾਂ ਨੇ ਸਤਿਗੁਰੂ ਦੀ ਸਿਖਿਆ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ, ਈਮਾਨਦਾਰੀ ਵਾਲਾ ਜੀਵਨ ਜੀਅ ਕੇ ਸਚਿਆਰ ਸਿੱਖਾਂ ਦਾ ਮਾਣ ਪ੍ਰਾਪਤ ਕੀਤਾ ਹੈ। ਭਾਈ ਗੁਰਦਾਸ ਜੀ ਨੇ 11ਵੀਂ ਵਾਰ ਵਿੱਚ ਗੁਰੂ ਸਾਹਿਬਾਨ ਕੋਲ ਆਉਂਦੇ ਈਮਾਨਦਾਰ/ਸਚਿਆਰ ਸਿੱਖਾਂ ਦੇ ਨਾਵਾਂ ਦਾ ਜ਼ਿਕਰ ਕੀਤਾ ਹੈ, ਜੋ ਗੁਰੂ ਸਾਹਿਬਾਨ ਕੋਲ ਸੱਚੇ-ਸੁਚੇ ਤੇ ਈਮਾਨਦਾਰੀ ਵਾਲਾ ਜੀਵਨ ਜਿਉਣ ਦੀ ਜਗਿਆਸਾ ਸੰਬੰਧੀ ਮਨ ਦੇ ਸੰਸੇ ਲੈ ਕੇ ਆਉਂਦੇ ਤੇ ਗੁਰ-ਉਪਦੇਸ਼ ਰਾਹੀਂ ਆਪਣੇ ਸੰਸੇ ਨਵਿਰਤ ਕਰਦੇ ਹੋਏ ਵਾਪਸ ਜਾਂਦੇ ਸਨ।

### 5.6.1 ਭਾਈ ਤੀਰਥਾ:

ਸਭੱਰਵਾਲ ਦੇ ਰਹਿਣ ਵਾਲੇ ਸਿੱਖ ਭਾਈ ਤੀਰਥਾ ਜੀ ਨੇ ਗੁਰੂ ਰਾਮਦਾਸ ਜੀ ਦੇ ਚਰਨੀ ਆ ਕੇ ਬੇਨਤੀ ਕੀਤੀ, ਉਸ ਦਾ ਇਸ ਜਗਤ ਵਿਚੋਂ ਉਧਾਰ ਕਿਵੇਂ ਹੋ ਸਕਦਾ ਹੈ। ਗੁਰੂ ਰਾਮਦਾਸ ਜੀ ਨੇ ਬਚਨ ਕੀਤੇ ਸੱਚ ਦੇ ਸਮਾਨ ਹੋਰ ਕੋਈ ਧਰਮ ਨਹੀਂ ਹੈ। ਮੁਖ ਤੋਂ ਭੀ ਸੱਚ ਬੋਲਣਾ ਤੇ ਅੰਦਰੋਂ ਭੀ ਹਮੇਸ਼ਾ ਸਚਿਆਰ/ਈਮਾਨਦਾਰ ਰਹਿਣਾ ਹੈ। ਝੂਠ ਜਿਹਾ ਹੋਰ ਕੋਈ ਪਾਪ ਨਹੀਂ ਹੈ, ਇਸ ਲਈ ਜੀਵਨ ਵਿੱਚ ਝੂਠ ਨਹੀਂ ਕਮਾਉਣਾ। ਇਨ੍ਹਾਂ ਉਪਦੇਸ਼ਾਂ ਨੂੰ ਜੀਵਨ ਵਿੱਚ ਕਮਾ ਕੇ ਭਾਈ ਤੀਰਥੇ ਦਾ ਕਲਿਆਣ ਹੋਇਆ।

ਸਨਮੁਖ ਭਾਈ ਤੀਰਥਾ ਸਭਰਵਾਲ ਸਭੇ ਸਿਰਦਾਰਾ॥

ਦੀਪਾ ਜੇਠਾ ਤੀਰਥਾ ਸੈਸਾਰਾ ਬੂਲਾ ਸਚਿਆਰਾ॥

### 5.6.2 ਚੌਧਰੀ ਪੁਰੀਆ ਤੇ ਚੂਹੜ:

ਚੌਧਰੀ ਪੁਰੀਆ ਤੇ ਚੂਹੜ ਦੋਵੇਂ ਗੁਰੂ ਅਰਜਨ ਦੇਵ ਜੀ ਹਜੂਰੀ ਵਿੱਚ ਆ ਕੇ ਅਰਦਾਸ ਕੀਤੀ ਕਿ ਅਸੀਂ ਲੋਕ ਝੂਠ ਬਹੁਤ ਕਮਾਉਂਦੇ ਹਾਂ, ਸਾਡਾ ਉਧਾਰ ਕਿਵੇਂ ਹੋਵੇਗਾ। ਗੁਰੂ ਸਾਹਿਬ ਨੇ ਕਿਹਾ ਕਿ ਜੇ ਤੁਸੀਂ ਝੂਠ ਛਡੋਗੇ ਤਾਂ ਹੀ ਤੁਹਾਡਾ ਉਧਾਰ ਹੋ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਝੂਠ ਨਹੀਂ ਛੱਡ ਸਕਦੇ, ਸਾਡਾ ਝੂਠ ਬੋਲੇ ਬਿਨਾ ਗੁਜ਼ਾਰਾ ਨਹੀਂ ਹੈ, ਤਾ ਸਤਿਗੁਰਾਂ ਬਚਨ ਕੀਤਾ ਕਿ ਆਪਣੇ ਸ਼ਹਿਰ ਵਿੱਚ ਧਰਮਸ਼ਾਲ ਬਣਾਉ। ਬਾਣੀ ਦੀ ਪ੍ਰੀਤ ਕਰਕੇ ਕਥਾ

ਸੁਣਿਆ ਕਰੋ ਤੇ ਸਾਰੇ ਦਿਨ ਵਿੱਚ ਜੋ ਸੱਚ-ਝੂਠ ਕਮਾਵੋ, ਇਕ ਕਾਗਜ਼ ਤੇ ਲਿਖ ਕੇ ਮਹੀਨੇ ਦੀ ਮਹੀਨੇ ਦੀਦਾਰਿਆਂ ਨੂੰ ਆਉਣ ਸਮੇਂ ਕਾਗਜ ਪੜ੍ਹ ਕੇ ਸੁਣਾਉਣਾ। ਦੋਵੇਂ ਚੌਧਰੀ ਜਿਵੇਂ ਜਿਵੇਂ ਸਾਧ-ਸੰਗਤ ਕਰਨ, ਕਥਾ ਸੁਣਨ ਤਿਵੇਂ ਝੂਠ ਤੋਂ ਡਰ ਆਵੇ ਤੇ ਗੁਰੂ ਸਾਹਿਬ ਨੂੰ ਕਾਗਜ ਪੜ੍ਹ ਕੇ ਸੁਣਾਉਣ ਤਾਂ ਆਪਣੇ ਝੂਠ ਦੀ ਸ਼ਰਮ ਵੀ ਆਵੇ। ਇਸ ਕੁਝ ਸਮੇਂ ਦੇ ਅੰਦਰ ਹੀ ਝੂਠ ਤੇ ਬੇਈਮਾਨੀ ਦਾ ਜੀਵਨ ਛੱਡ ਕੇ ਸਚਿਆਰ/ਈਮਾਨਦਾਰ ਸਿੱਖ ਬਣੇ ਤੇ ਉਨ੍ਹਾਂ ਦਾ ਉਧਾਰ ਹੋਇਆ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਦਰਜ਼ ਹੈ ਕਿ:

ਪੁਰੀਆ ਚੂਹੜ੍ਹ ਚਉਧਰੀ ਪੈੜਾ ਦਰਗਹੁ ਦਾਤਾ ਭਾਰਾ।।

ਕੁਲਾ ਭੁਲਾ ਝੰਝੀਆ ਭਾਗੀਰਥੁ ਸੁਇਨੀ ਸਚਿਆਰਾ।।

**5.6.3 ਭਾਈ ਭੂਮੀਆ:**

ਭਾਈ ਭੂਮੀਆ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆਉਣ ਤੋਂ ਪਹਿਲਾਂ ਨਗਰ ਵਿੱਚ ਚੋਰੀ ਕਰਦਾ ਸੀ ਤੇ ਚੋਰੀ ਤੇ ਲੁਟ ਮਾਰ ਦੇ ਧਨ ਨਾਲ ਹੀ ਘਰ ਵਿੱਚ ਆਏ ਗਏ ਨੂੰ ਲੰਗਰ ਛਕਾਉਂਦਾ ਸੀ। ਉਸ ਨੂੰ ਲਗਦਾ ਸੀ ਕਿ ਇੰਝ ਲੰਗਰ ਲਗਾ ਕੇ ਉਸ ਨੂੰ ਚੋਰੀ ਦਾ ਪਾਪ ਨਹੀਂ ਲਗੇਗਾ। ਗੁਰੂ ਨਾਨਕ ਦੇਵ ਜੀ ਜਦੋਂ ਇਸ ਨਗਰ ਵਿੱਚ ਆਏ ਤਾਂ ਭੂਮੀਏ ਦੇ ਘਰ ਗਏ। ਭੂਮੀਏ ਨੇ ਗੁਰੂ ਸਾਹਿਬ ਦੀ ਆਉ ਭਗਤ ਕੀਤੀ ਤੇ ਲੰਗਰ ਛਕਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੁਛਿਆ ਕਿ ਉਹ ਕਿਰਤ ਕੀ ਕਰਦਾ ਹੈ। ਭੂਮੀਏ ਨੇ ਅੰਦਰੋਂ ਡਰਦੇ ਹੋਏ ਦਸਿਆ ਕਿ ਉਹ ਚੋਰੀ ਕਰਦਾ ਹੈ ਤੇ ਚੋਰੀ ਦੇ ਧਨ ਨਾਲ ਲੰਗਰ ਲਗਾਉਂਦਾ ਹੈ। ਗੁਰੂ ਸਾਹਿਬ ਨੇ ਉਸ ਦੇ ਲੰਗਰ ਨੂੰ ਪਾਪ ਦੀ ਕਮਾਈ ਦਸਿਆ ਤੇ ਲੰਗਰ ਛਕਣ ਤੋਂ ਮਨਾ ਕਰ ਦਿਤਾ ਅਤੇ ਉਸ ਨੂੰ ਬੇਈਮਾਨੀ ਛੱਡ ਕੇ ਈਮਾਨਦਾਰੀ ਵਾਲਾ ਜੀਵਨ ਬਸਰ ਕਰਨ ਲਈ ਕਿਹਾ। ਭੂਮੀਏ ਨੇ ਬੇਨਤੀ ਕੀਤੀ ਕਿ ਗੁਰੂ ਜੀ ਉਹ ਚੋਰੀ ਛੱਡਣ ਤੋਂ ਅਸਮਰਥ ਹੈ, ਕਿਉਂਕਿ ਚੋਰੀ ਕੀਤੇ ਬਿਨਾ ਉਸ ਦਾ ਗੁਜ਼ਾਰਾ ਨਹੀਂ ਹੈ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਠੀਕ ਹੈ, ਜੇ ਉਹ ਚੋਰੀ ਨਹੀਂ ਛੱਡ ਸਕਦਾ ਤਾਂ ਤਿੰਨ ਗਲਾਂ ਤੇ ਅਮਲ ਕਰੇ ਕਿ ਝੂਠ ਨਾ ਬੋਲੇ, ਕਿਸੇ ਗਰੀਬ ਦਾ ਮਾੜਾ ਨਾ ਕਰੇ, ਕਿਸੇ ਦੇ ਘਰ ਦਾ ਨਮਕ ਖਾ ਕੇ ਹਰਾਮ ਨਾ ਕਰੇ। ਭੂਮੀਏ ਨੇ ਇਹ ਗਲਾਂ ਪ੍ਰਵਾਨ ਕਰ ਲਈਆਂ। ਕੁਝ ਚਿਰ ਪਿਛੋਂ ਭੂਮੀਆ ਚੋਰੀ ਕਰਨ ਗਿਆ ਤਾਂ ਚੋਰੀ ਕਰਨ ਤੋਂ ਬਾਅਦ ਉਸ ਨੂੰ ਭੁਖ ਲਗੀ ਤਾਂ ਉਸ ਨੇ ਰਸੋਈ ਵਿਚੋਂ ਖੰਡ ਦੇ ਭੁਲੇਖੇ ਨਮਕ ਖਾ ਲਿਆ। ਉਸ ਨੂੰ ਗੁਰੂ ਸਾਹਿਬ ਦੀ ਦਿੱਤੀ ਸਿਖਿਆ ਯਾਦ ਆ ਗਈ ਕਿ ਕਿਸੇ ਦਾ ਨਮਕ ਖਾ ਕੇ ਹਰਾਮ ਨਹੀਂ ਕਰਨਾ। ਉਹ ਚੋਰੀ ਕੀਤੇ ਸਮਾਨ ਦੀਆਂ ਗੰਢਾਂ ਉਥੇ ਹੀ ਛੱਡ ਕੇ ਚਲਾ ਗਿਆ। ਇਸ ਤਰਾਂ ਸਹਿਜ ਵਿੱਚ ਗੁਰੂ ਸਾਹਿਬ ਦੇ ਬਚਨਾਂ ਦੀ ਪਾਲਣਾ ਕਰਦਾ ਭੂਮੀਆ ਚੋਰ ਤੋਂ ਸੰਤ ਸੁਭਾਅ ਹੋ ਗਿਆ ਤੇ ਈਮਾਨਦਾਰੀ ਨਾਲ ਆਪਣਾ ਜੀਵਨ ਬਸਰ ਕਰਨ ਲਗਾ।

**5.6.4 ਬਿਧੀ ਚੰਦ:**

ਭਾਈ ਬਿਧੀ ਚੰਦ ਗੁਰੂ ਅਰਜਨ ਦੇਵ ਜੀ ਸਮੇਂ ਯੋਧਾ ਸਿੱਖ ਹੋਇਆ ਸੀ। ਗੁਰੂ ਸਾਹਿਬ ਦੀ ਸ਼ਰਨ ਆਉਣ ਤੋਂ ਪਹਿਲਾਂ ਬਿਧੀ ਚੰਦ ਨਗਰਾਂ ਵਿੱਚ ਚੋਰੀ, ਲੁਟ-ਮਾਰ ਕਰਕੇ ਬੇਈਮਾਨੀ ਵਾਲਾ ਜੀਵਨ ਬਤੀਤ ਕਰਦਾ ਸੀ। ਇਕ ਦਿਨ

ਭਾਈ ਅਦਲੀ ਇਸ ਨੂੰ ਗੁਰੂ ਅਰਜਨ ਦੇਵ ਜੀ ਪਾਸ ਲੈ ਆਇਆ ਤਾਂ ਸੰਗਤ ਕਰਕੇ ਉਸ ਦੇ ਮਨ ਨੂੰ ਸ਼ਾਂਤੀ ਮਿਲੀ। ਹੁਣ ਭਾਈ ਬਿਧੀ ਚੰਦ ਰੋਜ਼ਾਨਾ ਦਰਬਾਰ ਦੀ ਹਾਜ਼ਰੀ ਭਰਦਾ ਤੇ ਦਰਬਾਰ ਦੇ ਬਾਹਰ ਬੈਠ ਕੇ ਸੰਗਤ ਦੇ ਜੋੜੇ ਪਲਟਦਾ ਰਹਿੰਦਾ। ਜਿਵੇਂ ਜਿਵੇਂ ਰੋਜ਼ਾਨਾ ਭਾਈ ਬਿਧੀ ਚੰਦ ਸੰਗਤ ਦੇ ਜੋੜੇ ਪਲਟਦਾ, ਉਵੇਂ ਹੀ ਉਸ ਦੇ ਮਨ ਵਿੱਚ ਪਲਟਾ ਵਜਦਾ ਤੇ ਉਹ ਚੋਰੀ ਛੱਡ ਗੁਰੂ ਦਾ ਸਿਦਕੀ ਸਿੱਖ ਹੋ ਗਿਆ। ਇਸ ਤੋਂ ਬਾਅਦ ਭਾਈ ਬਿਧੀ ਚੰਦ ਨੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਹੋਈਆਂ ਜੰਗਾਂ ਵਿੱਚ ਭਾਗ ਲਿਆ ਤੇ ਬਹਾਦਰੀ ਦੇ ਜੋਹਰ ਦਿਖਾਏ। ਇਕ ਵਾਰ ਕੋਈ ਸਿੱਖ ਗੁਰੂ ਸਾਹਿਬ ਨੂੰ ਭੇਟ ਕਰਨ ਲਈ ਦੋ ਸੁੰਦਰ ਘੋੜੇ ਲੈ ਕੇ ਆ ਰਿਹਾ ਸੀ ਤਾਂ ਰਸਤੇ ਵਿੱਚ ਮੁਗਲਾਂ ਨੇ ਉਸ ਕੋਲੋ ਘੋੜੇ ਖੋ ਲਏ। ਗੁਰੂ ਸਾਹਿਬ ਨੇ ਭਾਈ ਬਿਧੀ ਚੰਦ ਨੂੰ ਘੋੜੇ ਲਿਆਉਣ ਦਾ ਹੁਕਮ ਕੀਤਾ ਤਾਂ ਭਾਈ ਬਿਧੀ ਚੰਦ ਵਾਰੋ-ਵਾਰੀ ਦੋਨੋ ਘੋੜੇ ਮੁਗਲਾਂ ਦੇ ਕਿਲੇ 'ਚੋਂ ਕਢ ਲਿਆਏ ਤੇ ਗੁਰੂ ਸਾਹਿਬ ਜੀ ਦੇ ਸਨਮੁਖ ਪੇਸ਼ ਕੀਤੇ। ਗੁਰੂ ਸਾਹਿਬ ਨੇ ਗੱਲਲਾ ਕੇ ਕਿਹਾ 'ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ'।

**5.6.5 ਜਾਮਨੀ ਸਾਹਿਬ:**

ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਦੀ ਜੰਗ ਤੋਂ ਬਾਅਦ ਇਥੇ ਆਏ ਸਨ। ਇਕ ਜਟ ਕਿਸਾਨ ਨੇ, ਕਿਸੇ ਸੇਠ ਕੋਲੋਂ ਪੈਸੇ ਉਧਾਰ ਲਏ ਸਨ, ਜਿਸ ਦੀ ਜਾਮਨੀ (ਗਵਾਹੀ) ਗੁਰੂ ਸਾਹਿਬ ਨੇ ਦਿੱਤੀ ਸੀ। ਪਰੰਤੂ ਕਿਸਾਨ ਨੇ ਪੈਸੇ ਵਾਪਸ ਨਾ ਕੀਤੇ ਤੇ ਕੁਝ ਚਿਰ ਪਿਛੋਂ ਉਸ ਦੀ ਮੌਤ ਹੋ ਗਈ। ਅਗਲੇ ਜੀਵਨ ਵਿੱਚ ਉਹ ਕਿਸਾਨ ਇਕ ਪੰਛੀ (ਤਿਤਰ) ਬਣਿਆ ਤੇ ਸੇਠ ਬਾਜ਼ ਬਣ ਗਿਆ। ਗੁਰੂ ਸਾਹਿਬ ਨੇ ਪੰਛੀ ਨੂੰ ਬਾਜ਼ ਹਵਾਲੇ ਕੀਤਾ ਤੇ ਆਪਣੀ ਦਿੱਤੀ ਗਵਾਹੀ ਨੂੰ ਪੂਰਾ ਕੀਤਾ। ਇਸ ਤਰਾਂ ਗੁਰੂ ਸਾਹਿਬ ਨੇ ਸਿੱਖਾਂ ਨੂੰ ਸਚਿਆਰ/ਈਮਾਨਦਾਰ ਜੀਵਨ ਜਿਉਣ ਦੀ ਸਿਖਿਆ ਦਿੱਤੀ ਸੀ।

**5.6.6 ਪਠਾਣਾਂ ਦੁਆਰਾ ਗੁਰੂ ਸਾਹਿਬ ਨਾਲ ਧੋਖਾ:**

ਗੁਰੂ ਗੋਬਿੰਦ ਸਿੰਘ ਜੀ 1708 ਈ. ਵਿੱਚ ਨੰਦੇੜ ਸਾਹਿਬ ਪਹੁੰਚੇ ਤਾਂ ਗੋਦਾਵਰੀ ਕੰਢੇ ਨਿਵਾਸ ਕੀਤਾ। ਇਕ ਦਿਨ ਗੁਰੂ ਸਾਹਿਬ ਤੰਬੂ ਵਿੱਚ ਅਰਾਮ ਕਰ ਰਹੇ ਸੀ ਤਾਂ ਉਨ੍ਹਾਂ ਦੀ ਸੈਨਾ ਵਿੱਚ ਭਰਤੀ ਹੋਏ ਦੋ ਪਠਾਣ ਜਮਸ਼ੇਦ ਖਾਨ ਤੇ ਵਾਸਿਲ ਬੇਗ ਨੇ ਗੁਰੂ ਸਾਹਿਬ ਦੇ ਛੁਰਾ ਮਾਰ ਕੇ ਡੂੰਘਾ ਜ਼ਖਮ ਕਰ ਦਿਤਾ। ਦੋਵੇਂ ਪਠਾਣਾ ਨੇ ਗੁਰੂ ਸਾਹਿਬ ਨਾਲ ਵਿਸਾਹਘਾਤ ਕੀਤਾ ਸੀ ਤੇ ਆਪਣੇ ਈਮਾਨ ਦੇ ਕਚੇ ਸਨ, ਜੋ ਗੁਰੂ ਸਾਹਿਬ ਦੀ ਨੌਕਰੀ ਵੀ ਕਰਦੇ ਰਹੇ ਤੇ ਮੌਕਾ ਮਿਲਣ 'ਤੇ ਉਨ੍ਹਾਂ ਨੂੰ ਛੁਰਾ ਮਾਰਨ ਵਿੱਚ ਵੀ ਸਫਲ ਹੋਏ। ਸਿੱਖ ਧਰਮ ਵਿੱਚ ਅਜਿਹੇ ਈਮਾਨ ਦੇ ਕਚੇ ਲੋਕਾਂ ਨੂੰ ਫਿਟਕਾਰਿਆ ਗਿਆ ਹੈ ਅਤੇ ਸਿੱਖਾਂ ਨੂੰ ਈਮਾਨ ਪ੍ਰਤੀ ਸੱਚੇ ਹੋਣ ਦੀ ਤਾਕੀਦ ਕੀਤੀ ਗਈ ਹੈ।

**5.6.7 ਧਰਮ ਪ੍ਰਤੀ ਈਮਾਨ:**

ਸਿੱਖ ਇਤਿਹਾਸ ਵਿੱਚ ਹੋਈਆਂ ਬੇਅੰਤ ਸ਼ਹਾਦਤਾ ਧਰਮ ਪ੍ਰਤੀ, ਉਨ੍ਹਾਂ ਦੀ ਈਮਾਨਦਾਰੀ ਦੀ ਗਵਾਹੀ ਦਿੰਦੀਆਂ ਹਨ। ਮੁਗੱਲਸ਼ਾਸਕਾਂ ਨੇ ਜਿੰਨੇ ਸਿਖਾ ਨੂੰ ਵੀ ਤਸੀਹੇ ਦਿੱਤੇ ਅਤੇ ਸਿਖੀ ਛੱਡ ਕੇ ਇਸਲਾਮ ਕਬੂਲ ਕਰਨ ਲਈ

ਕਿਹਾ, ਉਨ੍ਹਾਂ ਸਭ ਸਿੱਖਾਂ ਨੇ ਕਦੇ ਵੀ ਇਸ ਗੱਲ ਨੂੰ ਪ੍ਰਵਾਨ ਨਾ ਕੀਤਾ। ਸਿੱਖਾਂ ਨੇ ਆਪਣਾ ਈਮਾਨ/ਧਰਮ ਛੱਡਣ ਦੀ ਬਜਾਇ ਸ਼ਹੀਦ ਹੋਣਾ ਪ੍ਰਵਾਨ ਕੀਤਾ। ਇਸ ਤਰਾਂ ਬੇਅੰਤ ਸਿੱਖਾਂ ਨੇ ਸ਼ਹਾਦਤਾਂ ਪ੍ਰਾਪਤ ਕਰਕੇ ਧਰਮ ਪ੍ਰਤੀ ਈਮਾਨਦਾਰ ਹੋਣ ਦਾ ਸਬੂਤ ਦਿਤਾ।

## 5.7 ਸਾਰ:

- ਈਮਾਨਦਾਰੀ ਇਕ ਵਿਸ਼ੇਸ਼ ਨੈਤਿਕ ਸਦਗੁਣ ਹੈ, ਜਿਸਦੀ ਸਮਾਜ ਦੇ ਆਧਾਰਾਂ ਨੂੰ ਨਿਸ਼ਚਤ ਕਰਨ ਵਿੱਚ ਮਹਤਵਪੂਰਣ ਭੂਮਿਕਾ ਹੈ।
- ਈਮਾਨਦਾਰੀ ਅੰਤਰੀਵੀ ਅਤੇ ਬਾਹਰੀ ਨੈਤਿਕ ਸਦਗੁਣ ਹੈ। ਅੰਤਰੀਵੀ ਤੌਰ 'ਤੇ ਈਮਾਨਦਾਰ ਵਿਅਕਤੀ ਹੀ ਬਾਹਰੀ ਤੌਰ ਤੇ ਠੀਕ ਈਮਾਨਦਾਰ ਹੁੰਦਾ ਹੈ।
- ਈਮਾਨਦਾਰ ਨੂੰ ਇਕ ਨੈਤਕਿ ਸਦਗੁਣ ਸਥਾਪਤ ਕਰਨ ਵਿੱਚ ਧਰਮ ਦੀ ਵਿਸ਼ੇਸ਼ ਭੂਮਿਕਾ ਹੈ।
- ਈਮਾਨਦਾਰੀ ਧਰਮ ਦੇ ਅਭਿਆਸ ਵਿੱਚ ਇਕ ਜਰੂਰੀ ਤਤ ਹੈ।
- ਸਿਖੀ ਵਿੱਚ ਈਮਾਨਦਾਰੀ ਦਾ ਚਿੰਨ੍ਹ ਸਚਿਆਰ ਜਾਂ ਗੁਰਮੁਖ ਹੈ।
- ਇਤਿਹਾਸ ਵਿੱਚ ਸਿੱਖਾਂ ਨੇ ਆਪਣੀ ਇਮਾਨਦਾਰੀ ਨਾਲ ਵਿਸ਼ਵ ਭਰ ਵਿੱਚ ਆਪਣੀ ਭੂਮਿਕਾ ਨਿਭਾਈ ਹੈ।

## 5.8. ਵਿਸਤਾਰ ਵਿੱਚ ਪੜ੍ਹਨਯੋਗ ਪੁਸਤਕਾਂ:


- ਅਵਤਾਰ ਸਿੰਘ, ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਬਲਕਾਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1998
- ਗੁਰਨਾਮ ਕੌਰ ਬੇਦੀ, ਜਪੁਜੀ : ਸਚਿਆਰ ਸੰਕਲਪ, ਅੰਮ੍ਰਿਤਸਰ: ਵਾਰਿਸ ਸ਼ਾਹ ਫਾਉਂਡੇਸ਼ਨ, 1994
- ਪਰਮਜੀਤ ਕੌਰ ਸੰਧੂ, ਕਦਰਾਂ ਕੀਮਤਾਂ ਦੀ ਸਿੱਖਿਆ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਬਲਵਿੰਦਰ ਸਿੰਘ ਜੌੜਾਸਿੰਘਾ, ਸਾਖੀਆਂ ਸਚਿਆਰ ਸਿੱਖਾਂ ਦੀਆਂ, ਅੰਮ੍ਰਿਤਸਰ: ਸਿੰਘ ਬ੍ਰਦਰਜ਼, 2012.
- ਭਾਈ ਮਨੀ ਸਿੰਘ, ਸਿੱਖਾਂ ਦੀ ਭਗਤਮਾਲਾ, ਭਾਈ ਵੀਰ ਸਿੰਘ (ਸੰਪਾ), ਦਿੱਲੀ: ਭਾਈ ਵੀਰ ਸਿੰਘ ਸਾਹਿਤ ਸਦਨ, 2015


## 5.9. ਅਭਿਆਸ ਲਈ ਪ੍ਰਸ਼ਨ:

ਪ੍ਰਸਨ 1. ਈਮਾਨਦਾਰੀ ਇਕ ਨੈਤਿਕ ਸਦਗੁਣ ਕਿਵੇਂ ਹੈ?

ਪ੍ਰਸ਼ਨ 2. ਸਮਾਜਿਕ ਤੇ ਧਾਰਮਿਕ ਵਿਵਹਾਰ ਵਿੱਚ ਈਮਾਨਦਾਰੀ ਦੀ ਕੀ ਮਹਤਤਾ ਹੈ?

ਪ੍ਰਸ਼ਨ 3. ਸਿੱਖ ਧਰਮ ਵਿੱਚ ਈਮਾਨਦਾਰੀ ਦੇ ਸੰਕਲਪ ਬਾਰੇ ਦਸੋ?

ਪ੍ਰਸ਼ਨ 4. ਈਮਾਨਦਾਰੀ ਦੇ ਸੰਦਰਭ ਵਿੱਚ ਕੁਝ ਉਦਾਹਰਣਾਂ ਦਿਓ।

## PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

---

**UNIT VI – GOOD CHARACTER**

---

**STRUCTURE**

6.0 ਉਦੇਸ਼

6.1 ਜਾਣ-ਪਛਾਣ

6.2 ਪਰਿਭਾਸ਼ਾ ਅਤੇ ਅਰਥ

6.3 ਦਰਸ਼ਨ-ਸ਼ਾਸਤਰ ਅਤੇ ਚਰਿੱਤਰ

6.4 ਧਰਮ ਅਤੇ ਚੰਗਾ ਚਰਿੱਤਰ

6.5 ਸਿੱਖ ਧਰਮ ਵਿਚ ਚੰਗੇ ਚਰਿੱਤਰ ਦਾ ਮਹੱਤਵ

6.6 ਗੁਰਮੁਖ

6.7 ਸਿੱਖ ਵਿਵਹਾਰ ਅਤੇ ਚੰਗਾ ਚਰਿੱਤਰ

6.7.1 ਭਾਈ ਲਾਲੋ ਜੀ

6.7.2 ਭਾਈ ਜੋਗਾ ਸਿੰਘ

6.7.3 ਭਾਈ ਬਚਿੱਤਰ ਸਿੰਘ

6.7.4 ਸਿੱਖ-ਯੋਧੇ

6.8 ਸਾਰ

6.9 ਪੜ੍ਹਨਯੋਗ ਪੁਸਤਕਾਂ

6.10 ਅਭਿਆਸ ਲਈ ਪ੍ਰਸ਼ਨ

## 6.0 ਉਦੇਸ਼:

- ਚੰਗੇ ਚਰਿੱਤਰ ਬਾਰੇ ਜਾਣਨਾ।
- ਧਰਮ ਅਤੇ ਦਰਸ਼ਨ ਵਿਚ ਚੰਗੇ ਚਰਿੱਤਰ ਦੇ ਸੰਕਲਪ ਨੂੰ ਸਮਝਣਾ।
- ਸਿੱਖ ਧਰਮ ਵਿਚ ਚੰਗੇ ਚਰਿੱਤਰ ਦੇ ਗੁਣਾਂ ਦੀ ਪਛਾਣ ਕਰਨਾ।

## 6.1. ਜਾਣ–ਪਛਾਣ:

ਚਰਿੱਤਰ ਕਿਸੇ ਵਿਅਕਤੀ ਵਿਸ਼ੇਸ਼ ਦੇ ਅੰਤ੍ਰੀਵੀ ਤੇ ਬਾਹਰੀ ਭਾਵ ਸਮੂਹਿਕ ਨੈਤਿਕ ਗੁਣਾਂ ਦੇ ਵਿਵਹਾਰਿਕ ਪ੍ਰਗਟਾਵੇ ਦਾ ਨਾਮ ਹੈ। ਮਨੁੱਖ ਦੀ ਇਸ ਵਿਵਹਾਰਕਿਤਾ ਤੋਂ ਹੀ, ਸਮਾਜ ਵਿਅਕਤੀ ਦੇ ਚਰਿੱਤਰ ਦੀ ਚੰਗੀ-ਮਾੜੀ ਕਿਸਮ ਚਿੰਨ੍ਹਤ ਅਤੇ ਨਿਸ਼ਚਿਤ ਕਰਦਾ ਹੈ। ਹਰ ਵਿਅਕਤੀ ਸਮਾਜ ਦੀ ਨਜ਼ਰ ਵਿਚ, ਆਪਣੀ ਸ਼ਖਸੀਅਤ ਨੂੰ ਸਨਮਾਨਯੋਗ ਦ੍ਰਿਸ਼ਟੀ ਨਾਲ ਦੇਖਿਆ ਜਾਣਾ ਪਸੰਦ ਕਰਦਾ ਹੈ, ਜਿਸ ਕਾਰਨ ਉਸ ਦੇ ਕਾਰਜ-ਵਿਹਾਰ ਵਿਚ ਵੀ ਨੈਤਿਕਤਾ ਦੀ ਝਲਕ ਦੇਖਣ ਨੂੰ ਮਿਲਦੀ ਹੈ। ਭਾਵੇਂ ਬਹੁਤ ਸਾਰੇ ਲੋਕ ਪੈਸੇ ਜਾਂ ਸੱਤਾ ਦੇ ਅਸਰ ਰਸੂਖ ਨਾਲ ਸਮਾਜ ਵਿਚ ਸਨਮਾਨ ਹਾਸਿਲ ਕਰਨਾ ਚਾਹੁੰਦੇ ਹਨ ਪਰੰਤੂ ਇਸ ਤਰਾਂ ਦਾ ਅਸਰ-ਰਸੂਖ਼ ਚਿਰਕਾਲੀ ਜਾਂ ਲੰਬੇ ਸਮੇਂ ਦਾ ਨਾ ਹੋ ਕੇ ਵਕਤੀ ਜਾਂ ਥੋੜ-ਚਿਰਾ ਹੁੰਦਾ ਹੈ। ਸਮਾਜ ਵਿਚ ਸਹੀ ਮਾਅਨਿਆਂ ਵਿਚ ਸਨਮਾਨਿਤ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਮਨੁੱਖ ਅੰਦਰ ਨੈਤਿਕ ਗੁਣਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਕੋਈ ਇਕ ਵਿਸ਼ੇਸ਼ ਨੈਤਿਕ ਗੁਣ ਕਿਸੇ ਵਿਅਕਤੀ ਦੇ ਸੰਪੂਰਨ ਚਰਿੱਤਰ ਨੂੰ ਪਰਿਭਾਸ਼ਿਤ ਕਰਨ ਲਈ ਕਾਫੀ ਨਹੀਂ ਹੁੰਦਾ ਹੈ, ਇਸ ਲਈ ਸਮੂਹਿਕ ਨੈਤਿਕ ਗੁਣਾਂ ਦੀ ਝਲਕ ਵਿਅਕਤੀ ਦੇ ਜੀਵਨ ਵਿਚੋਂ ਮਿਲਣੀ ਚਾਹੀਦੀ ਹੈ। ਮਨੁੱਖ ਅੰਦਰ ਨਿਮਰਤਾ, ਦਇਆ, ਖਿਮਾ, ਉਦਮ, ਸੇਵਾ, ਸੱਚ, ਪਰਉਪਕਾਰ, ਸਹਿਣਸ਼ੀਲਤਾ, ਹੌਸਲਾ, ਇਮਾਨਦਾਰੀ, ਸਬਰ-ਸੰਤੋਖ ਆਦਿ ਨੈਤਿਕ ਗੁਣਾਂ ਦੀ ਸਾਂਝੀ ਝਲਕ ਕਿਸੇ ਵਿਅਕਤੀ ਨੂੰ ਚੰਗੇ ਚਰਿੱਤਰ ਵਾਲੇ ਵਿਅਕਤੀ ਵਜੋਂ ਸਥਾਪਿਤ ਕਰਦੀ ਹੈ।

## 6.2. ਪਰਿਭਾਸ਼ਾ ਅਤੇ ਅਰਥ:

*ਸਟੈਨਫੋਰਡ ਐਨਸਾਇਕਲੋਪੀਡੀਆ ਆਫ ਫ਼ਿਲਾਸਫ਼ੀ* ਅਨੁਸਾਰ "ਅੰਗਰੇਜ਼ੀ ਸ਼ਬਦ Character ਗ੍ਰੀਕ ਭਾਸ਼ਾ ਦੇ ਸ਼ਬਦ Charakter ਤੋਂ ਆਇਆ ਹੈ, ਜਿਸ ਨੂੰ ਮੂਲ ਰੂਪ ਵਿਚ ਇਕ ਸਿਕੇ ਉਪਰ ਅੰਕਿਤ ਚਿੰਨ੍ਹ ਲਈ ਵਰਿਤਆ ਜਾਂਦਾ ਸੀ। ਬਾਅਦ ਵਿਚ ਇਸ ਦਾ ਅਰਥ ਇਕ ਵਿਸ਼ੇਸ਼ ਚਿੰਨ੍ਹ ਹੋ ਗਿਆ, ਜਿਸ ਦੁਆਰਾ ਇਕ ਚੀਜ਼ ਨੂੰ ਦੂਸਰੀ ਤੋਂ ਅਲੱਗ ਕੀਤਾ ਜਾਂਦਾ ਸੀ ਅਤੇ ਫਿਰ ਮੁਖ ਰੂਪ ਵਿਚ ਸਦਗੁਣਾਂ ਦਾ ਸੰਯੋਜਨ ਜੋ ਇਕ ਵਿਅਕਤੀ ਨੂੰ

ਦੂਸਰੇ ਤੋਂ ਅਲੱਗ ਕਰਦਾ ਹੈ। ਆਧੁਨਿਕ ਸੰਦਰਭ ਵਿਚ ਵਿਲੱਖਣਤਾ ਜਾਂ ਵਿਅਕਤਤਵ 'ਤੇ ਇਹ ਜ਼ੋਰ 'ਚਰਿੱਤਰ' ਨੂੰ ਸ਼ਖਸੀਅਤ ਨਾਲ ਮਿਲਾ ਦਿੰਦਾ ਹੈ। ਉਦਾਹਰਨ ਲਈ ਕਿਸੇ ਵਿਅਕਤੀ ਦੇ ਸੁਭਾਵਿਕ ਤੌਰ-ਤਰੀਕੇ, ਹਾਵ-ਭਾਵ ਜਾਂ ਪਹਿਰਾਵੇ ਦੀਆਂ ਆਦਤਾਂ ਬਾਰੇ ਸੋਚਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ 'ਇਹ ਉਸ ਦੀ ਸ਼ਖਸੀਅਤ ਹੈ' ਜਾਂ "ਉਹ ਇਸ ਕਿਸਮ ਦਾ ਚਰਿੱਤਰ ਹੈ"।

## 6.4. ਦਰਸ਼ਨ-ਸ਼ਾਸਤਰ ਅਤੇ ਚਰਿੱਤਰ:

ਦਰਸ਼ਨ-ਸ਼ਾਸਤਰ ਦੇ ਵਿਸ਼ੇ ਵਿਚ ਯੂਨਾਨੀ ਦਾਰਸ਼ਨਿਕਾਂ ਨੇ ਮਨੁੱਖ ਦੇ ਨੈਤਿਕ ਗੁਣਾਂ ਅਤੇ ਨੇਕ ਚਰਿੱਤਰ ਬਾਰੇ ਸਭ ਤੋਂ ਪਹਿਲਾ ਚਰਚਾ ਛੇੜੀ ਸੀ, ਜਿਸ ਵਿਚ ਪ੍ਰਮੁੱਖ ਤੌਰ 'ਤੇ ਸੁਕਰਾਤ, ਪਲੇਟੋ, ਅਰਸਤੂ ਨੇ ਆਪਣੇ-ਆਪਣੇ ਵਿਚਾਰ ਦਿੱਤੇ ਸਨ। ਸੁਕਰਾਤ 'ਗਿਆਨ ' ਨੂੰ ਸਦਗੁਣਾਂ ਦਾ ਆਧਾਰ ਮੰਨਦਾ ਹੈ। ਉਸ ਅਨੁਸਾਰ ਜਿਸ ਨੂੰ ਸ਼ੁਭ ਕਾਰਜਾਂ ਦੀ ਪਛਾਣ ਹੋਵੇ ਉਹ ਅਸ਼ੁਭ ਕੰਮਾਂ ਵਲ ਧਿਆਨ ਹੀ ਨਹੀਂ ਦਿੰਦਾ। ਮਨੁੱਖ ਵਲੋਂ ਕੀਤੇ ਜਾਂਦੇ ਅਨੈਤਿਕ ਕਾਰਜ ਉਸ ਦਾ ਨੈਤਿਕਤਾ ਪ੍ਰਤੀ ਅਗਿਆਨ ਹੈ। ਇਸ ਲਈ ਚੰਗੇ ਚਰਿੱਤਰ ਦੀ ਉਸਾਰੀ ਲਈ ਉਸ ਨੂੰ ਸਦਗੁਣਾਂ ਦਾ ਗਿਆਨ ਹੋਣਾ ਲਾਜ਼ਮੀ ਹੈ। ਪਲੇਟੋ ਇਹ ਧਾਰਨਾ ਦਿੰਦਾ ਹੈ ਕਿ ਇਕ ਚੰਗੇ ਚਰਿੱਤਰ ਲਈ ਬੋਧਿਕ ਗੁਣ ਅਤੇ ਭਾਵਨਾਤਮਕ ਗੁਣਾਂ ਦੀ ਸੁਮੇਲਤਾ ਜ਼ਰੂਰੀ ਹੈ। ਪਲੇਟੋ ਦਾ ਬੌਧਿਕ ਗੁਣਾਂ ਤੋਂ ਭਾਵ ਉਹ ਗੁਣ ਜੋ ਕਿਸੇ ਸਿਧਾਂਤ ਨਾਲ ਜੁੜੇ ਹੁੰਦੇ ਹਨ ਅਤੇ ਭਾਵਨਾਤਮਕ ਜਾਂ ਰਸਮੀ ਗੁਣ ਉਹ ਹੁੰਦੇ ਹਨ, ਜਿਸ ਨੂੰ ਅਸੀਂ ਕਿਸੇ ਸਿਧਾਂਤ ਕਾਰਨ ਨਹੀਂ ਬਲਕਿ ਅਸੀਂ ਇਸ ਲਈ ਅਪਣਾਉਂਦੇ ਹਾਂ ਕਿਉਂਕਿ ਸਮਾਜ ਇਨ੍ਹਾਂ ਦੀ ਹਾਮੀ ਭਰਦਾ ਹੈ। ਪਲੇਟੋ ਸਦਗੁਣਾਂ ਵਿਚ ਚਾਰ ਗੁਣ ਸੁਗਿਆਨ, ਦਲੇਰੀ, ਸੰਜਮ ਅਤੇ ਨਿਆਂ ਨੂੰ ਸ਼ਾਮਿਲ ਕਰਦਾ ਹੈ। ਉਸ ਨੇ ਇਹਨ੍ਹਾਂ ਸਦਗੁਣਾਂ ਦੇ ਅੰਤਰਗਤ ਹੀ ਇਕ ਚੰਗੇ ਚਰਿੱਤਰ ਦੀ ਸਥਾਪਨਾ ਸੰਭਵ ਮੰਨੀ ਹੈ। ਅਰਸਤੂ, ਪਲੈਟੋ ਦੀ ਧਾਰਨਾ ਨਾਲ ਸਹਿਮਤੀ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਇਕ ਨੇਕ ਚਰਿੱਤਰ ਦੀ ਉਸਾਰੀ ਲਈ ਭਾਵਨਾਤਮਕ ਗੁਣ ਵੀ ਬੋਧਿਕ ਗੁਣਾਂ ਦੀ ਤਰਾਂ ਹੀ ਕਾਰਜ ਕਰਦੇ ਹਨ। ਇਕ ਚੰਗੇ ਚਰਿੱਤਰ ਅੰਦਰ ਇਨ੍ਹਾਂ ਗੁਣਾਂ ਦੀ ਸੁਮੇਲਤਾ ਅਨੈਤਿਕ ਹਾਲਾਤਾਂ ਵਿਚ ਵੀ, ਨੈਤਿਕਤਾ ਦਾ ਪ੍ਰਗਟਾਵਾ ਕਰਨ ਦੇ ਸਮਰਥ ਹੁੰਦੀ ਹੈ। ਪਰੰਤੂ ਅਰਸਤੂ, ਸੁਕਰਾਤ ਤੇ ਪਲੇਟੋ ਤੋਂ ਅਲੱਗ ਸਦਗੁਣਾਂ ਦੀ ਸਿਧਾਂਕਤਾ ਦੀ ਬਜਾਇ ਵਿਵਹਾਰਕਿਤਾ ਉਪਰ ਜ਼ਿਆਦਾ ਜ਼ੋਰ ਦਿੰਦਾ ਹੈ। ਉਸ ਅਨੁਸਾਰ ਸਦਗੁਣ ਵਿਵਹਾਰਕ ਕਲਾ ਜਾਂ ਅਭਿਆਸ ਹੈ, ਜੋ ਮਨੁੱਖ ਦੇ ਸੁਭਾਅ ਵਿਚ ਕੁਦਰਤੀ ਤੌਰ 'ਤੇ ਮੌਜੂਦ ਨਹੀਂ ਸਗੋਂ ਇਸ ਲਈ ਯਤਨਸ਼ੀਲ ਹੋਣਾ ਪੈਂਦਾ ਹੈ। ਇਸ ਤੋਂ ਬਾਅਦ ਆਧੁਨਿਕ ਕਾਲ ਵਿਚ ਵੀ ਬਹੁਤ ਸਾਰੇ ਵਿਦਵਾਨਾਂ ਨੇ ਨੈਤਿਕ ਜਾਂ ਚੰਗੇ ਚਰਿੱਤਰ ਦੀ ਪਛਾਣ ਨੂੰ ਦਾਰਸ਼ਨਿਕ ਨੁਕਤੇ ਤੋਂ ਸਥਾਪਿਤ ਕਰਨ ਲਈ ਆਪਣੇ-ਆਪਣੇ ਵਿਚਾਰ ਦਿੱਤੇ ਹਨ।

## 6.4. ਧਰਮ ਅਤੇ ਚੰਗਾ ਚਰਿੱਤਰ:

ਹਰ ਇਕ ਧਰਮ ਵਿਚ ਮਨੁੱਖ ਦੇ ਚੰਗੇ ਚਰਿੱਤਰ ਦੀ ਉਸਾਰੀ ਉਪਰ ਜ਼ੋਰ ਦਿਤਾ ਗਿਆ ਹੈ ਅਤੇ ਨੈਤਿਕ ਗੁਣਾਂ ਦੇ ਧਾਰਨੀ ਹੋਣ ਦੀ ਸਿਖਿਆ ਦਿਤੀ ਗਈ ਹੈ। ਧਰਮ ਦਾ ਉਦੇਸ਼ ਇਕ ਆਦਰਸ਼ਮਈ ਮਨੁੱਖ ਦੀ ਸਿਰਜਣਾ ਕਰਨਾ ਹੈ, ਜਿਸ ਕਾਰਨ ਧਰਮ ਮਨੁੱਖ ਦੇ ਚਰਿੱਤਰ ਦੀ ਉਤਮਤਾ ਸਥਾਪਿਤ ਕਰਨ ਲਈ ਆਪਣਾ ਵਿਸ਼ੇਸ਼ ਯੋਗਦਾਨ ਪਾਉਂਦਾ ਹੈ ਅਤੇ ਉਸ ਨੂੰ ਚੰਗੇ ਕਾਰਜ ਕਰਨ ਦੀ ਪ੍ਰੇਰਨਾ ਦਿੰਦਾ ਹੈ। ਕੋਈ ਵੀ ਧਰਮ ਜਾਂ ਧਾਰਮਿਕ ਗ੍ਰੰਥ ਮਨੁੱਖ ਨੂੰ ਅਨੈਤਿਕ ਕਾਰਜਾਂ ਦਾ ਸੰਦੇਸ਼ ਨਹੀਂ ਦਿੰਦਾ। ਧਰਮ ਦੇ ਮਾਰਗ ਉਪਰ ਚੱਲਣ ਲਈ ਸਦਗੁਣਾਂ ਭਰਪੂਰ ਚਰਿੱਤਰ ਨੂੰ ਧਾਰਮਿਕ ਗ੍ਰੰਥਾਂ ਵਿਚ ਸੰਸਾਰਿਕ ਮੁਕਤੀ ਲਈ ਜ਼ਰੂਰੀ ਮੰਨਿਆ ਗਿਆ ਹੈ। ਧਾਰਮਿਕ ਗ੍ਰੰਥਾਂ ਵਿਚ ਮਨੁੱਖੀ ਅਚਾਰ-ਵਿਹਾਰ ਦੀ ਸ਼ੁਧਤਾ ਨੂੰ ਹੀ ਮਨੁੱਖ ਦਾ ਮੁਢਲਾ ਧਰਮ ਮੰਨਿਆ ਗਿਆ ਹੈ। ਸਾਮੀ ਧਰਮਾਂ ਵਿਚੋਂ ਇਸਾਈ ਧਰਮ ਦੇ ਸੇਂਟ ਪਾਲ ਆਪਣੇ ਪਤਰਾਂ ਵਿਚ ਲਿਖਿਆ ਹੈ ਕਿ ਜੇਕਰ ਅਸੀਂ ਮਸੀਹ ਜਿਹਾ ਚਰਿੱਤਰ ਵਿਕਸਿਤ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਪਿਆਰ, ਖੇੜਾ, ਸ਼ਾਂਤੀ, ਸੰਜਮ, ਦਇਆ, ਨੇਕੀ, ਵਿਸ਼ਵਾਸ, ਸੰਤੋਖ, ਦਿਆਲਤਾ ਨੂੰ ਆਪਣੇ ਚਰਿੱਤਰ ਦੇ ਗੁਣ ਬਣਾਉਣਾ ਪਵੇਗਾ। ਇਸਲਾਮ ਧਰਮ ਵਿਚ ਵੀ ਨੇਕ ਚਰਿੱਤਰ ਦੀ ਉਸਾਰੀ ਲਈ ਅਚਾਰ-ਵਿਹਾਰ ਉਪਰ ਬਹੁਤ ਜ਼ੋਰ ਦਿਤਾ ਗਿਆ ਹੈ। ਕੁਰਾਨ ਵਿਚ ਲਿਖਿਆ ਹੈ ਕਿ ਇਕ ਨੇਕ ਬੰਦੇ ਨੂੰ ਚਾਹੀਦਾ ਹੈ ਕਿ ਉਹ ਆਪਣੇ ਵਿਵਹਾਰ ਤੇ ਕਾਰੋਬਾਰ ਵਿਚ ਸੱਚ ਤੇ ਇਮਾਨਦਾਰੀ ਨੂੰ ਅਪਣਾਵੇ, ਕਿਸੇ ਦਾ ਹਕ ਨਾ ਮਾਰੇ, ਕਿਸੇ ਨਾਲ ਬੇਈਮਾਨੀ ਨਾ ਕਰੇ, ਕਿਸੇ ਵਿਰੁਧ ਕਦੇ ਝੂਠੀ ਗਵਾਹੀ ਨਾ ਦੇਵੇ। ਭਾਰਤ ਦੀ ਸਨਾਤਨੀ ਪਰੰਪਰਾ ਵਿਚ ਨੈਤਿਕਤਾ ਦੇ ਦਸ ਲਛਣ ਸੱਚ, ਧੀਰਜ, ਖਿਮਾ, ਪਵਿਤਰਤਾ, ਦਮ (ਸੰਜਮ), ਚੋਰੀ ਨਾ ਕਰਨਾ, ਇੰਦਰੀਆਂ 'ਤੇ ਕਾਬੂ ਪਾਉਣਾ, ਬੁੱਧੀ, ਵਿਦਿਆ, ਅਕ੍ਰੋਧ ਮੰਨੇ ਗਏ ਹਨ। ਜੋ ਮਨੁੱਖ ਇਨ੍ਹਾਂ ਦਸ ਲਛਣਾਂ ਨੂੰ ਆਪਣੇ ਚਰਿੱਤਰ ਦਾ ਹਿੱਸਾ ਬਣਾ ਕੇ, ਵਿਵਹਾਰ ਵਿਚ ਲਿਆਉਂਦਾ ਹੈ, ਉਹ ਮੁਕਤੀ ਪ੍ਰਾਪਤ ਕਰਦਾ ਹੈ। ਜੈਨ ਮਤ ਵਿਚ ਅਹਿੰਸਾ, ਸੱਚ, ਚੋਰੀ ਨਾ ਕਰਨਾ, ਵਿਭਚਾਰ ਨਾ ਕਰਨਾ, ਸੰਗ੍ਰਹਿ ਨਾ ਕਰਨਾ ਪੰਜ ਮਹਾਬ੍ਰਤ ਜੈਨ ਨੈਤਿਕਤਾ ਦਾ ਹਿੱਸਾ ਹਨ, ਜੋ ਇਕ ਜੈਨ ਮਤ ਦੇ ਅਨੁਯਾਈ ਲਈ ਜ਼ਰੂਰੀ ਮੰਨੇ ਗਏ ਹਨ। ਬੁੱਧ ਮਤ ਵਿਚ ਅਸ਼ਟਾਂਗ ਮਾਰਗ ਦੇ ਅਠ ਭਾਗ ਸਮਯਕ (ਠੀਕ) ਦ੍ਰਿਸ਼ਟੀ, ਸਮਯਕ ਸੰਕਲਪ, ਸਮਯਕ ਬਾਣੀ, ਸਮਯਕ ਕਰਮ, ਸਮਯਕ ਆਜੀਵਕਾ, ਸਮਯਕ ਯਤਨ, ਸਮਯਕ ਸਿਮ੍ਰਤੀ ਅਤੇ ਸਮਯਕ ਸਮਾਧੀ ਬੋਧੀ ਵਿਅਕਤੀ ਦੇ ਜੀਵਨ ਨੂੰ ਆਦਰਸ਼ਮਈ ਬਣਾਉਣ ਦੇ ਯੋਗ ਹਨ, ਜਿਸ ਰਾਹੀਂ ਉਹ ਨਿਰਵਾਣ ਦੀ ਪ੍ਰਾਪਤੀ ਕਰ ਸਕਦਾ ਹੈ। ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਧਰਮ ਵਿਚ ਪੇਸ਼ ਸਦਗੁਣਾਂ ਨੂੰ ਧਾਰਨ ਕਰਕੇ, ਕੋਈ ਮਨੁੱਖ ਆਪਣੇ ਵਿਅਕਤਤਵ ਨੂੰ ਚੰਗਾ ਬਣਾ ਸਕਦਾ ਹੈ।

### 6.5 **ਸਿੱਖ ਧਰਮ ਵਿਚ ਚੰਗੇ ਚਰਿੱਤਰ ਦਾ ਮਹਤਵ:**

ਸਿੱਖ ਧਰਮ ਵਿਚ ਕਿਸੇ ਮਨੁੱਖ ਨੂੰ ਜਾਤ, ਗੋਤ, ਧਰਮ ਦੇ ਆਧਾਰ 'ਤੇ ਚੰਗਾ ਮਾੜਾ ਨਿਸਚਿਤ ਨਹੀਂ ਕੀਤਾ ਗਿਆ। ਮਨੁੱਖ ਦੇ ਕੀਤੇ ਚੰਗੇ-ਮੰਦੇ ਕਾਰਜਾਂ ਤੋਂ ਉਸ ਮਨੁੱਖ ਦੇ ਮਨ ਦੀ ਅੰਤ੍ਰੀਵੀ-ਬਾਹਰੀ ਅਵਸਥਾ ਦਾ

ਸਹਿਜੇ ਹੀ ਅੰਦਾਜਾ ਲਗ ਜਾਂਦਾ ਹੈ। ਚੰਗਾ ਉਹੀ ਹੈ ਜਿਸ ਦੇ ਕਰਮ ਚੰਗੇ ਹੋਣ ਤੇ ਇਕ ਆਦਰਸ਼ਕ ਸਮਾਜ ਸਿਰਜਣ ਵਿਚ ਯੋਗਦਾਨ ਪਾਉਂਦਾ ਹੋਵੇ। ਇਸੇ ਲਈ ਜਦੋਂ ਗੁਰੂ ਨਾਨਕ ਦੇਵ ਜੀ ਕੋਲੋ ਕਾਜ਼ੀਆਂ ਨੇ ਪੁਛਿਆਆ ਕਿ ਹਿੰਦੂ ਅਤੇ ਮੁਸਲਮਾਨ 'ਚੋਂ ਵੱਡਾ ਕੋਣ ਹੈ ਤੇ ਗੁਰੂ ਸਾਹਿਬ ਨੇ ਕਿਹਾ ਉਹੀ ਮਨੁੱਖ ਵੱਡਾ ਹੈ ਜਿਸ ਦੇ ਅਮਲ ਵਡੇ ਹੋਣ ਭਾਵ ਚੰਗੇ ਹੋਣ। ਚੰਗੇ ਕੰਮਾਂ ਤੋਂ ਬਿਨਾ ਦੋਨਾਂ ਨੂੰ ਹੀ ਜਗਤ ਵਿਚ ਖੁਆਰ ਹੋਣਾ ਪੈਂਦਾ ਹੈ।

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ।।

ਬਾਬਾ ਆਖੇ ਹਾਜੀਆ ਸ਼ੁਭਿ ਅਮਲਾ ਬਾਝਹੁ ਦੋਨੋ ਰੋਈ।।

ਗੁਰਬਾਣੀ ਵਿਚ ਮਨੁੱਖੀ ਨੈਤਿਕਤਾ ਦਾ ਆਧਾਰ ਅਧਿਆਤਮਿਕਤਾ ਹੈ, ਜਿਸ ਨਾਲ ਜੋੜ ਕੇ ਨੈਤਿਕਤਾ ਨੂੰ ਸਿਧਾਂਤਕ ਤੌਰ 'ਤੇ ਸਥਾਪਿਤ ਕੀਤਾ ਗਿਆ ਹੈ। ਇਸ ਦੀ ਵਿਵਹਾਰਕਿਤਾ ਨੂੰ ਸਿਖੀ ਜੀਵਨ ਵਿਚ ਬਸਰ ਕਰਨ ਦਾ ਆਦੇਸ਼ ਦਿਤਾ ਗਿਆ ਹੈ। ਗੁਰਬਾਣੀ ਵਿਚ ਚੰਗੇ ਚਰਿੱਤਰ ਦੀ ਉਸਾਰੀ ਲਈ ਸਿਰਫ ਬਾਹਰੀ ਗੁਣਾਂ ਜਿਵੇਂ ਸੁੰਦਰਤਾ, ਬੋਲ-ਬਾਣੀ ਆਦਿ ਦਾ ਪ੍ਰਗਟਾਵਾ ਕਾਫੀ ਨਹੀਂ ਸਗੋ ਅੰਤ੍ਰੀਵੀ ਨੈਤਿਕ ਗੁਣਾਂ ਨੂੰ ਹੀ ਚੰਗੇ ਚਰਿੱਤਰ ਦੀ ਨੀਂਹ ਮੰਨਿਆ ਹੈ। ਮਨੁੱਖ ਦੇ ਅੰਤ੍ਰੀਵੀ ਗੁਣਾਂ ਤੋਂ ਬਿਨਾ ਬਾਹਰੀ ਗੁਣ ਸਿਰਫ ਵਿਖਾਵਾ ਮਾਤਰ ਬਣ ਕੇ ਰਹਿ ਜਾਂਦੇ ਹਨ। ਐਸੇ ਮਨੁੱਖ ਬਾਹਰ ਸੰਸਾਰ ਵਿਚ ਆਪਣੇ ਆਪ ਨੂੰ ਭਲਾ ਦਿਖਾਉਂਦੇ ਹਨ, ਅਤੇ ਦਿਖਾਵੇ ਮਾਤਰ ਚੰਗੀਆਂ ਗਲਾਂ ਕਰਦੇ ਹਨ, ਪਰ ਅਸਲ ਵਿਚ ਉਹ ਮਨ ਦੇ ਖੋਟੇ ਹੁੰਦੇ ਹਨ। ਗੁਰਬਾਣੀ ਵਿਚ ਐਸੇ ਵਿਖਾਵੇ ਵਾਲੇ ਮਨੁਖਾਂ ਨੂੰ 'ਕਚੇ' ਭਾਵ ਮਨਮੁਖ ਕਿਹਾ ਗਿਆ ਹੈ, ਜਿਨ੍ਹਾਂ ਦੇ ਮਨ ਵਿਚ ਤਾਂ ਬੁਰਾਈ ਹੈ, ਪਰ ਉਹ ਬਾਹਰੀ ਤੌਰ 'ਤੇ ਆਪਣੇ-ਆਪ ਨੂੰ ਚੰਗਾ ਦਿਖਾਉਂਦੇ ਹਨ।

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।

ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।।

ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ।।

ਇਸ ਲਈ ਗੁਰਬਾਣੀ ਵਿਚ ਮਨੁੱਖ ਨੂੰ ਅੰਤ੍ਰੀਵੀ ਤੌਰ 'ਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ। ਜਦੋਂ ਸੱਚਮੁਚ ਮਨੁੱਖ ਅੰਦਰੂਨੀ ਤੌਰ 'ਤੇ ਸਦਗੁਣਾਂ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਲੈਂਦਾ ਹੈ ਤਾਂ ਬਾਹਰ ਸਹਿਜੇ ਹੀ ਉਨ੍ਹਾਂ ਗੁਣਾਂ ਦੀ ਝਲਕ ਦੇਖਣ ਨੂੰ ਮਿਲ ਜਾਂਦੀ ਹੈ। ਅਜਿਹਾ ਮਨੁੱਖ ਅੰਦਰੋਂ-ਬਾਹਰੋਂ ਨਿਰਮਲ ਹੋ ਜਾਂਦਾ ਹੈ। ਗੁਰਬਾਣੀ ਵਿਚ ਇਕ ਚੰਗੇ ਚਰਿੱਤਰ ਦੀ ਉਸਾਰੀ ਲਈ ਕੁਝ ਮੁਢਲੇ ਸਰੋਕਾਰਾਂ ਜਿਵੇਂ ਨਿਮਰਤਾ, ਦਇਆ, ਸਹਿਣਸ਼ੀਲਤਾ, ਸੇਵਾ ਖਿਮਾ, ਸੱਚ, ਸਬਰ-ਸੰਤੋਖ, ਉੱਦਮ ਆਦਿ ਦੀ ਪਛਾਣ ਨੈਤਿਕ ਗੁਣਾਂ ਵਜੋਂ ਕੀਤੀ ਗਈ ਹੈ।

**ਨਿਮਰਤਾ:**

ਗੁਰਬਾਣੀ ਵਿਚ ਨਿਮਰਤਾ ਗੁਰਮੁਖ ਮਨੁੱਖ ਦੇ ਸੁਭਾਅ ਦਾ ਮਤਵਪੂਰਨ ਗੁਣ ਮੰਨਿਆ ਗਿਆ ਹੈ। ਨਿਮਰਤਾ ਸਭ ਸਦਗੁਣਾਂ ਦਾ ਮੂਲ ਹੈ। ਨਿਮਰਤਾ ਤੋਂ ਭਾਵ ਹੰਕਾਰ ਦਾ ਅਭਾਵ ਹੈ। ਸਮਾਜ ਵਿਚ ਰਹਿੰਦਿਆਂ ਹਰ ਇਕ ਨਾਲ ਪਿਆਰ ਵਾਲਾ ਵਰਤਾਉ ਕਰਨਾ, ਮਿਠਾ ਬੋਲਣਾ, ਸਭ ਨੂੰ ਸਤਿਕਾਰ ਦੇਣਾ ਨਿਮਰ ਸੁਭਾਅ ਦੇ ਲਛਣ ਹਨ।

ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ।।

ਨਿਮਰ ਸੁਭਾਅ ਵਾਲਾ ਵਿਅਕਤੀ ਆਪਣੇ ਆਪ ਨੂੰ ਦੂਸਰਿਆਂ ਤੋਂ ਨੀਵਾਂ ਗਿਣਦਾ ਹੈ ਪਰ ਅਸਲ ਵਿਚ ਉਹ ਆਤਮਿਕ ਤੌਰ ‘ਤੇ ਸਭ ਤੋਂ ਉਚਾ ਹੁੰਦਾ ਹੈ। ਜੋ ਮਨੁੱਖ ਅਕਲ ਹੁੰਦਿਆਂ, ਆਪਣੇ ਆਪ ਨੂੰ ਬੇਸਮਝ ਮੰਨਦਾ ਹੈ ਭਾਵ ਅਕਲ ਦਾ ਵਿਖਾਵਾ ਨਹੀ ਕਰਦਾ, ਨਿਰਮਾਣਤਾ ਵਿਚ ਰਹਿੰਦਾ ਹੈ, ਬਲਸ਼ਾਲੀ ਹੁੰਦਿਆਂ ਵੀ ਖੁਦ ਨੂੰ ਬਲਹੀਣ ਮੰਨਦਾ ਹੈ ਤੇ ਕੁਝ ਨਾ ਦੇਣ ਦੀ ਸਮਰੱਥਾ ਹੋਣ ‘ਤੇ ਵੀ ਵੰਡ ਕੇ ਖਾਂਦਾ ਹੈ, ਐਸੇ ਨਿਮਰ ਸੁਭਾਅ ਵਾਲੇ ਵਿਅਕਤੀ ਨੂੰ ਗੁਰਬਾਣੀ ਵਿਚ ਭਗਤ ਕਿਹਾ ਗਿਆ ਹੈ।

ਮਤਿ ਹੋਦੀ ਹੋਇ ਇਆਣਾ।। ਤਾਣ ਹੋਦੇ ਹੋਇ ਨਿਤਾਣਾ।।
ਅਣਹੋਦੇ ਆਪੁ ਵੰਡਾਏ।। ਕੋ ਐਸਾ ਭਗਤੁ ਸਦਾਏ।।

ਇਹ ਸਭ ਨਿਮਰ ਸੁਭਾਅ ਵਾਲੇ ਮਨੁੱਖ ਦੀਆਂ ਨਿਸ਼ਾਨੀਆਂ ਹਨ। ਗੁਰੂ ਸਾਹਿਬਾਨ ਦਾ ਆਪਣਾ ਜੀਵਨ ਨਿਮਰਤਾ ਦੀ ਪ੍ਰਤਖ ਉਦਾਹਰਨ ਸੀ। ਗੁਰੂ ਰਾਮਦਾਸ ਜੀ ਨੂੰ ਜਦੋਂ ਬਾਬ ਸ੍ਰੀ ਚੰਦ ਜੀ ਨੇ ਪੁਛਿਆ ਕਿ ਤੁਸੀ ਦਾੜਾ ਇੰਨਾ ਲੰਮਾ ਕਿਉਂ ਰਖਿਆ ਹੈ ਤਾਂ ਗੁਰੂ ਸਾਹਿਬ ਨੇ ਨਿਮਰ ਹੋ ਕਿਹਾ ਕਿ ਤੁਹਾਡੇ ਵਰਗੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ। ਨਿਮਰਤਾ ਚੰਗੇ ਚਰਿੱਤਰ ਦੀ ਉਸਾਰੀ ਲਈ ਨੀਂਹ ਹੈ।

**ਦਇਆ:**

ਦਇਆ ਦਾ ਅਰਥ ਹੈ ਕਿਸੇ ‘ਤੇ ਤਰਸ ਕਰਨਾ, ਕਿਸੇ ਨੂੰ ਦੁਖ ਨਾ ਦੇਣਾ ਆਦਿ। ਦਇਆ ਸਾਰੇ ਧਰਮਾਂ ਦੇ ਮੁਢਲੇ ਅਸੂਲਾਂ ਵਿਚੋਂ ਇਕ ਹੈ। ਦਇਆ-ਹੀਣ ਮਨੁੱਖ ਕਦੇ ਵੀ ਕਿਸੇ ਧਰਮ ਦਾ ਪੈਰੋਕਾਰ ਨਹੀਂ ਮੰਨਿਆ ਜਾ ਸਕਦਾ। ਗੁਰਬਾਣੀ ਵਿਚ ਇਕ ਚੰਗੇ ਚਰਿੱਤਰ ਦੀ ਉਸਾਰੀ ਲਈ ਮਨੁੱਖ ਨੂੰ ਦਇਆ ਦਾ ਧਾਰਣੀ ਹੋਣ ‘ਤੇ ਬਲ ਦਿਤਾ ਗਿਆ ਹੈ। ਗੁਰਬਾਣੀ ਵਿਚ ਦਇਆ ਨੂੰ ਦੇਵਤਾ ਕਿਹਾ ਹੈ, ਜਿਸ ਦਾ ਭਾਵ ਕਿ ਕਿਸੇ ਪ੍ਰਤੀ ਦਇਆ ਦਿਖਾਉਣ ਵਾਲਾ ਮਨੁੱਖ ਦੇਵਤੇ ਸਮਾਨ ਹੈ।

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ।।

ਸਿੱਖੀ ਵਿਚ ਦਇਆ ਜੈਨੀ ਤੇ ਬੋਧੀਆਂ ਵਾਂਗ 'ਅਹਿੰਸਾ ਪਰਮੋਧਰਮਾ' ਦਾ ਸਿਧਾਂਤ ਨਹੀਂ ਹੈ ਪਰ ਧਰਤੀ 'ਤੇ ਪੈਦਾ ਹੋਏ ਹਰੇਕ ਜੀਵ ਨਾਲ ਪਿਆਰ ਕਰਨਾ, ਹਿੰਸਾ ਨਾ ਕਰਨੀ, ਮੁਆਫ ਕਰਨਾ, ਤਰਸ ਕਰਨਾ ਆਦਿ ਸਿਖੀ ਵਿਚ ਦਇਆ ਦੇ ਲਛਣ ਹਨ। ਮਨੁੱਖ ਆਪਣੇ ਅੰਦਰਲੇ ਹੰਕਾਰ ਨੂੰ ਮਾਰ ਕੇ, ਜਦੋਂ ਨਿਮਰਤਾ ਦਾ ਧਾਰਨੀ ਹੁੰਦਾ ਹੈ ਤਾਂ ਉਸ ਅੰਦਰ ਦਇਆ ਦੇ ਇਹ ਲਛਣ ਸਹਜੇ ਹੀ ਪ੍ਰਵੇਸ਼ ਕਰ ਜਾਂਦੇ ਹਨ। ਦਇਆਵਾਨ ਮਨੁੱਖ ਅਕਾਲ-ਪੁਰਖ ਦੀ ਮਿਹਰ ਦਾ ਪਾਤਰ ਬਣਦਾ ਹੈ। ਗੁਰਬਾਣੀ ਵਿਚ ਦਇਆ ਨੂੰ ਆਪਣੇ ਜੀਵਨ ਅਤੇ ਧਰਮ ਦਾ ਸ਼ਿੰਗਾਰ ਬਣਾਉਣ ਲਈ ਕਿਹਾ ਗਿਆ ਹੈ।

ਸਤ ਸੰਤੋਖੁ ਦਇਆ ਧਰਮੁ ਸੀਗਾਰ ਬਨਾਵਉ।।

**ਸਹਿਣਸ਼ੀਲਤਾ:**

ਗੁਰਬਾਣੀ ਵਿਚ ਚੰਗੇ ਚਰਿੱਤਰ ਦੀ ਉਸਾਰੀ ਲਈ ਜ਼ਰੂਰੀ ਹੈ ਕਿ ਦੂਜੇ ਵਿਅਕਤੀ ਵਿਸ਼ੇਸ਼ ਦੇ ਧਰਮ, ਕਦਰਾਂ-ਕੀਮਤਾਂ ਪ੍ਰਤੀ ਸਹਿਣਸ਼ੀਲ ਰਵਈਆ ਅਪਣਾਇਆ ਜਾਵੇ। ਕਿਸੇ ਵਿਅਕਤੀ ਦੀ ਸਹਿਣ ਸੀਮਾ ਉਸ ਦੇ ਚੰਗੇ ਚਰਿੱਤਰ ਦੀ ਹੀ ਨਿਸ਼ਾਨੀ ਹੈ। ਸਹਿਣਸ਼ੀਲ ਮਨੁੱਖ ਵਿਚ ਹਰ ਇਕ ਨੂੰ ਮੁਆਫ ਕਰਨ ਦੀ ਤਾਕਤ ਹੁੰਦੀ ਹੈ। ਉਹ ਜਲਦੀ ਗੁੱਸੇ ਵਿਚ ਨਹੀਂ ਆਉਂਦਾ ਤੇ ਸ਼ਾਂਤਮਈ ਜੀਵਨ ਜਿਉਣਾ ਪਸੰਦ ਕਰਦਾ ਹੈ ਤੇ ਸਮਾਜ ਵਿਚ ਪਰਸਪਰ ਪਿਆਰ ਦੀ ਭਾਵਨਾ ਬਣਾ ਕੇ ਰੱਖਦਾ ਹੈ। ਗੁਰਮੁਖ ਜੀਵਨ ਵਿਚ ਆਉਂਦੇ ਸੁਖਾਂ-ਦੁੱਖਾਂ ਨੂੰ 'ਤੇਰਾ ਕੀਆ ਮੀਠਾ ਲਾਗੇ' ਕਹਿ ਕੇ ਮੰਨਦਾ ਹੈ। ਸਹਿਣਸ਼ੀਲਤਾ ਮਨੁੱਖ ਦੇ ਅਧਿਆਤਮਕ ਵਿਕਾਸ ਦਾ ਰਾਹ ਪੱਧਰਾ ਕਰਦੀ ਹੈ।

**ਸੇਵਾ:**

ਗੁਰਬਾਣੀ ਵਿਚ ਸੇਵਾ ਇਕ ਮਹੱਤਵਪੂਰਨ ਸੰਕਲਪ ਹੈ। ਸੇਵਾ ਦੇ ਸ਼ਬਦੀ ਅਰਥ ਖਿਦਮਤ ਕਰਨਾ, ਉਪਾਸਨਾ ਕਰਨਾ, ਬਿਨਾ ਕਿਸੇ ਸਵਾਰਥ ਜਾਂ ਇਛਾ ਦੇ ਕਾਰਜ ਕਰਨਾ ਆਦਿ ਹਨ। ਸੇਵਾ ਕਰਨ ਨਾਲ ਮਨੁੱਖ ਅੰਦਰ ਹਲੀਮੀ, ਸਹਿਣਸ਼ੀਲਤਾ, ਦਇਆ ਆਦਿ ਗੁਣਾਂ ਦਾ ਸੰਚਾਰ ਹੁੰਦਾ ਹੈ ਅਤੇ ਉਸ ਦਾ ਆਤਮਿਕ ਤੌਰ 'ਤੇ ਵਿਕਾਸ ਹੁੰਦਾ ਹੈ। ਸਿੱਖ ਧਰਮ ਵਿਚ ਸਾਧ ਸੰਗਤ, ਗਰੀਬ, ਲੋੜਵੰਦ ਆਦਿ ਦੀ ਸੇਵਾ ਦਾ ਵਿਸ਼ੇਸ਼ ਮਹੱਤਵ ਹੈ। ਲੰਗਰ ਵਿਚ ਸੇਵਾ ਕਰਨੀ, ਭਾਂਡੇ ਮਾਂਜਣੇ, ਝਾੜੂ ਲਾਉਣਾ, ਗਰੀਬ ਤੇ ਲੋੜਵੰਦ ਨੂੰ ਦਾਨ ਦੇਣਾ ਆਦਿ ਵੀ ਸਿੱਖਜੀਵਨ ਵਿਚ, ਸੇਵਾ ਦੇ ਵਿਸ਼ੇਸ਼ ਪਹਿਲੂ ਹਨ। ਸੇਵਾ ਮਨੁੱਖ ਅੰਦਰ ਅਹੰਕਾਰ ਪੈਦਾ ਨਹੀਂ ਹੋਣ ਦਿੰਦੀ, ਹਮੇਸ਼ਾ ਉਸ ਨੂੰ ਨਿਮਰਤਾ ਵਿਚ ਰਹਿਣਾ ਸਿਖਾਉਂਦੀ ਹੈ। ਸੇਵਾ ਪ੍ਰਭੂ ਮਿਲਾਪ ਵਿਚ ਸਹਾਈ ਹੁੰਦੀ ਹੈ।

ਸੇਵਾ ਕਰਤ ਹੋਇ ਨਿਹਕਾਮੀ।।

ਤਿਸ ਕਉ ਹੋਤ ਪਰਾਪਤਿ ਸੁਆਮੀ।।

ਭਾਈ ਗੁਰਦਾਸ ਸੇਵਾ ਵਿਹੂਣੇ ਮਨੁੱਖ ਦੇ ਹਥਾਂ ਪੈਰਾਂ ਨੂੰ ਧ੍ਰਿਗ ਕਹਿੰਦੇ ਹਨ ਜੋ ਸੇਵਾ ਦੇ ਕੰਮ ਨਹੀਂ ਆਉਂਦੇ ਅਤੇ ਸੇਵਾ ਕੀਤੇ ਬਿਨਾ ਉਸ ਦੇ ਹੋਰ ਸਾਰੇ ਕੰਮ ਵਿਅਰਥ ਜਾਂਦੇ ਹਨ।

ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।।

**ਖਿਮਾ:**

ਕਿਸੇ ਵਿਅਕਤੀ ਵਿਸ਼ੇਸ਼ ਅੰਦਰ ਖਿਮਾ ਦੀ ਭਾਵਨਾ ਹੋਣਾ, ਸਮਾਜ ਵਿਚ ਚੰਗੇ ਚਰਿੱਤਰ ਦੀ ਨਿਸ਼ਾਨੀ ਹੈ। ਖਿਮਾ ਕਿਸੇ ਦੇ ਅਨੈਤਿਕ ਕਾਰਜ ਲਈ ਉਸ ਨੂੰ ਮੁਆਫ ਕਰਨ ਦਾ ਗੁਣ ਹੈ, ਜੋ ਕਿਸੇ ਵਿਰਲੇ ਇਨਸਾਨ ਵਿਚ ਹੀ ਹੁੰਦਾ ਹੈ। ਖਿਮਾ ਗਲਤੀ ਕਰਨ ਵਾਲੇ ਇਨਸਾਨ ਨੂੰ ਆਪਣੀ ਗਲਤੀ ਸੁਧਾਰਨ ਦਾ ਮੋਕਾ ਦੇਣਾ ਹੈ, ਜੋ ਸਭਿਅਕ ਸਮਾਜ ਦੀ ਸਿਰਜਨਾ ਲਈ ਵੀ ਜ਼ਰੂਰੀ ਹੈ। ਇਸ ਲਈ ਗੁਰੂ ਸਾਹਿਬ ਇਨਸਾਨ ਵਿਚ ਖਿਮਾ ਦੇ ਗੁਣ ਦੀ ਮੌਜੂਦਗੀ ਨੂੰ ਪ੍ਰਮਾਤਮਾ ਦੇ ਆਪ ਹਾਜ਼ਰ-ਨਾਜ਼ਰ ਹੋਣਾ ਕਹਿੰਦੇ ਹਨ।

ਜਹਾ ਲੋਭਿ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ।।

**ਸਚਿਆਰ:**

ਬਾਣੀ ਵਿਚ ਚੰਗੇ ਸਮਾਜ ਅਤੇ ਚੰਗੇ ਚਰਿੱਤਰ ਦੀ ਦੀ ਸਿਰਜਨਾ ਲਈ ਸੱਚ ਦੇ ਗੁਣ ਨੂੰ ਅਪਨਾਉਣਾ ਬੇਹਦ ਜ਼ਰੂਰੀ ਦਸਿਆ ਹੈ। ਗੁਰਬਾਣੀ ਸੱਚ ਨੂੰ ਮਨੁੱਖੀ ਅਚਾਰ-ਵਿਹਾਰ ਦੇ ਉਤਮ ਗੁਣ ਵਜੋਂ ਪ੍ਰਵਾਨ ਕਰਦੀ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।

ਮਨੁੱਖ ਅੰਦਰ ਸੱਚ ਦੀ ਮੌਜੂਦਗੀ, ਉਸ ਦੇ ਗੁਰਮੁਖ ਹੋਣ ਦਾ ਲਛਣ ਹੈ। ਗੁਰਮੁਖ ਮਨੁੱਖ ਸਚਾ-ਸੁਚਾ ਜੀਵਨ ਗੁਜ਼ਾਰਨ ਨੂੰ ਆਪਣਾ ਪਰਮ-ਕਰਤਵ ਮੰਨਦੇ ਹਨ। ਉਨ੍ਹਾਂ ਨੂੰ ਕੂੜ, ਝੂਠ ਆਦਿ ਸਭ ਵਿਅਰਥ ਜਾਪਦਾ ਹੈ। ਸੱਚ ਹੀ ਉਨ੍ਹਾਂ ਦੇ ਜੀਵਨ ਦਾ ਆਧਾਰ ਹੁੰਦਾ ਹੈ।

ਗੁਰਮਖਿ ਕੂੜ ਨਾ ਭਾਵਈ ਸਚਿ ਰਤੇ ਸੱਚ ਭਾਇ।।

ਸਾਕਤ ਸੱਚ ਨ ਭਾਵਈ ਕੂੜੈ ਕੂੜੀ ਪਾਂਇ।।

**ਸੰਤੋਖ:**

ਸੰਤੋਖ ਗੁਰਮੁਖ ਮਨੁੱਖ ਦੇ ਸੁਭਾਅ ਦਾ ਕੀਮਤੀ ਗੁਣ ਹੈ। ਸੰਤੋਖ ਮਨੁੱਖੀ ਮਨ ਦੀ ਅਜਿਹੀ ਅਵਸਥਾ ਹੈ, ਜਿਸ ਵਿਚ, ਮਿਹਨਤ ਤੋਂ ਬਾਅਦ ਜੋ ਮਿਲੇ ਉਸ ਨਾਲ ਗੁਜ਼ਾਰਾ ਕਰਦਾ ਹੋਇਆ, ਸ਼ੁਕਰਾਨੇ ਦੀ ਭਾਵਨਾ ਵਿਚ ਰਹਿੰਦਾ ਹੈ ਅਤੇ ਵਰਤਮਾਨ ਦਸ਼ਾ ਵਿਚ ਹੀ ਸੁਖ ਦਾ ਅਹਿੱਸਾਸ ਕਰਨ ਦਾ ਯਤਨ ਕਰਦਾ ਹੈ, ਪਰੰਤੂ ਕਿਸੇ ਤਰਾਂ ਦੀਆਂ ਵਾਧੂ ਇਛਾਵਾਂ ਨੂੰ ਮਨ ਵਿਚ ਨਹੀਂ ਪਾਲਦਾ। ਗੁਰਬਾਣੀ ਮਨੁੱਖ ਨੂੰ ਮਨ ਵਿਚ ਸੰਤੋਖ ਧਾਰਨ ਦੀ ਪ੍ਰੇਰਨਾ ਦਿੰਦੀ ਹੈ। ਸੰਤੋਖ ਦਾ ਗੁਣ ਧਾਰਨ ਕਰਨ ਨਾਲ ਹੀ ਖੁਸ਼ਹਾਲ ਜੀਵਨ ਸੰਭਵ ਹੈ।

ਸਤਿ ਸੰਤੋਖਿ ਰਹਹੁ ਜਨ ਭਾਈ।।

ਕਿਉਂਕਿ ਸੰਤੋਖ ਦੇ ਜੀਵਨ ਤੋਂ ਬਿਨਾ ਮਨੁੱਖ ਨੂੰ ਜਿੰਨਾ ਵੀ ਕੁਝ ਪ੍ਰਾਪਤ ਹੋਵੇ ਉਸ ਨੂੰ ਉਹ ਥੋੜਾ ਪ੍ਰਤੀਤ ਹੁੰਦਾ ਹੈ ਤੇ ਹੋਰ ਪ੍ਰਾਪਤ ਕਰਨ ਦੇ ਚਕਰਾਂ ਵਿਚ ਜੀਵਨ ਵਿਅਰਥ ਗੁਆਉਂਦਾ ਹੈ।

ਬਿਨਾਂ ਸੰਤੋਖ ਨਹੀ ਕੋਊ ਰਾਜੈ।।

ਸੁਪਨ ਮਨੋਰਥ ਬ੍ਰਿਥੇ ਸਭ ਕਾਜੈ।।

**ਉਦਮੀ:**

ਚੰਗੇ ਚਰਿੱਤਰ ਦੀ ਨਿਸ਼ਾਨੀ ਹੈ ਕਿ ਉਹ ਉਦਮੀ ਹੁੰਦਾ ਹੈ। ਉਹ ਵਿਹਲਾ ਬੈਠਕੇ ਖਾਣ ਦਾ ਆਦੀ ਨਹੀਂ ਹੁੰਦਾ ਸਗੋਂ ਹਥੀਂ ਕੰਮ ਕਰਨ ਨੂੰ ਪਹਿਲ ਦਿੰਦਾ ਹੈ। ਉਸ ਨੂੰ ਮਿਹਨਤ ਕਰਨ ਵਿਚ ਹੀ ਅਨੰਦ ਪ੍ਰਾਪਤ ਹੁੰਦਾ ਹੈ। ਮਿਹਨਤ ਕਰਕੇ ਜੋ ਮਿਲਦਾ ਹੈ ਉਸ ਵਿਚ ਸਬਰ-ਸੰਤੋਖ ਵਾਲਾ ਜੀਵਨ ਗੁਜ਼ਾਰਦਾ ਤੇ ਪਰਮਾਤਮਾ ਦਾ ਸ਼ੁਕਰਾਨਾ ਕਰਦਾ ਹੈ। ਗੁਰਬਾਣੀ ਦੁਨਿਆਵੀ ਅਤੇ ਆਤਮਿਕ ਤੌਰ 'ਤੇ ਉਦਮੀ ਵਿਅਕਤੀ ਨੂੰ ਅਸੀਸਾਂ ਨਾਲ ਨਿਵਾਜਦੀ ਹੈ।

ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚ।।

**6.6. ਗੁਰਬਾਣੀ ਵਿਚ ਗੁਰਮੁਖ:**

ਗੁਰਬਾਣੀ ਵਿਚ ਚੰਗੇ ਚਰਿੱਤਰ ਦੀ ਪਛਾਣ ਗੁਰਮੁਖ ਵਜੋਂ ਕੀਤੀ ਗਈ ਹੈ, ਜੋ ਅਕਾਲ-ਪੁਰਖ ਵਿਚ ਅਭੇਦਤਾ ਨੂੰ ਆਪਣਾ ਪਰਮ ਉਦੇਸ਼ ਮੰਨਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਹਰ ਪ੍ਰਕਾਰ ਦੀਆਂ ਨੈਤਿਕ, ਅਧਿਆਤਮਿਕ ਕੀਮਤਾਂ ਨੂੰ ਧਾਰਨ ਕਰਦਾ ਹੋਇਆ, ਆਤਮਿਕ ਤੇ ਬਾਹਰੀ ਤੌਰ 'ਤੇ ਸਮਾਜ ਵਿਚ ਚੰਗਿਆਈ ਦਾ ਪ੍ਰਤੀਕ ਬਣਦਾ ਹੈ ਅਤੇ ਨਾਮ-ਸਿਮਰਨ ਰਾਹੀਂ ਪਰਮ ਸੱਚ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿੰਦਾ ਹੈ। ਗੁਰਬਾਣੀ ਵਿਚ ਗੁਰਮੁਖ ਦੇ ਲਛਣ ਇਸ ਤਰਾਂ ਪ੍ਰਗਟਾਏ ਗਏ ਹਨ:

ਗੁਰਮੁਖਿ ਸਾਚੇ ਕਾ ਭਉ ਪਾਵੈ।। ਗੁਰਮੁਖਿ ਬਾਣੀ ਅਘੜੁ ਘੜਾਵੈ।।

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ।। ਗੁਰਮੁਖਿ ਪਵਿਤ੍ਰ ਪਰਮ ਪਦੁ ਪਾਵੈ।।
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ।। ਨਾਨਕ ਗੁਰਮੁਖਿ ਸਾਚਿ ਸਮਾਵੈ।।

ਸਿਧ ਜਦੋਂ ਗੁਰੂ ਨਾਨਕ ਸਾਹਿਬ ਨੂੰ ਪ੍ਰਸ਼ਨ ਕਰਦੇ ਹਨ ਕਿ ਇਸ ਜਗਤ ਵਿਚ ਸੁਖੀ ਕੋਣ ਹੈ? ਦੁਖੀ ਕੋਣ ਹੈ? ਸਨਮੁਖ ਕੋਣ ਹੈ? ਬੇਮੁਖ ਕੋਣ ਹੈ?

ਕਉਣ ਸੁ ਸੁਖੀਆ ਕਉਣ ਸੁ ਦੁਖੀਆ।।
ਕਉਣ ਸੁ ਸਨਮੁਖੁ ਕਉਣੁ ਵੇਮੁਖੀਆ।।

ਗੁਰੂ ਸਾਹਿਬ ਗੁਰਮੁਖ ਤੇ ਮਨਮੁਖ ਦੇ ਜੀਵਨ ਨੂੰ ਆਧਾਰ ਬਣਾਉਂਦੇ ਹੋਏ, ਸਿਧਾਂ ਦੇ ਪ੍ਰਸ਼ਨ ਦਾ ਉਤਰ ਦਿੰਦੇ ਹਨ, ਕਿ ਇਸ ਜਗਤ ਵਿਚ ਗੁਰਮੁਖ ਸੁਖੀ ਹੈ, ਮਨਮੁਖ ਦੁਖੀ ਹੈ। ਗੁਰਮੁਖ ਸਨਮੁਖ ਹੈ ਤੇ ਮਨੁਮੁਖ ਬੇਮੁਖ ਹੈ।

ਗੁਰਮੁਖਿ ਸੁਖੀਆ ਮਨਮੁਖਿ ਦੁਖੀਆ।।
ਗੁਰਮੁਖਿ ਸਨਮੁਖਿ ਮਨਮੁਖਿ ਵੇਮੁਖੀਆ।।

ਗੁਰਮੁਖ ਪੁਰਸ਼, ਆਦਰਸ਼ਮਈ ਜੀਵਨ ਦਾ ਸੂਚਕ ਹੈ, ਜਿਸ ਅੰਦਰ ਸਮੁਚੇ ਸਦਗੁਣਾਂ ਅਤੇ ਅਧਿਆਤਮਿਕ ਗੁਣਾਂ ਦਾ ਪ੍ਰਕਾਸ਼ ਹੁੰਦਾ ਹੈ। ਉਹ ਜਗਤ ਵਿਚ ਸ਼ੁਭ ਕਰਮ ਕਰਦਾ ਹੋਇਆ, ਜਿਥੇ ਖੁਦ ਦੁਨਿਆਵੀ ਤੌਰ 'ਤੇ ਭਲਾ ਜੀਵਨ ਗੁਜ਼ਾਰਦਾ ਹੈ, ਉਥੇ ਹੀ ਦੂਜਿਆ ਨੂੰ ਵੀ ਕਲਿਆਣਕਾਰੀ ਮਾਰਗ ਉਪਰ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਗੁਰਮੁਖ ਸਹਿਜਮਈ ਜੀਵਨ ਜਿਉਂਦਾ ਹੋਇਆ, ਆਪਣਾ ਜਨਮ ਸਫਲ ਕਰਦਾ ਹੈ ਤੇ ਇਸ ਸੰਸਾਰ 'ਚੋਂ ਮੁਕਤ ਹੁੰਦਾ ਹੈ।

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।।

## 6.7. ਸਿੱਖ ਵਿਵਹਾਰ ਅਤੇ ਚੰਗਾ ਚਰਿੱਤਰ:

ਸਿੱਖ ਆਪਣੇ ਵਿਵਹਾਰ ਦੀ ਸ਼ੁਧਤਾ ਅਤੇ ਆਪਣੇ ਚਰਿੱਤਰ ਦੇ ਨੈਤਿਕ ਤੇ ਅਧਿਆਤਮਕ ਵਿਕਾਸ ਲਈ ਗੁਰਬਾਣੀ ਤੋਂ ਪ੍ਰੇਰਨਾ ਲੈਂਦਾ ਹੈ। ਸਿੱਖ ਇਤਿਹਾਸ ਵਿਚ ਉਚੇ ਸੁਚੇ ਆਚਾਰ-ਵਿਹਾਰ ਵਾਲੇ ਚਰਿੱਤਰ ਦੀਆਂ ਬੇਅੰਤ ਉਦਾਹਰਨਾ ਸਾਨੂੰ ਮਿਲਦੀਆਂ ਹਨ। ਉਦਾਸੀਆਂ ਦੌਰਾਨ ਜਦੋਂ ਗੁਰੂ ਨਾਨਕ ਦੇਵ ਜੀ, ਭਾਈ ਮਰਦਾਨਾ ਜੀ ਨੂੰ

ਨਾਲ ਲੈ ਕੇ, ਕਾਮਰੂਪ (ਅਸਾਮ) ਪਹੁੰਚੇ ਤਾਂ ਉਥੋਂ ਦੀਆ ਜਾਦੂਗਰਨੀਆਂ ਨੇ ਭਾਈ ਮਰਦਾਨਾ ਜੀ ਨੂੰ ਆਪਣੇ ਜਾਦੂ ਨਾਲ ਵਸ ਵਿਚ ਕਰ ਲਿਆ। ਗੁਰੂ ਸਾਹਿਬ ਨੇ ਸ਼ਬਦ ਉਚਾਰਿਆ ਤੇ ਜਾਦੂਗਰਨੀਆਂ ਨੂੰ ਵੀ ਚੰਗੇ ਆਚਾਰ-ਵਿਹਾਰ ਨੂੰ ਆਪਣੇ ਚਰਿੱਤਰ ਦਾ ਹਿੱਸਾ ਬਣਾ ਕੇ, ਅਕਾਲ-ਪੁਰਖ ਦੀ ਸਿਫਤ ਸਲਾਹ ਕਰਨ ਦੀ ਸਿਖਿਆ ਦਿਤੀ।

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ।।
ਜੇ ਗੁਣਵੰਤੀ ਥੀ ਰਹੈ ਤਾ ਭੀ ਸਹੁ ਰਾਵਣ ਜਾਇ।।
ਮੇਰਾ ਕੰਤੁ ਰੀਸਾਲੂ ਕੀ ਧਨ ਅਵਰਾ ਰਾਵੇ ਜੀ।।

### 6.7.1 ਭਾਈ ਲਾਲੋ ਜੀ

ਭਾਈ ਲਾਲੋ ਜੀ ਉਚੇ-ਸੁਚੇ ਚਰਿੱਤਰ ਵਾਲੇ ਗਰੀਬ ਤੇ ਕਿਰਤੀ ਤਰਖਾਣ ਸਨ ਜੋ ਨੇਕ ਕਮਾਈ ਨਾਲ ਆਪਣਾ ਜੀਵਨ ਬਸਰ ਕਰਦੇ ਸਨ। ਗੁਰੂ ਨਾਨਕ ਦੇਵ ਜੀ, ਜਦੋਂ ਸੈਦਪੁਰ ਪਹੁੰਚੇ ਤਾਂ ਉਨ੍ਹਾਂ ਮਲਿਕ ਭਾਗੋ ਦਾ ਬੁਲਾਵਾ ਅਪ੍ਰਵਾਨ ਕਰਕੇ ਭਾਈ ਲਾਲੋ ਦੇ ਘਰ ਟਿਕਾਣਾ ਕੀਤਾ। ਗੁਰੂ ਸਾਹਿਬ ਜਾਣਦੇ ਸਨ ਕਿ ਭਾਈ ਲਾਲੋ ਉਚ ਚਰਿੱਤਰ ਵਾਲਾ ਕਿਰਤੀ ਇਨਸਾਨ ਹੈ, ਜੋ ਹਮੇਸ਼ਾਂ ਸੁਚੀ ਕਿਰਤ ਕਰਦਾ ਹੈ ਤੇ ਉਸ ਨੇ ਕਦੇ ਕਿਸੇ ਦਾ ਹਕ ਨਹੀਂ ਮਾਰਿਆ। ਜਦਕਿ ਮਲਿਕ ਭਾਗੋ ਨੇ ਗਰੀਬ ਲੋਕਾਂ ਦਾ ਖ਼ੂਨ-ਪਸੀਨਾ ਨਿਚੋੜ ਜੇ ਧਨ-ਦੌਲਤ ਇਕਠਾ ਕੀਤਾ ਹੈ। ਇਸ ਲਈ ਗੁਰੂ ਸਾਹਿਬ ਨੇ ਮਲਿਕ ਭਾਗੋ ਦਾ ਭੋਜ ਠੁਕਰਾ ਕੇ ਭਾਈ ਲਾਲੋ ਦੇ ਘਰ ਰੁਖਾ-ਮਿਸਾ ਪਰਸ਼ਾਦਾ ਛਕਿਆ। ਭਾਈ ਲਾਲੋ ਸਹੀ ਅਰਥਾਂ ਵਿਚ ਉਚ ਚਰਿੱਤਰ ਦੇ ਮਾਲਕ ਸਨ।

### 6.7.2 ਭਾਈ ਜੋਗਾ ਸਿੰਘ

ਭਾਈ ਜੋਗਾ ਸਿੰਘ, ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ਸਿੱਖਸੀ ਜੋ ਗੁਰੂ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਆਇਆ, ਪਕਾ ਉਨ੍ਹਾਂ ਕੋਲ ਹੀ ਰਹਿਣ ਲਗ ਪਿਆ ਸੀ। ਕੁਝ ਸਮੇਂ ਬਾਅਦ ਭਾਈ ਜੋਗਾ ਸਿੰਘ ਦੇ ਘਰ ਵਾਲੇ, ਉਸ ਦੇ ਵਿਆਹ ਬਾਰੇ ਦਸ ਕੇ ਉਸ ਨੂੰ ਆਪਣੇ ਪਿੰਡ ਲੈ ਆਏ। ਵਿਆਹ ਵਾਲੇ ਦਿਨ ਲਾਵਾਂ ਸਮੇਂ ਉਸ ਨੂੰ ਗੁਰੂ ਸਾਹਿਬ ਵਲੋਂ ਭੇਜਿਆ ਹੁਕਮਨਾਮਾ ਪ੍ਰਾਪਤ ਹੋਇਆ, ਤਾਂ ਉਹ ਤੁਰੰਤ ਲਾਵਾਂ ਵਿਚਾਲੇ ਛਡ ਗੁਰੂ ਸਾਹਿਬ ਵਲ ਚੱਲ ਪਿਆ। ਰਸਤੇ ਵਿਚ ਵੇਸਵਾ ਦਾ ਘਰ ਨਾਚ-ਗਾਣਾ ਹੁੰਦਾ ਸੁਣ ਕੇ, ਭਾਈ ਜੋਗਾ ਸਿੰਘ ਵੇਸਵਾ ਦੇ ਘਰ ਵਲ ਚੱਲ ਪਿਆ। ਘਰ ਮੋਹਰੇ ਲਗਾ ਪਹਿਰੇਦਾਰ ਦੇਖ ਕੇ ਮੁੜ ਆਇਆ। ਕੁਝ ਚਿਰ ਪਿਛੋਂ ਦੁਬਾਰਾ ਗਿਆ ਤਾਂ ਪਹਿਰੇਦਾਰ ਨੂੰ ਦੇਖ ਕੇ ਫਿਰ ਮੁੜ ਆਇਆ। ਫਿਰ ਉਸ ਨੂੰ ਆਪਣੀ ਭੁਲ ਦਾ ਅਹਿੱਸਾਸ ਹੋਇਆ ਤਾਂ ਉਸ ਨੇ

ਆਨੰਦਪੁਰ ਸਾਹਿਬ ਵਲ ਚਾਲੇ ਪਾ ਦਿੱਤੇ। ਗੁਰੂ ਸਾਹਿਬ ਕੋਲ ਹਾਜ਼ਿਰ ਹੋ ਕੇ ਆਪਣੀ ਭੁਲ ਬਖਸ਼ਾਈ, ਜਿਨਾਂ ਨੇ ਆਪ ਪਹਿਰੇਦਾਰ ਬਣ ਕੇ, ਉਸ ਦੇ ਚਰਿੱਤਰ ‘ਤੇ ਦਾਗ ਲਗਣ ਤੋਂ ਬਚਾ ਲਿਆ ਸੀ।

### 6.7.3 ਭਾਈ ਬਚਿਤਰ ਸਿੰਘ:

ਭਾਈ ਬਚਿਤਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਸਮੇਂ ਦਾ ਨਿਡਰ ਸਿੱਖ ਸੀ। ਜਦੋਂ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਇਕ ਹਾਥੀ ਨੂੰ ਸ਼ਰਾਬ ਨਾਲ ਰਜਾ ਕੇ, ਆਨੰਦਪੁਰ ਸਾਹਿਬ ਦੇ ਕਿਲੇ ਵਲ ਤੋਰ ਦਿਤਾ ਤਾਂ ਗੁਰੂ ਸਾਹਿਬ ਨੇ ਤਾਕਤਵਰ ਸਰੀਰ ਵਾਲੇ ਦੁਨੀ ਚੰਦ ਨੂੰ ਹਾਥੀ ਦਾ ਮੁਕਾਬਲਾ ਕਰਨ ਲਈ ਕਿਹਾ। ਦੁਨੀ ਚੰਦ ਰਾਤੋ-ਰਾਤ ਕਿਲਾ ਛਡ ਕੇ ਭਜ ਗਿਆ। ਗੁਰੂ ਸਾਹਿਬ ਨੇ ਭਾਈ ਬਚਿਤਰ ਸਿੰਘ ਨੂੰ ਥਾਪੜਾ ਦੇ ਕੇ ਹਾਥੀ ਨਾਲ ਮੁਕਾਬਲਾ ਕਰਨ ਲਈ ਤੋਰਿਆ। ਭਾਈ ਬਚਿਤਰ ਸਿੰਘ ਨੇ ਨਾਗਣੀ ਹਾਥੀ ਦੇ ਮਥੇ ‘ਤੇ ਮਾਰੀ, ਜੋ ਢਾਲ ਨੂੰ ਚੀਰਦੀ ਹੋਈ, ਮਥੇ ਦੇ ਅੰਦਰ ਧਸ ਗਈ ਤੇ ਸ਼ਰਾਬੀ ਹਾਥੀ ਪਿਛੇ ਵਲ ਨੂੰ ਭਜ ਤੁਰਿਆ। ਅਸਲ ਵਿਚ ਗੁਰੂ ਸਾਹਿਬ ਦੇ ਥਾਪੜੇ ਕਾਰਨ ਭਾਈ ਬਚਿਤਰ ਸਿੰਘ ਦੀ ਦੇਹ ਅੰਦਰ ਹੋਈ ਵਿਸਮਾਦੀ ਹਿਲ ਜੁਲ ਨਾਲ, ਉਸ ਦੀ ਵਿਹਾਰਤਾ ਵਿਚ ਇਕਦਮ ਦਲੇਰੀ, ਸਾਹਸ ਜਿਹੇ ਗੁਣ ਪੈਦਾ ਹੋ ਗਏ, ਜਿਸ ਨਾਲ ਗਰੂ ਸਾਹਿਬ ਦੇ ਥਾਪੜੇ ਸਾਹਮਣੇ ਸ਼ਰਾਬੀ ਹਾਥੀ ਵੀ ਮਾਮੂਲੀ ਜਾਨਵਰ ਪ੍ਰਤੀਤ ਹੋਇਆ।

### 6.7.4 ਸਿੱਖ ਯੋਧੇ:

ਸਿੱਖ ਇਤਿਹਾਸ ਵਿਚ ਸਿੱਖਯੋਧਿਆਂ ਦੇ ਜੀਵਨ ਦਾ ਸੁਚਾ ਅਚਾਰ-ਵਿਹਾਰ ਉਨ੍ਹਾਂ ਦੇ ਨੇਕ ਕਿਰਦਾਰ ਨੂੰ ਸਾਹਮਣੇ ਲੈ ਕੇ ਆਉਂਦਾ ਹੈ। ਇਤਿਹਾਸ ਗਵਾਹ ਹੈ ਕਿ ਕਦੇ ਕੋਈ ਜੰਗ ਸਿਖਾਂ ਨੇ ਬੇਈਮਾਨੀ ਕਰਕੇ ਨਹੀਂ ਜਿਤੀ ਸੀ। ਕਦੇ ਵੀ ਕਿਸੇ ਦੁਸ਼ਮਣ ਦੀ ਧੀ-ਭੈਣ ਨਾਲ ਦੁਰ-ਵਿਵਹਾਰ ਨਹੀਂ ਕੀਤਾ। ਸਿੱਖ ਦੁਸ਼ਮਣ ਦੀ ਧੀ-ਭੈਣ ਨੂੰ ਆਪਣੀਆਂ ਧੀਆਂ-ਭੈਣਾਂ ਸਮਝਦੇ ਰਹੇ ਸਨ। ਜਦੋਂ ਮੁਗਲ ਗਰੀਬ ਲੋਕਾਂ ਦੀਆਂ ਧੀਆਂ-ਭੈਣਾਂ ਨੂੰ ਚੁਕ ਕੇ ਲੈ ਜਾਂਦੇ ਸਨ ਤਾਂ ਸਿੱਖਰਾਤ ਨੂੰ ਜਾ ਕੇ ਮੁਗਲਾਂ ‘ਤੇ ਹਲਾ ਬੋਲਦੇ ਤੇ ਸਾਰੀਆਂ ਔਰਤਾਂ ਨੂੰ ਸਹੀ-ਸਲਾਮਤ ਉਨ੍ਹਾਂ ਦੇ ਘਰ ਪਹੁੰਚਾਉਂਦੇ ਸਨ। ਸਿੱਖਯੋਧੇ ਦੂਜਿਆਂ ਦੇ ਧਾਰਮਿਕ ਸਥਾਨਾਂ ਦਾ ਵੀ ਸਨਮਾਨ ਕਰਦੇ ਸਨ ਤੇ ਕਦੇ ਕਿਸੇ ਧਾਰਮਿਕ ਸਥਾਨ ਦਾ ਨੁਕਸਾਨ ਨਹੀਂ ਕੀਤਾ ਸੀ। ਇਸ ਤਰਾਂ ਹਰੇਕ ਜੰਗ ਦੇ ਮੈਦਾਨ ਵਿਚ ਵੀ ਸਿਖਾਂ ਨੇ ਆਪਣੇ ਉਚੇ-ਸੁਚੇ ਤੇ ਨੇਕ ਚਰਿੱਤਰ ਦਾ ਸਬੂਤ ਦਿਤਾ ਸੀ।

## 6.8. ਸਾਰ:

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਨੈਤਿਕ ਗੁਣ ਇਕ ਚੰਗੇ ਚਰਿੱਤਰ ਦੀ ਉਸਾਰੀ ਵਿਚ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਕਿਸੇ ਚੰਗੇ ਚਰਿੱਤਰ ਦੀ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਸ ਅੰਦਰ ਸਾਰੇ ਨੈਤਿਕ ਗੁਣ ਸਾਂਝੇ ਰੂਪ ਵਿਚ ਵਿਕਸਿਤ ਹੁੰਦੇ ਹਨ। ਇਹਨਾਂ ਵਿਚੋਂ ਕਿਸੇ ਵੀ ਗੁਣ ਦਾ ਅਭਾਵ ਕਿਸੇ ਚੰਗੇ ਚਰਿੱਤਰ ਦੀ ਸੰਪੂਰਨਤਾ ਵਿਚ ਰੁਕਾਵਟ ਹੁੰਦਾ ਹੈ। ਇਸ ਲਈ ਚੰਗਾ ਚਰਿੱਤਰ ਉਹੀ ਮੰਨਿਆ ਜਾ ਸਕਦਾ ਹੈ ਜਿਸ ਵਿਚ ਸਾਰੇ ਨੈਤਿਕ ਗੁਣ ਮੌਜੂਦ ਹੋਣ। ਗੁਰਬਾਣੀ ਵਿਚ ਚੰਗੇ ਚਰਿੱਤਰ ਦਾ ਪ੍ਰਮਾਣ ਗੁਰਮੁਖ ਹੈ, ਜੋ ਹਰ ਪ੍ਰਕਾਰ ਦੇ ਗੁਣਾਂ ਨਾਲ ਭਰਪੂਰ ਹੈ। ਗੁਰਮੁਖ ਪੁਰਖ ਆਪਣੀ ਮੌਜੂਦਗੀ ਦੁਆਰਾ ਸਮਾਜ ਵਿਚ ਸਕਾਰਾਤਮਕ ਮਾਹੌਲ ਪੈਦਾ ਕਰਦੇ ਹਨ ਅਤੇ ਸਭਿਅਕ ਤੇ ਆਦਰਸ਼ਮਈ ਸਮਾਜ ਸਿਰਜਣ ਵਿਚ ਅਹਿਮ ਯੋਗਦਾਨ ਪਾਉਂਦੇ ਹਨ।

## 6.9. ਪੜ੍ਹਨਯੋਗ ਪੁਸਤਕਾਂ:


- ਅਵਤਾਰ ਸਿੰਘ, ਸਿੱਖ ਧਰਮ ਦਾ ਨੈਤਿਕ ਪ੍ਰਸੰਗ, ਬਲਕਾਰ ਸਿੰਘ (ਸੰਪਾ.), ਪਟਿਆਲਾ: ਪੰਜਾਬੀ ਯੂਨੀਵਰਸਿਟੀ, 1998
- ਸ਼ਮਸ਼ੇਰ ਸਿੰਘ, ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995
- ਕੁਲਦੀਪ ਸਿੰਘ ਹਉਰਾ, ਸਿੱਖ ਨੈਤਿਕਤਾ ਦੀ ਰੂਪ-ਰੇਖਾ, ਅੰਮ੍ਰਿਤਸਰ: ਸਿਮਰ ਸਾਹਿਤ ਸਦਨ, 1992
- ਰਾਮਦਾਸ ਨਿਰਾਕਾਰੀ, ਭਾਰਤੀ ਨੀਤੀ-ਸ਼ਾਸਤਰ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1997
- ਵਜ਼ੀਰ ਸਿੰਘ, ਨੈਤਿਕ ਨਿਯਮ, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1975


## 6.10 ਅਭਿਆਸ ਲਈ ਪ੍ਰਸ਼ਨ:

ਪ੍ਰਸ਼ਨ 1. ਚੰਗੇ ਚਰਿੱਤਰ ਦੀ ਕੀ ਪ੍ਰੀਭਾਸ਼ਾ ਹੈ?

ਪ੍ਰਸ਼ਨ 2. ਧਰਮ ਵਿਚ ਚੰਗੇ ਚਰਿੱਤਰ ਦਾ ਕੀ ਮਹਤਵ ਹੈ?

ਪ੍ਰਸ਼ਨ 3. ਗੁਰਬਾਣੀ ਵਿਚ ਚੰਗੇ ਚਰਿੱਤਰ ਦੇ ਕੀ ਗੁਣ ਹਨ?

## PROGRAMME: CERTIFICATE COURSE ON VALUE AND LEARNING OF SIKHISM

### COURSE: ETHICAL VALUES

### SEMESTER-I

---

### UNIT VII- HUMAN RIGHTS

---


7.0ਉਦੇਸ਼

7.1ਜਾਣ-ਪਛਾਣ

7.2 ਮਨੁਖੀ ਅਧਿਕਾਰ: ਪਰਿਭਾਸ਼ਾ ਅਤੇ ਸੰਕਲਪ

7.2.1 ਪਰਿਭਾਸ਼ਾ

7.2.2 ਸੰਕਲਪ

7.3 ਮਨੁਖੀ ਅਧਿਕਾਰ ਅਤੇ ਸੰਯੁਕਤ ਰਾਸ਼ਟਰ

7.4 ਮਨੁਖੀ ਅਧਿਕਾਰਾਂ ਬਾਰੇ ਸੰਧੀਆਂ

7.5 ਮਨੁਖੀ ਅਧਿਕਾਰ ਅਤੇ ਧਰਮ

7.6 ਸਿਖ-ਸਿਧਾਂਤ ਅਤੇ ਮਨੁਖੀ ਅਧਿਕਾਰ

7.7 ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਤੇ ਮਨੁਖੀ ਅਧਿਕਾਰ

7.8 ਸਾਰ

7.9 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ

7.10 ਅਭਿਆਸ ਲਈ ਪ੍ਰਸ਼ਨ

ਡਾ. ਜਸਵਿੰਦਰ ਸਿੰਘ

# ਮਨੁਖੀ ਅਧਿਕਾਰ

## 7.0 ਉਦੇਸ਼

- ਮਨੁਖੀ ਅਧਿਕਾਰਾਂ ਬਾਰੇ ਜਾਣਨਾ।
- ਮਨੁਖੀ ਅਧਿਕਾਰਾਂ ਅਤੇ ਧਰਮ ਦੇ ਅੰਤਰ-ਸੰਬੰਧਾਂ ਬਾਰੇ ਜਾਣਨਾ।
- ਸਿਖ-ਧਰਮ ਅਨੁਸਾਰ ਮਨੁਖੀ ਅਧਿਕਾਰਾਂ ਬਾਰੇ ਸਮਝਣਾ।

## 7.1.ਜਾਣ-ਪਛਾਣ

ਮਨੁਖੀ ਅਧਿਕਾਰ, ਮਨੁਖ ਦੇ ਵਿਹਾਰ ਲਈ ਬਣਾਏ ਗਏ ਉਹ ਨੈਤਿਕ ਸਿਧਾਂਤ ਜਾਂ ਨਿਯਮ ਹਨ, ਜਿਹਨਾਂ ਨੇ ਮਨੁਖ ਦੇ ਬੁਨਿਆਦੀ ਅਧਿਕਾਰ ਕਿਹਾ ਜਾਂਦਾ ਹੈ। ਬੁਨਿਆਦੀ ਅੀਧਕਾਰ ਤੋਂ ਭਾਵ ਹਰ ਵਿਅਕਤੀ, ਭਾਵੇਂ ਕਿ ਉਹ ਕਿਸੇ ਵੀ ਧਰਮ, ਜਾਤੀ, ਉਮਰ, ਨਸਲ ਜਾਂ ਭਾਸ਼ਾ ਦਾ ਹੋਵੇ, ਉਸ ਨਾਲ ਬਿਨਾ ਕਿਸੇ ਸ਼ਰਤ ‘ਤੇ ਉਸਦੇ ਨਾਲ ਸਮਾਨ ਵਿਹਾਰ ਕਰਨਾ ਹੈ। ਇਹਨਾਂ ਅਧਿਕਾਰਾਂ ਨੂੰ ਰਾਜ ਜਾਂ ਸਟੇਟ ਅਤੇ ਅੰਤਰਰਾਸ਼ਟਰੀ ਕਾਨੂੰਨ ਦੇ ਨਿਯਮਾਂ ਦੇ ਵਿਚ ਸੁਰੱਖਿਅਤ ਕੀਤਾ ਗਿਆ ਹੈ। ਇਹਨਾਂ ਮਨੁਖੀ ਅਧਿਕਾਰਾਂ ਨੂੰ ਆਧੁਨਿਕ ਸਮੇਂ ਵਿਚ ਇਕ ਵਿਸ਼ੇਸ਼ ਸਭਿਆਚਾਰ ਮੰਨਿਆ ਜਾ ਸਕਦਾ ਹੈ। ਲਗਭਗ ਸਾਰੇ ਦੇਸ਼ਾਂ ਵਿਚ ਇਨ੍ਹਾਂ ਅਧਿਕਾਰਾਂ ਨੂੰ ਸਹਿਮਤੀ ਮਿਲੀ ਹੋਈ ਹੈ। ਇਸੀ ਤਰ੍ਹਾਂ ਅਧਿਐਨ ਦੇ ਅਨੁਸ਼ਾਸਨਾਂ ਵਿਚ ਵੀ ਇਨ੍ਹਾਂ ਨੂੰ ਅਪਣਾਇਆ ਗਿਆ ਹੈ। ਦਰਸ਼ਨ-ਸ਼ਾਸਤਰ, ਕਾਨੂੰਨ, ਰਾਜਨੀਤੀ ਅਤੇ ਧਰਮ-ਸ਼ਾਸਤਰ ਦੇ ਅਨੁਸ਼ਾਸ਼ਨਾਂ ਵਿਚ ਇਨ੍ਹਾਂ ਅਧਿਕਾਰਾਂ ਨੂੰ ਮੁਢਲੇ ਉਦੇਸ਼ਾਂ ਵਿਚ ਰਖਿਆ ਜਾਂਦਾ ਹੈ। ਹਰੇਕ ਮਨੁਖ ਦੇ ਸੁਭਾਵਕ ਅਧਿਕਾਰਾਂ ਦੀ ਸ਼ੁਰੂਆਤ ਨੂੰ ਮੁਢਲੇ ਤੌਰ ‘ਤੇ ਮੰਨਦੇ ਹੋਏ ਇਹਨਾਂ ਅਧਿਕਾਰਾਂ ਦੀ ਵਿਆਖਿਆ ਕੀਤੀ ਜਾਂਦੀ ਹੈ ਅਤੇ ਇਹਨਾਂ ਅਧਿਕਾਰਾਂ ਨੂੰ ਕਿਸੇ ਵੀ ਰਾਜਨੀਤਿਕ ਜਾਂ ਰਾਜ-ਪਰਿਵਾਰਾਂ ਦੁਆਰਾ ਖਤਮ ਨਹੀਂ ਕੀਤਾ ਜਾ ਸਕਦਾ ਹੈ। ਮਨੁਖੀ ਅਧਿਕਾਰ ਸਰਬ-ਵਿਆਪਕ ਅਤੇ ਕਿਸੇ ਵੀ ਖਿਤੇ ਦੀ ਦੇ ਲੋਕਾਂ ਦੀ ਪਰੰਪਰਾ ਵਿਚ ਸਥਾਪਤ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਹੈ। ਇਸ ਅਧਿਕਾਰ ਰਾਹੀਂ ਹਰ ਇਕ ਵਿਅਕਤੀ ਨੂੰ ਗਿਆਨ ਪ੍ਰਾਪਤ ਕਰਨ ਅਤੇ ਆਪਣੇ ਮੁਤਾਬਿਕ ਜੀਵਨ ਜੀਉਣ ਦੀ ਆਜ਼ਾਦੀ ਵਾਲੇ ਸਨ ਪਰੰਤੂ ਮਧਕਾਲੀਨ ਸਮੇਂ ਦੌਰਾਨ ਇਸਹਨਾਂ ਅਧਿਕਾਰਾਂ ਦਾ ਪਰਿਵਰਤਨ ਹੋ ਗਿਆ।

## 7.2 ਮਨੁਖੀ ਅਧਿਕਾਰ: ਪਰਿਭਾਸ਼ਾ ਅਤੇ ਸੰਕਲਪ

### 7.2.1.ਪਰਿਭਾਸ਼ਾ

ਸੰਯੁਕਤ ਰਾਸ਼ਟਰ ਦੁਆਰਾ ਮਨੁਖੀ ਅਧਿਕਾਰਾਂ ਬਾਰੇ ਜੋ ਵਿਸ਼ਵਵਿਆਪੀ ਐਲਾਨਨਾਮਾ ਕੀਤਾ ਗਿਆ, ਉਸ :ਵਿਚ ਮਨੁਖੀ ਅਧਿਕਾਰਾਂ ਨੂੰ ਹੇਠ ਲਿਖੇ ਅਨੁਸਾਰ ਪ੍ਰੀਭਾਸ਼ਤ ਕੀਤਾ

ਜਦ ਕਿ ਮਨੁੱਖੀ ਪਰਿਵਾਰ ਦੇ ਸਾਰੇ ਮੈਂਬਰਾਂ ਦੀ ਧੁਰ ਅੰਦਰਲੀ ਅੰਤਰੀਵ ਸ਼ਾਨ ਅਤੇ ਬਰਾਬਰੀ ਤੇ ਨਾ “ ਟਾਲੇ ਜਾ ਸਕਣ ਵਾਲੇ ਅਧਿਕਾਰ ਸੰਸਾਰ ਵਿਚ ਆਜ਼ਾਦੀ, ਇਨਸਾਫ਼ ਅਤੇ ਅਮਨ ਦੀ ਨੀਂਹ ਹਨ। ਜਦਕਿ ਮਨੁੱਖੀ ਅਧਿਕਾਰਾਂ ਪਰਤੀ ਨਿਰਾਦਰ ਅਤੇ ਨਫ਼ਰਤ ਦਾ ਸਿੱਟਾ ਉਜੱਡ ਕਿਸਮ ਦੀਆਂ ਕਾਰਵਾਈਆਂ ਕਰਕੇ ਨਿਕਲਿਆ ਹੈ, ਜਿਸ ਨਾਲ ਮਾਨਵਤਾ ਦੀ ਜ਼ਮੀਰ ਨੂੰ ਸਦਮਾ ਪੁਜਾ ਹੈ। ਇਹ ਅਜਿਹੇ ਅਜਿਹੇ ਸੰਸਾਰ ਦੇ ਆਗਮਨ ਦੀ ਤਾਂਘ ਤੇ ਰੀਝ ਆਮ ਲੋਕਾਂ ਦਾ ਐਲਾਨ ਹੈ ਜਿਸ ਵਿਚ ਸਾਰਾ ਇਨਸਾਨੀ ਭਾਈਚਾਰਾ ਬੋਲਣ ਦੀ ਆਜ਼ਾਦੀ, ਵਿਸ਼ਵਾਸ਼ ਦੀ ਆਜ਼ਾਦੀ ਅਤੇ ਡਰ ਤੇ ਗਰੀਬੀ ਤੋਂ ਆਜ਼ਾਦੀ ਮਾਣ ਸਕੇ। ਜਦਕਿ ਇਸ ਤੋਂ ਪਹਿਲਾਂ ਕਿ ਮਨੁੱਖ ਬੇਬਸ ਹੋ ਕੇ ਆਖਰੀ ਚਾਰੇ ਵਜੋਂ ਜ਼ੁਲਮ ਤੇ ਦਮਨ ਵਿਰੁਧ ਬਗ਼ਾਵਤ ਕਰਨ ਉਤੇ ਉਤਰ ਆਏ, ਇਹ ਜ਼ਰੂਰੀ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਕਾਨੂੰਨ ਰਾਹੀਂ ਕੀਤੀ ਜਾਏ। ਜਦਕਿ ਇਹ ਜ਼ਰੂਰੀ ਹੈ ਕਿ ਮੁਲਕਾਂ ਦਰਮਿਆਨ ਸੰਬੰਧਾਂ ਦੇ ਵਿਕਾਸ ਨੂੰ ਉਤਸ਼ਾਹ ਮਿਲੇ। ਜਦਕਿ ਸੰਯੁਕਤ ਰਾਸ਼ਟਰ ਦੇ ਦੇਸ਼ਾਂ ਨੇ ਆਪਣੇ ਚਾਰਟਰ ਵਿਚ ਮਨੁੱਖ ਦੇ ਬੁਨਿਆਦੀ ਅਧਿਕਾਰਾਂ, ਮਨੁੱਖ ਦੀ ਸ਼ਾਨੋਸ਼ੌਕਤ ਅਤੇ ਮਰਦਾਂ ਤੇ ਔਰਤਾਂ ਦੇ ਅਧਿਕਾਰਾਂ ਦੀ ਬਰਾਬਰੀ ਵਿਚ ਆਪਣਾ ਪੁਨਰਵਿਸ਼ਵਾਸ਼ ਪ੍ਰਗਟ ਕੀਤਾ ਹੈ ਅਤੇ ਪ੍ਰਣ ਕੀਤਾ ਹੈ ਕਿ ਵਿਸ਼ਾਲ ਆਜ਼ਾਦੀ ਦੇ ਪ੍ਰਸੰਗ ਵਿਚ ਚੰਗੇਰੀ ਜ਼ਿੰਦਗੀ ਅਤੇ ਸਮਾਜਕ ਤਰੱਕੀ ਨੂੰ ਉਤਸ਼ਾਹਤ ਕਤਿਾ ॥ ”ਜਾਏਗਾ

### 7.2.2.ਸੰਕਲਪ

ਮਨੁਖੀ ਅਧਿਕਾਰ ਮੂਲ ਰੂਪ ਵਿਚ ਕਿਸੇ ਵੀ ਵਿਅਕਤੀ ਦੇ ਜੀਵਨ ਦੇ ਬੁਨਿਆਦੀ ਮਸਲਿਆਂ ਨਾਲ ਸੰਬੰਧਤ ਹਨ, ਜਿਸ ਵਿਚ ਜੀਣ ਦਾ ਅਧਿਕਾਰ ਅਤਿਅੰਤ ਮਹਤਵਪੂਰਣ ਹੈ। ਆਧੁਨਿਕ ਯੁਗ ਤੋਂ ਪਹਿਲਾਂ ਧਰਤੀ ਦੇ ਹਰ ਇਕ ਖਿਤੇ ਨੇ ਆਪਣੇ ਲੋਕਾਂ ਸੰਬੰਧੀ ਜੀਵਨ ਜੀਉਣ ਦੇ ਅਧਿਕਾਰ ਅਤੇ ਨਿਯਮ ਘੜੇ ਹੋਏ ਸਨ, ਜਿਨ੍ਹਾਂ ਦਾ ਮੁਖ ਆਧਾਰ ਉਹਨਾਂ ਦੇ ਕੁਦਰਤੀ ਅਤੇ ਧਾਰਮਿਕ ਵਿਸ਼ਵਾਸ਼ ਸਨ। ਇਹਨਾਂ ਅਧਿਕਾਰਾਂ ਵਿਚ ਇਕ ਵਡਾ ਬਦਲਾਅ ਉਸ ਸਮੇਂ ਆਇਆ ਜਦੋਂ 17ਵੀਂ ਸਦੀ ਦੇ ਅੰਗਰੇਜ਼ੀ ਦਾਰਸ਼ਨਿਕ ਜਾਨ ਲਾਕ ਨੇ ਆਪਣੇ ਅਧਿਐਨ ਰਾਹੀਂ ਕੁਦਰਤੀ ਅਤੇ ਮਾਨਵੀ ਅਧਿਕਾਰਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਉਸਨੇ ਉਹਨਾਂ ਦੀ ਪਛਾਣ ਜੀਵਨ, ਆਜ਼ਾਦੀ ਅਤੇ ਜਾਇਦਾਦ ਅਨੁਸਾਰ ਕੀਤੀ। ਇਸੀ ਪ੍ਰਕਾਰ ਮਨੁਖੀ ਅਧਿਕਾਰਾਂ ਦੀ ਰਾਜਨੀਤਿਕ ਸ਼ੁਰੂਆਤ ਬ੍ਰਿਟੇਨ ਵਿਚ 1689 ਵਿਚ ਸਥਾਪਤ ਹੋਏ ਕਾਨੂੰਨਾਂ ਅਨੁਸਾਰ ਗ਼ੈਰਕਾਨੂੰਨੀ ਢੰਗ ਨਾਲ ਜ਼ੁਲਮ ਕਰਨ ਵਾਲੀਆਂ ਸੰਸਥਾਵਾਂ ਉਪਰ ਕਾਨੂੰਨੀ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਇਸੀ ਪ੍ਰਕਾਰ 18ਵੀਂ ਸਦੀ ਦੇ ਵਿਚ ਸੰਯੁਕਤ ਰਾਜ (1776) ਅਤੇ ਫਰਾਂਸ (1789) ਵਿਚ ਹੋਏ ਇਨਕਲਾਬ ਕਰਕੇ ਸੰਯੁਕਤ ਰਾਜ ਨੇ ਆਪਣੀ ਆਜ਼ਾਦੀ ਦੀ ਘੋਸ਼ਣਾ ਕਰ ਦਿਤੀ ਅਤੇ ਮਨੁਖੀ ਅਤੇ ਨਾਗਰਿਕ ਅਧਿਕਾਰਾਂ ਬਾਰੇ ਆਪਣਾ ਐਲਾਨ ਕਰ ਦਿਤਾ। ਇਸ ਐਲਾਨ ਦੇ ਵਿਚ ਵਰਜੀਨੀਆ (1776) ਦੇ ਅਧਿਕਾਰਾਂ ਦੇ ਕਈ ਬੁਨਿਆਦੀ ਨਾਗਰਿਕ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀ ਦੇ ਕਾਨੂੰਨ ਵੀ ਸ਼ਾਮਿਲ

ਸਨ। 1831 ਵਿਚ ਵਿਲੀਅਮ ਗੈਰੀਸਨ ਨੇ ਆਪਣੀ ਪਤ੍ਰਿਕਾ The Liberator ਰਾਹੀਂ ਮਨੁਖੀ ਅਧਿਕਾਰਾਂ ॥ਦੇ ਸੰਕਲਪ ਨੂੰ ਉਭਾਰਿਆ ਅਤੇ ਸਥਾਪਤ ਕੀਤਾ

## 7.3. ਮਨੁਖੀ ਅਧਿਕਾਰ ਅਤੇ ਸੰਯੁਕਤ ਰਾਸ਼ਟਰ

ਮਨੁਖੀ ਅਧਿਕਾਰਾਂ ਲਈ ਚੇਤਨਾ ਦੂਜੇ ਵਿਸ਼ਵ-ਯੁਧ ਤੋਂ ਬਾਅਦ ਸ਼ੁਰੂ ਹੋਈ, ਜਦੋਂ ਅਮਰੀਕਾ ਅਤੇ ਰੂਸ ਸਮੇਤ ਕਈ ਦੇਸ਼ਾਂ ਨੇ ਬਹੁਤ ਸਾਰੇ ਘਾਤਕ ਹਥਿਆਰ ਬਣਾ ਦਿਤੇ ਸਨ। ਅਮਰੀਕਾ ਦੁਆਰਾ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਉਪ ਪਰਮਾਣੂ ਬੰਬ ਦੇ ਨਾਲ ਹਮਲਾ ਕਰਨਾ ਅਤੇ ਜਰਮਨੀ ਵਿਖੇ ਕਈ ਲਖ ਯਹੂਦੀਆਂ ਦਾ ਕਤਲੇਆਮ ਹੋ ਜਾਣਾ ਮਨਾਵੀ ਸਭਿਅਤਾ ਦੇ ਇਤਿਹਾਸ ਵਿਚ ਵੱਡੀਆਂ ਘਟਨਾਵਾਂ ਸਨ, ਜਿਨ੍ਹਾਂ ਕਰਕੇ ਵਿਸ਼ਵ ਦੇ ਦਾਰਸ਼ਨਿਕਾਂ ਨੂੰ ਮਨੁਖ ਦੀ ਹੋਂਦ ਸੰਬੰਧੀ ਪੁਨਰ-ਵੀਚਾਰ ਕਰਨਾ ਪਿਆ। ਦੂਸਰੇ ਵਿਸ਼ਵ-ਯੁਧ ਦੀ ਸਮਾਪਤੀ ਤੋਂ ਬਾਅਦ ਕਈ ਸਰਕਾਰੀ ਅਤੇ ਗ਼ੈਰਸਰਕਾਰੀ ਸੰਸਥਾਵਾਂ ਹੋਂਦ ਵਿਚ ਆਈਆਂ, ਜੋ ਕਿ ਮਨੁਖਤਾ ਦੇ ਸਾਂਝੇ ਉਦੇਸ਼ਾਂ ਅਤੇ ਹਿਤਾਂ ਲਈ ਕੰਮ ਕਰਦੀਆਂ ਸਨ ਅਤੇ ਮਨੁਖੀ ਅਧਿਕਾਰਾਂ ਲਈ ਕਾਰਜਸ਼ੀਲ ਸਨ। ਹੌਲੀ-ਹੌਲੀ ਕਈ ਦੇਸ਼ਾਂ ਦੇ ਸਾਂਝੇ ਯਤਨਾਂ ਨਾਲ 24 ਅਕਤੂਬਰ 1945 ਵਿਚ 'ਸੰਯੁਕਤ ਰਾਸ਼ਟਰ' (United Nations) ਹੋਂਦ ਵਿਚ ਆਈ। ਇਸੇ ਸਮੇਂ ਦੌਰਾਨ ਵਖ-ਵਖ ਦੇਸ਼ਾਂ ਵਿਚ ਇਸ ਸੰਸਥਾਂ ਦੀਆਂ ਅਤੇ ਇਸ ਸੰਸਥਾ ਦੇ ਉਦੇਸ਼ਮੂਲਕ ਕਈ ਸੰਸਥਾਵਾਂ ਹੋਂਦ ਵਿਚ ਆਈਆਂ, ਜੋ ਕਿ ਮਨੁਖੀ ਅਧਿਕਾਰਾਂ ਨਾਲ ਸੰਬੰਧਤ ਸਮਸਿਆਵਾਂ ਨੂੰ ਹੱਲ ਕਰਨ ਦੇ ਵਾਸਤੇ ਯਤਨਸ਼ੀਲ ਰਹਿੰਦੀਆਂ ਹਨ। ਸੰਯੁਕਤ ਰਾਸ਼ਟਰ' ਰਾਹੀਂ 10 ਦਸੰਬਰ, 1948 ਦੇ ਵਿਚ ਪਹਿਲੀ ਵਾਰ ਮਨੁਖੀ ਅਧਿਕਾਰ ਲਿਖਤ ਦੇ ਰੂਪ ' ਵਿਚ ਹੋਂਦ ਵਿਚ ਆਏ, ਜਿਨ੍ਹਾਂ ਨੂੰ The Universal Declaration of Human Rights (1948) ਦਾ ਨਾਮ ਦਿਤਾ ਗਿਆ, ਜਿਸ ਵਿਚ ਵਖ-ਵਖ ਮਨੁਖੀ ਅਧਿਕਾਰਾਂ ਸੰਬੰਧੀ 30 ਆਰਟੀਕਲ ਸ਼ਾਮਿਲ ਹਨ। ਇਹ ਘੋਸ਼ਣਾ ਪਤਰ ਬਿਨਾਂ ਕਿਸੇ ਭੇਦ-ਭਾਵ ਦੇ ਮਨੁਖਤਾ ਵਿਚ ਸਹਿਯੋਗ ਅਤੇ ਸਹਿਹੋਂਦ ਪ੍ਰਤੀ ਹੈ, ਜਿਸ ਦਾ ਮੁਖ ਆਧਾਰ ਮਨੁਖੀ ਆਜ਼ਾਦੀ, ਨਿਆਂ ਅਤੇ ਸ਼ਾਂਤੀ ਹੈ। ਸੰਯੁਕਤ ਰਾਸ਼ਟਰ ਨੇ ਮਨੁਖੀ ਅਧਿਕਾਰਾਂ ਸੰਬੰਧੀ :ਪਾਸ ਕੀਤੇ ਐਲਾਨਨਾਮੇ ਵਿਚ ਜੋ ਪ੍ਰਣ ਕੀਤਾ, ਉਹ ਇਸ ਤਰ੍ਹਾਂ ਹੈ

ਮੈਂਬਰ ਮੁਲਕਾਂ ਨੇ ਸੰਯੁਕਤ ਰਾਸ਼ਟਰ ਦੇ ਸਹਿਯੋਗ ਨਾਲ ਇਹ ਪ੍ਰਣ ਕੀਤਾ ਹੈ ਕਿ ਉਹ ਮਨੁੱਖੀ ...“ ਅਧਿਕਾਰਾਂ ਅਤੇ ਬੁਨਿਆਦੀ ਆਜ਼ਾਦੀਆਂ ਦੇ ਹੱਕ ਵਿਚ ਖਲੋਣ ਤੇ ਉਨ੍ਹਾਂ ਦੀ ਪਾਲਣਾ ਦੇ ਵਰਤਾਰੇ ਨੂੰ ਵਿਸ਼ਵਵਿਆਪੀ ਸਤਿਕਾਰ ਰਖਦਿਆਂ ਉਤਸ਼ਾਹਤ ਕੀਤਾ ਜਾਏਗਾ, ਜਦਕਿ ਇਨ੍ਹਾਂ ਹੱਕਾਂ ਤੇ ਆਜ਼ਾਦੀਆਂ ਦੀ ਸਾਂਝੀ ਸਮਝ ਉਕਤ ਪ੍ਰਣ ਨੂੰ ਪੂਰੀ ਤਰ੍ਹਾਂ ਸਾਕਾਰ ਕਰਨਾ ਇਕ ਅਤਿ ਮਹਤਵਪੂਰਣ ਗੱਲ ਹੈ। ਇਸ ਲਈ ਹੁਣ ਯੂ. ਐਨ. ਓਦੀ ਜਨਰਲ ਅਸੈਂਬਲੀ ਐਲਾਨ ਕਰਦੀ ਹੈ ਕਿ ਮਨੁੱਖੀ ਅਧਿਕਾਰਾਂ ਬਾਰੇ ਵਿਸ਼ਵਵਿਆਪੀ ਐਲਾਨਨਾਮਾ ਸਭਨਾਂ ਲੋਕਾਂ ਤੇ ਸਭਨਾਂ ਮੁਲਕਾਂ ਦੀਆਂ ਸਾਂਝੀਆਂ ਪ੍ਰਾਪਤੀਆਂ ਦਾ ਇਕ ਮਾਪ ਦੰਡ ਹੈ ਅਤੇ ਜਿਸ ਦਾ ਉਦੇਸ਼ ਹੈ ਕਿ ਹਰ ਇਕ ਵਿਅਕਤੀ ਤੇ ਸਮਾਜ ਦਾ ਹਰੇਕ ਅੰਗ ਇਸ ਐਲਾਨਨਾਮੇ ਨੂੰ ਹਮੇਸ਼ਾਂ ਧਿਆਨ ਵਿਚ ਰਖਦਿਆਂ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀਆਂ ਪ੍ਰਤੀ ਸਤਿਕਾਰ ਨੂੰ ਉਤਸ਼ਾਹਤ ਕਰਦਿਆਂ ਇਸ ਸੰਬੰਧੀ ਲੋਕਾਂ ਨੂੰ ਸਿਖਿਅਤ ਕਰੇਗਾ ਅਤੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਉਤੇ ਉਸਾਰੂ ਕਦਮ

ਚੁਕੇਗਾ, ਉਨ੍ਹਾਂ ਅਧਿਕਾਰਾਂ ਤੇ ਆਜ਼ਾਦੀਆਂ ਦੀ ਸੰਸਾਰ ਪੱਧਰੀ ਅਤੇ ਪ੍ਰਭਾਵਸ਼ਾਲੀ ਮਾਨਤਾ ਤੇ ਪਾਲਣਾ ਕਰਵਾਏਗਾ ਅਤੇ ਇਹ ਕੰਮ ਮੈਂਬਰ ਮੁਲਕ ਆਪਣੇ ਆਪਣੇ ਮੁਲਕਾਂ ਵਿਚ ਉਨਹਾਂ ਦੇ ਅਧਿਕਾਰ ਹੇਠ ॥ ''ਆਉਂਦੇ ਇਲਾਕਿਆਂ ਵਿਚ ਵੀ ਕਰਨਗੇ

## 7.4. ਮਨੁਖੀ ਅਧਿਕਾਰਾਂ ਬਾਰੇ ਸੰਧੀਆਂ

ਸੰਯੁਕਤ ਰਾਸ਼ਟਰ ਦੀ ਸਥਾਪਨਾ ਅਤੇ ਅੰਤਰਰਾਸ਼ਟਰੀ ਮਨੁਖੀ ਅਧਿਕਾਰਾਂ ਦੇ ਐਲਾਨਨਾਮੇ ਤੋਂ ਬਾਅਦ ਅੰਤਰਰਾਸ਼ਟਰੀ ਪਧਰ 'ਤੇ ਮਨੁਖੀ ਅਧਿਕਾਰਾਂ ਦੀ ਲਹਿਰ ਨੂੰ ਸਥਾਪਤ ਅਤੇ ਪ੍ਰਸਾਰਣ ਦਾ ਯਤਨ ਕੀਤਾ ਗਿਆ, ਜਿਸ ਵਿਚ ਵਿਸ਼ਵ ਦੇ ਸਾਰੇ ਲੋਕਾਂ ਦੇ ਸਾਂਝੇ ਮੰਤਵਾਂ ਅਤੇ ਉਦੇਸ਼ਾਂ ਨੂੰ ਮਨੁਖੀ ਇਤਿਹਾਸ ਵਿਚ ਵਿਚ ਪਹਿਲੀ ਵਾਰ ਸੰਗਠਿਤ ਕੀਤਾ ਗਿਆ। ਇਸ ਅਨੁਸਾਰ ਸਾਰੇ ਲੋਕ ਆਪਣੇ ਨਿਜੀ, ਰਾਜੀਨਿਤਕ, ਆਰਥਿਕ, ਸਮਾਜਕ ਅਤੇ ਸਭਿਆਚਾਰਕ ਹੱਕਾਂ ਨੂੰ ਮਾਣ ਸਕਣਗੇ। ਅੰਤਰਰਾਸ਼ਟਰੀ ਮੁਲਾਂ ਨੂੰ ਧਿਆਨ ਵਿਚ ਰਖਦੇ ਹੋਏ 'ਕੋਰ ਅੰਤਰਾਸ਼ਟਰੀ ਮਨੁਖੀ ਅਧਿਕਾਰ ਸੰਧੀਆਂ' ਕੀਤੀਆਂ ਗਈਆਂ, ਜਿਸ ਨੂੰ ਕੋਈ ਵੀ ਸਟੇਟ ਇਸਦਾ ਮੈਂਬਰ ਬਣਕੇ ਅਪਣਾ ਸਕਦੀ ਹੈ। ਇਸ ਲਈ ਹਰ ਇਕ ਸਟੇਟ ਨੂੰ ਇਹ ਵਿਸ਼ਵਾਸ਼ ਦਿਵਾਉਣਾ ਪਵੇਗਾ ਕਿ ਉਸਦਾ ਨਾਗਰਿਕ ਸੰਧੀਆਂ ਵਿਚ ਦਰਜ਼ ਅੰਤਰਰਾਸ਼ਟਰੀ ਮਨੁਖੀ ਅਧਿਕਾਰਾਂ ਦੀ ਵਰਤੋਂ ਕਰ ਸਕੇ। ਇਹਨਾਂ ਸੰਧੀਆਂ ਦੀ ਗਿਣਾਤੀ ਨੌਂ ਹੈ, ਜੋ ਕਿ ਆਰਥਿਕ, ਸਮਾਜਕ, ਸਭਿਆਚਾਰਕ, ਨਿਜੀ, ਰਾਜਨੀਤਕ, ਹਰ ਤਰ੍ਹਾਂ ਦੇ ਨਸਲੀ ਅਤੇ ਲਿੰਗ ਵਿਤਕਰੇ, ਔਰਤਾਂ, ਬਚਿਆਂ, ਪਰਵਾਸੀਆਂ ਅਤੇ ॥ਅਪਾਹਜ ਵਿਅਕਤੀਆਂ ਦੇ ਮਨੁਖੀ ਅਧਿਕਾਰਾਂ ਨੂੰ ਆਪਣੇ ਘੇਰੇ ਵਿਚ ਲੈਂਦੀਆਂ ਹਨ

:ਇਹ ਸੰਧੀਆਂ ਹੇਠ ਲਿਖੇ ਅਨੁਸਾਰ ਹਨ

1. International Convention on the Elimination of All Forms of Racial Discrimination (ICERD) (21 December 1965)
2. International Covenant on Civil and Political Rights (ICCPR) (16 December 1966)
3. International Covenant on Economic, Social and Cultural Rights (ICESCR) (16 December 1966)
4. Convention on the Elimination of All Forms of Discrimination against Women (CEDAW) (18 December 1979)
5. Convention against Torture and Other Cruel, Inhuman or Degrading Treatment or Punishment (CAT) (10 December 1984)
6. Convention on the Rights of the Child (CRC) (20 November 1989)
7. International Convention on Protection of the Rights of All Migrant Workers and Members of Their Families (ICMRW) (18 December 1990)

8. Convention on the Rights of Persons with Disabilities (CRPD) (13 December 2006)
9. International Convention for the Protection of All Persons from Enforced Disappearance (ICP APED) (20 December 2006)

### 7.5. ਮਨੁਖੀ ਅਧਿਕਾਰ ਅਤੇ ਧਰਮ

ਸੰਸਾਰ ਵਿਚ 'ਸੰਯੁਕਤ ਰਾਸ਼ਟਰ' ਦੀ ਪ੍ਰਭਾਵਸ਼ਾਲੀ ਅਤੇ ਮਹਤਵਪੂਰਣ ਭੂਮਿਕਾ ਤੋਂ ਬਾਅਦ ਅਤੇ ਵਿਸ਼ਵ ਦੇ ਪ੍ਰਮੁਖ ਧਰਮਾਂ ਨੇ ਮਨੁਖੀ ਅਧਿਕਾਰਾਂ ਨੂੰ ਆਪਣੇ ਧਾਰਮਿਕ ਅਕੀਦਿਆਂ, ਮਨੌਤਾਂ ਅਤੇ ਵਿਵਹਾਰ ਨਾਲ ਸੰਬੰਧਤ ਕਰਕੇ ਮਨੁਖੀ ਅਧਿਕਾਰਾਂ ਦੀ ਵਿਆਖਿਆ ਕਰਨੀ ਸ਼ੁਰੂ ਕਰ ਦਿਤੀ। ਹਰ ਧਰਮ ਮਨੁਖੀ ਸਮਾਜ ਦੀ ਵਖ-ਵਖ ਸਮਸਿਆਵਾਂ ਨੂੰ ਆਪਣੇ ਪਧਰ 'ਤੇ ਨਜਿੱਠਣ ਦੀ ਕੋਸ਼ਿਸ਼ ਕਰਦਾ ਹੈ ਅਤੇ ਆਪਣੇ ਵਰਗ ਦੇ ਲੋਕਾਂ ਲਈ ਕੁਝ ਨਿਯਮ ਵੀ ਨਿਸ਼ਚਤ ਕਰਦਾ ਹੈ, ਜੋ ਕਿ ਵਿਅਕਤੀਗਤ ਵੀ ਹੁੰਦੇ ਹਨ ਅਤੇ ਵਿਸ਼ਵ-ਵਿਆਪੀ ਵੀ। ਧਰਮ ਦੇ ਇਕ ਮੁਖ ਕਾਰ ਆਦਰਸ਼ਕ ਸਮਾਜ ਦੀ ਸਥਾਪਨਾ ਕਰਨਾ ਹੈ, ਜਿਸ ਵਿਚ ਮਨੁਖੀ ਸਤੁੰਤਰਤਾ, ਸਮਾਜਕ ਬਰਾਬਰੀ, ਸ਼ਾਂਤੀ ਅਤੇ ਨਿਆਂ ਦੀ ਵਿਵਸਥਾ ਦੀ ਜਰੂਰਤ ਹੁੰਦੀ ਹੈ ਅਤੇ ਇਹ ਇਕ ਆਦਰਸ਼ਕ ਸਮਾਜ ਦੇ ਮੁਢਲੇ ਫ਼ਰਜ਼ ਹਨ। 'ਸੰਯੁਕਤ ਰਾਸ਼ਟਰ' ਦੇ ਵਿਸ਼ਵਵਿਆਪੀ ਐਲਾਨਨਾਮੇ ਦੇ ਆਰਟੀਕਲ 18 ਪੈਰ੍ਹਾ 2 ਵਿਚ ਧਰਮ ਦੀ ਆਜ਼ਾਦੀ ਸੰਬੰਧੀ ਦਰਜ਼ ਹੈ ਕਿ:

> ਹਰ ਇਕ ਵਿਅਕਤੀ ਨੂੰ ਵਿਚਾਰਾਂ ਦੀ ਆਜ਼ਾਦੀ ਹੈ, ਜ਼ਮੀਰ ਦੀ ਆਜ਼ਾਦੀ ਹੈ ਅਤੇ ਧਰਮ ਦੀ " ਆਜ਼ਾਦੀ ਹੈ। ਇਸ ਅਧਿਕਾਰ ਵਿਚ ਆਪਣਾ ਧਰਮ ਜਾਂ ਵਿਸ਼ਵਾਸ਼ ਬਦਲਣ ਦਾ ਹੱਕ ਹੈ। ਇਸ ਵਿਚ ਉਸਨੂੰ ਇਕੱਲੇ ਜਾਂ ਭਾਈਚਾਰਕ ਰੂਪ ਵਿਚ, ਗੁਪਤ ਜਾਂ ਪ੍ਰਗਟ ਰੂਪ ਵਿਚ ਆਪਣੇ ਧਰਮ ਦੀਆਂ ਸਿਖਿਆਵਾਂ ਦੇਣ ਦਾ, ਰਵਾਇਤਾਂ ਕਾਇਮ ਰਖਣ ਦਾ, ਪਾਠ ਪੂਜਾ ਕਰਨ ਦਾ ਅਤੇ ॥ "ਤਿਉਹਾਰ ਵਗੈਰਾ ਮਨਾਉਣ ਦਾ ਹੱਕ ਵੀ ਸ਼ਾਮਲ ਹੈ

ਧਰਮ ਅਤੇ ਵਿਸ਼ਵਾਸ਼ ਦੇ ਆਧਾਰ 'ਤੇ ਕਿਸੇ ਵੀ ਤਰ੍ਹਾਂ ਦੇ ਵਿਤਕਰੇ ਅਤੇ ਅਸਹਿਣਸ਼ੀਲਤਾ ਸੰਬੰਧੀ ਸੰਯੁਕਤ ਰਾਸ਼ਟਰ' ਦੀ ਨਵੰਬਰ 1981 ਦੀ ਆਮ ਇਕਤਰਤਾ ਵਿਚ ਕੀਤੇ ਐਲਾਨਨਾਮੇ ਦੇ ਆਰਟੀਕਲ 6 ' ਵਿਚ ਆਰੀਕਲ 1 ਦੇ ਪੈਰ੍ਹਾ 3 ਅਨੁਸਾਰ ਧਰਮ ਅਤੇ ਵਿਸ਼ਵਾਸ਼ ਦੀ ਮਹਤਤਾ, ਆਜ਼ਾਦੀ ਅਤੇ ਅਭਿਆਸ :ਵਿਚ ਹੇਠ ਲਿਖੇ ਆਜ਼ਾਦੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ

1. ਕਿਸੇ ਵੀ ਧਰਮ ਜਾਂ ਵਿਸ਼ਵਾਸ਼ ਦੀ ਪੂਜਾ ਦੇ ਇਕੱਠ, ਸਥਾਪਨਾ ਅਤੇ ਸਥਾਨਾਂ ਦੇ ਸੰਭਾਲ ਦੀ
2. ਮਨੁਖਤਾ ਅਤੇ ਲੋਕ-ਭਲਾਈ ਸੰਸਥਾਵਾਂ ਦੀ ਸਥਾਪਨਾ ਅਤੇ ਸੰਭਾਲ ਦੀ
3. ਕਿਸੇ ਵੀ ਧਰਮ ਜਾਂ ਵਿਸ਼ਵਾਸ਼ ਦੇ ਰੀਤੀ-ਰਿਵਾਜ਼ਾਂ ਅਤੇ ਰਵਾਇਤਾਂ ਜ਼ਰੂਰੀ ਲੇਖਾਂ ਅਤੇ ਸਮਾਨ ਦੀ ਵਰਤੋਂ ਦੀ
4. ਉਪਰੋਕਤ ਖੇਤਰ ਦੇ ਮੁਦਿਆਂ ਦੇ ਪ੍ਰਸਾਰ ਸੰਬੰਧੀ ਲਿਖਣ ਅਤੇ ਪ੍ਰਕਾਸ਼ਤ ਕਰਨ ਦੀ

5. ਧਰਮ ਜਾਂ ਵਿਸ਼ਵਾਸ਼ ਦੀ ਯੋਗ ਸਥਾਨਾਂ ‘ਤੇ ਅਧਿਆਪਨ ਦੀ
6. ਇਛਾਮੂਲਕ ਵਿਅਕਤੀਗਤ ਅਤੇ ਸੰਸਥਾਗਤ ਵਿਤੀ ਸਹਾਇਤਾ ਪ੍ਰਾਪਤ ਕਰਨ ਦੀ
7. ਕਿਸੇ ਵੀ ਧਰਮ ਜਾਂ ਵਿਸ਼ਵਾਸ਼ ਦੀ ਜਰੂਰੀ ਪਧਰ ਦੀ ਮਜ਼ਬੂਤੀ ਲਈ ਯੋਗ ਨੇਤਾਵਾਂ ਦੀ ਸਿਖ਼ਲਾਈ, ਨਿਯੁਕਤੀ ਅਤੇ ਚੋਣ ਦੀ
8. ਕਿਸੇ ਵੀ ਧਰਮ ਜਾਂ ਵਿਸ਼ਵਾਸ਼ ਸੰਬੰਧੀ ਤਿਉਹਾਰਾਂ ਦੇ ਜਸ਼ਨ ਲਈ ਛੁਟੀਆਂ ਅਤੇ ਆਰਾਮ-ਦਿਨਾਂ ਦੀ
9. ਧਰਮ ਅਤੇ ਵਿਸ਼ਵਾਸ਼ ਦੇ ਵਿਅਕਤੀਗਤ ਅਤੇ ਵਰਗਾਂ ਵਿਚ ਸੰਚਾਰ ਦੀ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਥਾਪਨਾ ਅਤੇ ਸੰਭਾਲ ਦੀ

ਇਸ ਤਰ੍ਹਾਂ ਮਨੁਖੀ ਅਧਿਕਾਰ ਸੰਗਠਨਾਂ ਵਿਚ ਧਰਮ ਦੀ ਆਜ਼ਾਦੀ ਅਤੇ ਉਸਦੇ ਵਿਹਾਰ ਜਾਂ ਅਭਿਆਸ ਸੰਬੰਧੀ ਕਾਨੂੰਨ ਅਤੇ ਸੰਧੀਆਂ ਸਥਾਪਤ ਹੋਈਆਂ ਹਨ, ਜਿਸ ਕਰਕੇ ਧਰਮ ਅਤੇ ਮਨੁਖੀ ਅਧਿਕਾਰਾਂ ਦੀਆਂ ਸੰਸਥਾਵਾਂ ਵਿਚ ਕਈ ਤਰ੍ਹਾਂ ਦੇ ਰਿਸ਼ਤੇ ਸਥਾਪਤ ਹੋਏ ਹਨ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪਧਰ ‘ਤੇ ਇਹਨਾਂ ਅਧਿਕਾਰਾਂ ਦੀ ਵਿਸ਼ੇਸ਼ ਮਹਤਤਾ ਹੈ, ਜਿਹੜੀ ਕਿ ਕਈ ਵਾਰ ਖੇਤਰੀ ਪਧਰ ‘ਤੇ ਉਸ ਤਰ੍ਹਾਂ ॥ਵਿਖਾਈ ਨਹੀਂ ਦਿੰਦੀ

## 7.6. ਸਿਖ-ਸਿਧਾਂਤ ਅਤੇ ਮਨੁਖੀ ਅਧਿਕਾਰ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਜੀਵਨ ਦਾ ਮੂਲ਼ ਆਧਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਰਾਹੀਂ “ਸ਼ਬਦ-ਸਭਿਅਤਾ” ਦੇ ਪਾਸਾਰ ਪ੍ਰਗਟ ਹੋਏ ਹਨ, ਜਿਨ੍ਹਾਂ ਦਾ ਅਭਿਆਸ, ਸਿਖ ਧਰਤੀ ਦੇ ਵਖ-ਵਖ ਕੋਨਿਆਂ ‘ਤੇ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਵਿਚ ਦਰਜ ਗੁਰੂ ਨਾਨਕ ਬਾਣੀ ਰਾਹੀਂ ਸਾਨੂੰ ਬਾਬਰ ਦੇ ਹਮਲੇ ਦਾ ਪਤਾ ਲਗਦਾ ਹੈ, ਜਿਸ ਰਾਹੀਂ ਬਾਬਰ ਦੇ ਜ਼ੁਲਮਾਂ ਨੂੰ ਮਨੁਖਤਾ ਦੇ ਸੰਦਰਭ ਵਿਚ ਪ੍ਰਸ਼ਨਮਈ ਕੀਤਾ ਗਿਆ। ਉਸ ਸਮੇਂ ਦੇ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਹਾਲਤਾਂ ਦੇ ਅਨੁਸਾਰ ਮਨੁਖੀ ਅਧਿਕਾਰਾਂ ਦਾ ਜੋ ਹਨਨ ਹੋਇਆ ਸੀ, ਉਸਦੇ ਉਪਰ ਇਹ ਕਥਨ ਇਤਿਹਾਸਕ ਦਸਤਾਵੇਜ਼ ਵਜੋਂ ਵੀ ਦਰਜ਼ ਹੈ ਕਿ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ॥

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸ ਪੁਰੀ ਵਿਚਿ ਆਖੁ ਮਸੋਲਾ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿਦੁਸਤਾਨੁ ਸਮਾਲਸੀ ਬੋਲਾ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦਾ ਕਾ ਚੇਲਾ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ: 723)

ਇਨ੍ਹਾਂ ਪੰਕਤੀਆਂ ਦੇ ਵਿਚੋਂ ਨਾ ਕੇਵਲ ਮਨੁਖ ਦੇ ਅਧਿਕਾਰਾਂ ਪ੍ਰਤੀ ਸੰਕੇਤ ਮਿਲਦਾ ਹੈ ਬਲਕਿ ਦੂਸਰੇ ਮਨੁਖ ਪ੍ਰਤੀ ਉਸਦੀ ਜ਼ਿੰਮੇਵਾਰੀ ਵੀ ਗੁਰੂ ਸਾਹਿਬ ਨੇ ਦਰਸਾਈ ਹੈ। ਇਕ ਸਮਾਜ ਦੇ ਵਿਚ ਹੀ ਰਹਿੰਦੇ ਹੋਏ ਜੇਕਰ ਮਨੁਖ ਰਹੇ ਤਾਂ ਉਹ ਬਿਨਾ ਭੇਦ ਭਾਵ ਪ੍ਰੇਮ ਅਤੇ ਭਾਈਚਾਰੇ ਦੇ ਨਾਲ ਉਹ ਆਪਣਾ ਜੀਵਨ ਬਸਰ ਕਰ ਸਕਦਾ ਹੈ। ਇਸੀ ਭਾਵਨਾ ਦੇ ਵਿਚ ਹੀ ਜੀਵਨ ਦੇ ਵਿਚ ਧਰਮ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਇਹ ਉਦੋਂ ਹੀ ਸੰਭਵ ਹੈ ਜਦੋਂ ਮਨੁਖ ਆਪਣੇ ਅਤੇ ਦੂਸਰੇ ਮਨੁਖ ਦੇ ਅਧਿਕਾਰਾਂ ਦੇ ਪ੍ਰਤੀ ਜਿੰਮੇਵਾਰੀ ਹੋਵੇ। ਮਨੁਖੀ ਕਦਰਾਂ ਕੀਮਤਾਂ ਜਦੋਂ ਸਮਾਜ ਦੇ ਵਿਚੋਂ ਅਲੋਪ ਹੋ ਰਹੀਆਂ ਹਨ ਉਦੋਂ ਮਨੁਖ ਨਾ ਕੇਵਲ ਗੈਰ ਮਨੁਖੀ ਵਰਤਾਰਾ ਕਰਦਾ ਹੈ ਸਗੋਂ ਉਹ ਆਪਣੇ ਆਪ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ। ਇਸ ਕਾਰਨ ਹੀ ਮਨੁਖ ਦੂਸਰੇ ਮਨੁਖ ਦੇ ਨਾਲ ਗੈਰ ਬਰਾਬਰੀ ਦਾ ਵਰਤਾਰਾ ਵੀ ਕਰਦਾ ਹੈ। ਇਸ ਸਥਿਤੀ ਦਾ ਸਭ ਤੋਂ ਜ਼ਿਅਦਾ ਸਾਹਮਣਾ ਮਜ਼ਲੂਮ ਔਰਤਾਂ ਅਤੇ ਬੱਚਿਆਂ ਨੂੰ ਕਰਨਾ ਪੈਂਦਾ ਹੈ। ਜੋ ਵਿਅਕਤੀ ਜ਼ਿਆਦਾ ਤਾਕਤਵਰ ਹੁੰਦਾ ਹੈ ਉਹ ਆਪਣੇ ਜ਼ੋਰ ਨਾਲ ਜਬਰਦਸਤੀ ਦੇ ਨਾਲ ਟਕਰ ਲੈ ਲੈਂਦਾ ਹੈ ਪਰੰਤੂ ਦੂਸਰਾ ਮਨੁਖ ਜੋ ਕਿ ਬਲ ਵਿਚ ਕਮਜ਼ੋਰ ਹੁੰਦਾ ਹੈ ਆਪਣੇ ਹੱਕ ਦੇ ਵਾਸਤੇ ਖੜ੍ਹਾ ਨਹੀਂ ਹੋ ਸਕਦਾ ਹੈ। ਅਜਿਹੀ ਸਥਿਤੀ ਦੇ ਵਿਚ ਸਮਾਜ ਦੇ ਵਿਚ ਭੇਦ-ਭਾਵ, ਹਉਮੈ, ਈਰਖਾ ਜਿਹੀ ਭਾਵਨਾ ਦਾ ਵਿਕਾਸ ਹੁੰਦਾ ਹੈ ਜੋ ਕਿ ਨਾ ਕੇਵਲ ਇਕ ਮਨੁਖ ਦੇ ਵਾਸਤੇ ਬਲਕਿ ਸਾਰੇ ਸਮਾਜ ਦੇ ਲਈ ਘਾਤਕ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਦੌਰਾਨ ਵਿਭਿੰਨ ਸੰਪਰਦਾਵਾਂ ਦੇ ਮੋਢੀਆਂ, ਜੋਗੀਆਂ, ਸਿਧਾਂ, ਆਮ ਲੋਕਾਂ, ਰਾਜਿਆਂ ਆਦਿ ਨਾਲ ਮੁਲਾਕਾਤ ਕੀਤੀ ਅਤੇ ਉਹਨਾਂ ਨਾਲ ਕੀਤੇ ਸੰਵਾਦ ਵਿਚ ਮਨੁਖੀ ਕਦਰਾਂ ਕੀਮਤਾਂ ਨੂੰ ਜੀਵਨ ਦੇ ਵਿਚ ਧਾਰਨ ਕਰਨਾ ਪ੍ਰਮੁਖ ਸੀ। ਉਹਨਾਂ ਦੇ ਮਨੁਖਤਾ ਨੂੰ ਇਕ ਸੂਤਰ ਦੇ ਵਿਚ ਪਿਰੋਣ ਵਾਸਤੇ ਦੂਸਰੇ ਮਨੁਖਾਂ ਪ੍ਰਤੀ ਵਿਸ਼ਵਾਸ, ਬਰਾਬਰੀ ਸਹਿਣਸ਼ੀਲਤਾ, ਏਕਤਾ ਆਦਿ ਦੇ ਸੰਦੇਸ਼ ਸੀ। ਗੁਰੂ ਸਾਹਿਬ ਨੇ ਸੰਗਤ ਪ੍ਰਥਾ ਦੇ ਦੁਆਰਾ ਬਰਾਬਰੀ ਅਤੇ ਭਾਈਚਾਰੇ ਦੀ ਸਦਭਾਵਨਾ ਨੂੰ ਦ੍ਰਿੜ੍ਹ ਕਰਵਾਇਆ। ਗੁਰੂ ਨਾਨਕ ਤੋਂ ਬਾਅਦ ਆਉਣ ਵਾਲੇ ਉਹਨਾਂ ਦੇ ਉਤਰਾਧਿਕਾਰੀਆਂ ਨੇ ਵੀ ਇਸ ਪ੍ਰਥਾ ਨੂੰ ਬਰਕਰਾਰ ਰਖਿਆ ਅਤੇ ਕਈ ਹੋਰ ਪ੍ਰਥਾਵਾਂ ਵੀ ਚਲਾਈਆਂ ਜੋ ਕਿ ਮਨੁਖੀ ਬਰਾਬਰੀ ਨੂੰ ਮੁੱਖ ਰੱਖਦੇ ਹੋਏ ਚਲਾਈ ਗਈਆਂ ਸਨ। ਮਨੁਖੀ ਅਧਿਕਾਰਾਂ ਦਾ ਜੋ ਸਿਧਾਂਤਕ ਅਭਿਆਸ ਸਿਖੀ ਰਾਹੀਂ ਹੋਇਆ ਹੈ, ਉਹ ਆਪਣੇ ਆਪ ਵਿਚ ਬਹੁਤ ਮਹਤਵਪੂਰਣ ਹੈ, ਜਿਸ ਵਿਚ ਉਚ-ਨੀਚ, ਜਾਤ-ਪਤਾ ਜਾਂ ਕਿਸੇ ਵੀ ਤਰ੍ਹਾਂ ਦੇ ਅਣਮਨੁਖੀ ਵਿਵਹਾਰ ਨੂੰ ਸਮਰਥਨ ਨਹੀਂ ਹੈ। ਧਰਤੀ ‘ਤੇ ਨੀਵੇਂ ਕਰ ਦਿਤੇ ਗਏ ਲੋਕਾਂ ਨੂੰ ਸਿਖੀ ਵਿਚ ਉਤਮ ਸਥਾਨ ‘ਤੇ ਮੰਨਿਆ ਗਿਆ ਹੈ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਸ੍ਰੀ ਗੁਰੂ ਗ੍ਰੰਥ ਸਾਹਿਬ, 15)

ਗੁਰੂ ਸਾਹਿਬ ਪਹਿਲੇ ਤੋਂ ਹੀ ਮਨੁਖੀ ਅਧਿਕਾਰਾਂ ਦੇ ਪ੍ਰਤੀ ਸਜਗ ਸਨ ਅਤੇ ਉਹਨਾਂ ਨੇ ਆਪਣੀ ਬਾਣੀ ਵਿਚ ਲਗਾਤਾਰ ਇਸ ਦੀ ਵਿਆਖਿਆ ਕੀਤੀ। ਅਕਾਲ ਪੁਰਖ ਨੇ ਸਭ ਨੂੰ ਬਣਾਇਆ ਹੈ ਤਾਂ ਉਸਦੀ ਬਣਾਈ ਹੋਈ ਰਚਨਾ ਅਤੇ ਜੀਵਾਂ ਦੇ ਨਾਲ ਕੋਈ ਭੇਦ ਭਾਵ ਨਹੀਂ ਕੀਤਾ ਜਾ ਸਕਦਾ। ਕਿਸੀ ਵੀ ਰੂਪ, ਰੰਗ, ਨਸਲ ਦਾ ਵਿਅਕਤੀ ਹੋਵੇ, ਉਹ ਆਕਲਪੁਰਖ਼ ਦੇ ਘਰ ਪ੍ਰਵਾਨ ਹੈ। ਅਕਾਲ ਪੁਰਖ ਨੇ ਹੀ ਜਦੋਂ ਹਰ ਮਨੁਖ ਨੂੰ ਅਲਗ-ਅਲਗ ਬਣਾਇਆ ਹੈ ਤਾਂ ਸਾਨੂੰ ਕਿਸੀ ਨੂੰ ਵੀ ਮੰਦਾ ਕਹਿਣ ਦਾ ਕੋਈ ਵੀ ਅਧਿਕਾਰ ਨਹੀਂ ਹੈ। ਗੁਰੂ ਨਾਨਕ ਸਾਹਿਬ ਨੇ ਮਨੁਖੀ ਅਧਿਕਾਰਾਂ ਦੇ ਵਾਸਤੇ ਜਿਥੇ ਉਸ ਸਮੇਂ ਦੀ ਰਾਜਨੀਤਿਕ ਸਤਾ ਦੇ ਅਭਿਆਸ ਨੂੰ ਪ੍ਰਸ਼ਨਮਈ ਕੀਤਾ, ਉਥੇ ਗੁਰੂ ਨਾਨਕ ਸਾਹਿਬ ਦੀਆਂ ਆਰੰਭ ਕੀਤੀਆਂ ਹੋਈਆਂ ਸੰਸਥਾਵਾਂ ਨੂੰ ਉਹਨਾਂ ਦੇ ਉਤਰਾਅਧਿਕਾਰੀਆਂ ਨੇ ਅੱਗੇ ਵਧਾਇਆ।

ਮਨੁਖੀ ਅਧਿਕਾਰਾਂ ਦੇ ਸਿਧਾਂਤ ਦੇ ਸੰਦਰਭ ਵਿਚ ਗੁਰੂ ਅਮਰਦਾਸ ਜੀ ਨੇ ਇਸਤਰੀਆਂ ਸੰਬੰਧੀ ਸਤੀ ਪ੍ਰਥਾ ਨੂੰ ਖਤਮ ਕਰਨਾ ਅਤੇ ਪੰਗਤ ਦੇ ਨਿਯਮ ਨੂੰ ਸਥਾਪਿਤ ਕਰਨਾ ਮਨੁਖੀ ਇਤਿਹਾਸ ਦੇ ਵਡੇ ਬਦਲਾਅ ਹਨ। ਗੁਰੂ ਫੁਰਮਾਣ ਕਿ "ਪਹਿਲੇ ਪੰਗਤਿ ਪਾਛੇ ਸੰਗਤਿ" ਮਨੁਖੀ ਅਧਿਕਾਰਾਂ ਦੇ ਸੰਦਰਭ ਵਿਚ ਕੇਵਲ ਸਿਧਾਂਤਕ ਹੀ ਨਹੀਂ ਬਲਕਿ ਇਸਦਾ ਅਭਿਆਸ ਸਿਖ ਬਿਨਾਂ ਕਿਸੇ ਜਾਤ, ਨਸਲ, ਭੇਦ, ਰੰਗ ਦਾ ਫਰਕ ਕਰਕੇ ਇਕ ਪੰਗਤ ਦੇ ਵਿਚ ਬੈਠਕੇ ਅਭਿਆਸ ਵੀ ਕਰ ਰਹੇ ਹਨ। ਅਜਿਹਾ ਕਰਨ ਨਾਲ ਜਿਥੇ ਭਾਈਚਾਰਕ ਭਾਵਨਾ ਮਜ਼ਬੂਤ ਹੋਈ ਹੈ, ਉਥੇ ਸੰਸਾਰ ਪਧਰ 'ਤੇ ਇਸ ਦਾ ਵਿਸ਼ੇਸ਼ ਮਹਤਵ ਵੀ ਦਰਜ਼ ਹੋਇਆ ਹੈ। ਗੁਰੂ ਸਾਹਿਬਾਨ ਦੁਆਰਾ ਮਨੁਖੀ ਜੀਵਨ ਦੇ ਉਚਤਮ ਉਦੇਸ਼ਾਂ ਲਈ ਉਸਦੇ ਮਨ-ਮਸਤਕ ਨੂੰ ਉਚੇ ਗਿਆਨ-ਪ੍ਰਬੰਧ ਨਾਲ ਅਮੀਰ ਕੀਤਾ, ਜਿਸ ਕਰਕੇ ਇਸ ਧਰਤੀ ਉਪਰ ਵਡੇ ਸਮਾਜਿਕ ਅਤੇ ਇਤਿਹਾਸਕ ਪੱਧਰ ਦੇ ਪਰਿਵਰਤਨ ਦਿਖਾਈ ਦਿਤੇ।

### 7.7 ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਅਤੇ ਮਨੁਖੀ ਅਧਿਕਾਰ

ਮਨੁਖੀ ਅਧਿਕਾਰਾਂ ਨੂੰ ਸੰਦਰਭ ਵਿਚ ਅਸੀਂ ਗੁਰੂ ਸਾਹਿਬਾਨ ਦੁਆਰਾ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਚ ਦਰਜ਼ *ਸੰਗਤ, ਪੰਗਤ, ਗੁਰਮੁਖ, ਸੇਵਾ, ਪ੍ਰੇਮ* ਆਦਿ ਸੰਕਲਪਾਂ ਰਾਹੀਂ ਦੇਖ ਸਕਦੇ ਹਨ ਕਿ ਸਿਖ ਗੁਰੂ ਸਾਹਿਬਾਨ ਨੇ ਕਿਸ ਤਰ੍ਹਾਂ ਨਵੇਂ ਸੰਸਾਰ ਦੀ ਸਿਰਜਣਾ ਦਾ ਆਧਾਰ ਸਿਰਜਿਆ ਅਤੇ ਅਭਿਆਸ ਵੀ ਕੀਤਾ। ਇਸੇ ਅਭਿਆਸ ਵਿਚ ਇਕ ਮਹਤਵਪੂਣ ਵਰਤਾਰਾ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਹੈ। ਕਸ਼ਮੀਰ ਦੇ

ਬ੍ਰਾਹਮਣਾਂ ਦੀ ਹੋਂਦ, ਪਛਾਣ ਅਤੇ ਹਸਤੀ ਦੀ ਰਖਿਆ ਲਈ ਗੁਰੂ ਤੇਗ਼ ਬਹਾਦਰ ਜੀ ਦਾ ਸ਼ਹੀਦ ਹੋਣਾ ਵਿਸ਼ਵ ਦੇ ਇਤਿਹਾਸ ਵਿਚ ਇਕਮਾਤਰ ਵਿਸ਼ੇਸ਼ ਘਟਨਾ ਹੈ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਧਰਮ ਜਾਂ ਵਿਸ਼ਵਾਸ਼ ਦੇ ਕਿਸੇ ਵੀ ਅਭਿਆਸ ਦੀ ਰਖਿਆ ਦੀ ਪ੍ਰਤੀਕ ਤੇ ਸੂਚਕ ਹੈ, ਜਿਸ ਰਾਹੀਂ ਮਨੁਖੀ ਅਧਿਕਾਰਾਂ ਦੇ ਸੰਦਰਭ ਵਿਚ ਸਿਖੀ ਦੀ ਮਹਤਵਪੂਰਣ ਭੂਮਿਕਾ ਹੈ। ਬ੍ਰਾਹਮਣ ਦੀ ਪੂਜਾ-ਅਰਚਨਾ ਅਤੇ ਵਿਸ਼ਵਾਸ਼ ਦੇ ਪ੍ਰਤੀਕਾਂ ਦੀ ਰਖਿਆ ਲਈ ਆਪਣੀ ਸ਼ਹਾਦਤ ਤਕ ਦੇ ਦੇਣਾ ਸਿਖ-ਵਿਵਹਾਰ ਦੇ ਹਿਸੇ ਆਇਆ ਹੈ। ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਧਰਮ ਦੇ ਅਧਿਆਤਮਕ, ਗਿਆਨਮਈ ਅਤੇ ਕੁਦਰਤੀ ਅਭਿਆਸ ਦੀ ਆਜ਼ਾਦੀ, ਵਿਅਕਤੀਗਤ ਧਰਮ-ਪਰੰਪਰਾ ਦੇ ਵਿਸ਼ਵਾਸ਼ ਦੀ ਆਜ਼ਾਦੀ, ਮਨੁਖੀ ਅਧਿਕਾਰਾਂ ਦੇ ਸੰਦਰਭ ਵਿਚ ਮਨੁਖ ਦੇ ਜੀਵਨ ਜੀਣ ਦੇ ਮੂਲ਼ ਅਧਿਕਾਰ ਦੀ ਰਾਖੀ ਆਦਿ ਨੂੰ ਚਿੰਨ੍ਹਤ ਕਰਦੀ ਹੈ, ਜਿਸਨੂੰ ਗੁਰੂ ਗੋਬਿੰਦ ਸਿੰਘ ਨੇ ਦਰਜ਼ ਕੀਤਾ ਹੈ:

ਹਰੀ ਕ੍ਰਿਸਨਿ ਤਿਨ ਕੇ ਸੁਤ ਵਏ। ਤਿਨ ਤੇ ਤੇਗ ਬਹਾਦੁਰ ਭਏ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ। ਸੀਸੁ ਦੀਯਾ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ। ਪ੍ਰਭ ਲੋਗਨ ਕਹ ਆਵਤ ਲਾਜਾ॥
ਦੋਹਰਾ॥ ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥ (ਬਿਚਿਤ੍ਰ ਨਾਟਕ, ਅਧਿਆਇ 5)

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਧਾਰਮਿਕ ਅਤੇ ਵਿਅਕਤੀਗਤ ਆਜ਼ਾਦੀ ਕਰਕੇ ਮਨੁਖਤਾ ਲਈ ਆਦਰਸ਼ਕ ਸ੍ਰੋਤ ਹੋਣ ਦੇ ਨਾਲ ਸਿਧਾਂਤ ਨੂੰ ਵਿਵਹਾਰ ਵਿਚ ਪਲਟਣ ਦੀ ਵਿਸ਼ਵ ਸਾਹਮਣੇ ਅਦੁਤੀ ॥ਉਦਾਹਰਣ ਹੈ

## 7.8 ਖ਼ਾਲਸਾ ਅਤੇ ਮਨੁਖੀ ਅਧਿਕਾਰ

ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਖਾਲਸੇ ਦੀ ਸਿਰਜਣਾ ਮਨੁਖੀ ਅਧਿਕਾਰਾਂ ਦੀ ਰਾਖੀ ਦੇ ਸੰਦਰਭ ਵਿਚ ਇਕ ਮਹਵਤਪੂਰਣ ਉਦਾਹਰਣ ਹੈ। ਪਹਿਲਾ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਅਤੇ ਉਸ ਤੋਂ ਬਾਅਦ ਉਹਨਾਂ ਕੋਲੋਂ ਆਪ ਅੰਮ੍ਰਿਤ ਛਕਣਾ 'ਆਪੇ ਗੁਰ ਚੇਲਾ' ਦੇ ਨਵੇਂ ਸੰਕਲਪ ਦੀ ਸਥਾਪਨਾ ਹੈ। ਖ਼ਾਲਸੇ ਦੀ ਸਿਰਜਣਾ ਜਾਤ ਪਾਤ ਦੀ ਪ੍ਰਥਾ ਦਾ ਖੰਡਨ ਹੋਇਆ ਅਤੇ ਲੋਕਾਂ ਵਿਚ ਪ੍ਰੇਮ, ਭਾਈਚਾਰੇ ਅਤੇ ਬਰਾਬਰੀ/ਸਮਾਨਤਾ ਦੇ ਸੰਕਲਪ ਦੀ ਸਥਾਪਨਾ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਮਨੁਖਤਾ ਨੂੰ ਇਕ ਜਾਤੀ ਮੰਨਦੇ ਹੋਏ ਆਪਣੇ ਸਿਧਾਂਤ ਅਤੇ ਆਦਰਸ਼ ਨੂੰ ਸਪਸ਼ਟ ਕੀਤਾ ਕਿ:

ਕੋਇ ਭਇਓ ਮੁੰਡੀਆ ਸੰਨਿਆਸੀ ਕੋਉ ਜੋਗੀ ਭਇਓ
ਕੋਇ ਬ੍ਰਹਮਚਾਰੀ ਕੋਉ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਹਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ
ਖਾਕ ਬਾਦ ਆਤਿਸ਼ ਔ ਆਬ ਕੋ ਰਲਾਉ ਹੈ॥
ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਓਂਕ ਹੀ ਸਰੂਪ ਸਬੈ ਏਕ ਹੀ ਬਨਾਯੁ ਹੈ॥ (ਅਕਾਲ ਉਸਤਤ, ਬੰਦ 85, 86)

ਮਨੁਖੀ ਸਵੈਮਾਣ, ਧਰਮ ਦੀ ਆਜ਼ਾਦੀ ਅਤੇ ਮਨੁਖੀ ਅਧਿਕਾਰਾਂ ਦੀ ਰਖਿਆ ਲਈ ਗੁਰੂ ਸਾਹਿਬ ਨੇ ਖ਼ਾਲਸੇ ਦੇ ਹੱਥ ਤੇਗ਼ ਫੜਾਈ ਸੀ। ਖ਼ਾਲਸੇ ਦੁਆਰਾ ਗੁਰੂ ਸਾਹਿਬਾਨ ਦੇ ਸਿਧਾਂਤਾਂ ਦਾ ਅਭਿਆਸ ਇਤਿਹਾਸ ਦੇ ਪੰਨਿਆਂ 'ਤੇ ਦਰਜ਼ ਹੈ ਅਤੇ ਅਜ ਵੀ ਸਿਖ, ਗੁਰੂ ਦੁਆਰਾ ਬਖ਼ਸ਼ਿਸ਼ 'ਸਰਬਤ ਦੇ ਭਲੇ' ਦੀ ਸੇਵਾ ਅਤੇ ਸਰਬਤ ਦੇ ਅਧਿਕਾਰਾਂ ਦੀ ਰਾਖੀ ਲਈ ਕਾਰਜ ਕਰ ਰਹੇ। ਸਿਖੀ ਦੇ ਵਿਚ ਮਨੁੱਖੀ ਅਧਿਕਾਰਾਂ ਦੇ ਪ੍ਰਤੀ ਜੋ ਚੇਤਨਾ ਹੈ ਉਸਦੀ ਇਕ ਮਹਤਵਪੂਰਣ ਉਦਾਹਰਣ ਬਾਬਾ ਬੰਦਾ ਸਿੰਘ ਬਹਾਦਰ ਹੈ, ਜਿਸਨੇ ਵਰਤਮਾਨ ਹਕੂਮਤ ਨਾਲ ਜੰਗਾਂ ਕਰਕੇ ਆਮ ਵਿਅਕਤੀ ਨੂੰ ਉਸਦੀ ਗ਼ੁਲਾਮੀ ਤੋਂ ਮੁਕਤ ਕੀਤਾ ਅਤੇ ਪਹਿਲੀ ਵਾਰ ਲੋਕ-ਰਾਜ ਦੀ ਸਥਾਪਨਾ ਕੀਤੀ। ਬਾਬਾ ਬੰਦਾ ਬਹਾਦਰ ਦੀ ਫੌਜ ਵਿਚ ਕੇਵਲ ਸਿਖ ਸਿਪਾਹੀ ਹੀ ਨਹੀਂ ਸਨ, ਬਲਕਿ ਹਿੰਦੂ ਅਤੇ ਮੁਸਲਮਾਨ ਸਿਪਾਹੀ ਵੀ ਉਤਨੀ ਹੀ ਗਿਣਤੀ ਵਿਚ ਸਨ। ਸਿਖਾਂ ਨੇ ਹਮੇਸ਼ਾ ਗੁਰੂ ਸਾਹਿਬਾਨ ਦੇ ਦਿਖਾਏ ਹੋਏ ਰਸਤੇ ਦੇ ਉਪਰ ਚਲਣ ਦਾ ਯਤਨ ਕੀਤਾ ਹੈ ਅਤੇ ਉਹਨਾਂ ਦੁਆਰਾ ਚਲਾਈ ਗਈਆਂ ਸੰਸਥਾਵਾਂ ਦੇ ਉਪਰ ਯਕੀਨ ਰਖਦੇ ਹੋਏ ਭਾਈਚਾਰੇ ਅਤੇ ਸਾਂਝੀਵਾਲਤਾ ਦਾ ਅਭਿਆਸ ਕਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ। ਸਿਖਾਂ ਦੁਆਰਾ ਜੋ ਮਨੁਖੀ ਅਧਿਕਾਰਾਂ ਦੇ ਵਿਚ ਸਭ ਤੋਂ ਵਡਾ ਯੋਗਦਾਨ ਹੈ ਉਹ, ਦੂਸਰੇ ਵਿਅਕਤੀ ਦੇ ਅਧਿਕਾਰਾਂ ਨੂੰ ਸਥਾਪਿਤ ਕਰਨ ਅਤੇ ਆਜ਼ਾਦੀ ਮਾਨਣ ਲਈ ਵਚਨਬਧ ਹੋਣਾ ਹੈ।

## 7.9 ਸਾਰ

- ਮਨੁਖੀ ਅਧਿਕਾਰਾਂ ਬਾਰੇ ਸੰਵਿਧਾਨਕ ਅਤੇ ਕਾਨੂੰਨੀ ਰੂਪ ਵਿਚ 'ਸੰਯੁਕਤ ਰਾਸ਼ਟਰ' ਸੰਸਥਾ 1948 ॥ਵਿਚ ਹੋਂਦ ਵਿਚ ਆਈ
- ਮਨੁਖੀ ਅਧਿਕਾਰਾਂ ਦੇ ਸੰਦਰਭ ਵਿਚ ਪ੍ਰਮੁਖ ਤੌਰ 'ਤੇ ਨੌ ਸੰਧੀਆਂ ਹੋਈਆਂ ਅਤੇ ਇਸਦੇ ਨਾਲ ਵਖ-॥ਵਖ ਦੇਸ਼ਾਂ ਵਿਚ ਕਈ ਤਰ੍ਹਾਂ ਦੇ ਸਮਝੌਤੇ ਹੋਏ
- ਮਨੁਖੀ ਅਧਿਕਾਰਾਂ ਵਿਚ ਕਿਸੇ ਵੀ ਧਰਮ ਜਾਂ ਵਿਸ਼ਵਾਸ਼ ਨੂੰ ਮੰਨਣ ਵਾਲਿਆਂ ਦੀ ਆਜ਼ਾਦੀ ਲਈ ॥ਵਿਸ਼ੇਸ਼ ਅਧਿਕਾਰ ਦਿਤੇ ਗਏ ਹਨ
- ॥ਸਿਖੀ ਸਿਧਾਂਤ ਮਨੁਖੀ ਅਧਿਕਾਰਾਂ ਦੇ ਸੰਦਰਭ ਵਿਚ ਵਧੇਰੇ ਅਭਿਆਸਮੁਖੀ ਹਨ

- ਗੁਰੂ ਤੇਗ਼ ਬਹਾਦਰ ਜੀ ਸ਼ਹਾਦਤ ਅਤੇ ਖ਼ਾਲਸੇ ਦੀ ਸਿਰਜਣਾ ਮਨੁਖੀ ਅਧਿਕਾਰਾਂ ਸੰਬੰਧੀ ਵਿਸ਼ੇਸ਼ ॥ਪ੍ਰਤੀਕ ਹਨ, ਜਿਨ੍ਹਾਂ ਤੋਂ ਵਿਸ਼ਵ ਸੇਧ ਲੈ ਸਕਦਾ ਹੈ

## 7.10 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ


- Corradetti, C. (ed.), 2012, *Philosophical Dimensions of Human Rights*, New York: Springer.
- Crisp, R. (ed.), 2014, *Griffin on Human Rights*, Oxford: Oxford University Press.
- Cruft, R., Liao, S., and Renzo, M. (eds.), 2015, *Philosophical Foundations of Human Rights*, Oxford: Oxford University Press.
- Ernst, G. and Heilinger, J. (eds.), 2011, *The Philosophy of Human Rights: Contemporary Controversies*, Berlin: De Gruyter.
- Etinson, A. (ed.), 2018, *Human Rights: Moral or Political?*, Oxford: Oxford University Press.
- Hayden, P. (ed.), 2001, *The Philosophy of Human Rights*, St. Paul, MN: Paragon Press.
- Holder, C. and Reidy, D., (eds.), 2013, *Human Rights: The Hard Questions*, Cambridge: Cambridge University Press.
- Maliks, R. and Schaffer, J., (eds.) 2017, *Moral and Political Conceptions of Human Rights*, Cambridge: Cambridge University Press.
- Witte John and M. Christian Green (2011), *Religion and Human Rights: An Introduction*, New York: Oxford University Press.


## 7.11. ਅਭਿਆਸ ਲਈ ਪ੍ਰਸ਼ਨ

**ਪ੍ਰਸ਼ਨ 1.** ਮਨੁਖੀ ਅਧਿਕਾਰਾਂ ਬਾਰੇ ਤੁਸੀਂ ਕੀ ਜਾਣਦੇ ਹੋ?

ਪ੍ਰਸ਼ਨ 2. 'ਸੰਯੁਕਤ ਰਾਸ਼ਟਰ' ਦੀ ਸਥਾਪਨਾ ਬਾਰੇ ਦਸੋ।

ਪ੍ਰਸ਼ਨ 3. ਮਨੁਖੀ ਅਧਿਕਾਰਾਂ ਵਿਚ ਧਰਮ ਦੀ ਕੀ ਵਿਆਖਿਆ ਹੈ?

ਪ੍ਰਸ਼ਨ 4. ਮਨੁਖੀ ਅਧਿਕਾਰ ਅਤੇ ਸਿਖੀ-ਸਿਧਾਂਤ ਦੇ ਸੰਬੰਧ ਦਸੋ।

ਪ੍ਰਸ਼ਨ 5. ਮਨੁਖੀ ਅਧਿਕਾਰਾਂ ਦੀ ਵਿਆਖਿਆ ਲਈ ਸਿਖ-ਇਤਿਹਾਸ ਵਿਚੋਂ ਉਦਾਹਰਣਾਂ ਦਿਓ।

## PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

---

### UNIT VIII- EQUALITY

---

**STRUCTURE**

8.0 ਉਦੇਸ਼

8.1 ਜਾਣ-ਪਛਾਣ

8.2 ਸਮਾਨਤਾ ਦਾ ਅਧਿਕਾਰ : ਪਰਿਭਾਸ਼ਾ ਅਤੇ ਸੰਕਲਪ

8.2.1 ਪਰਿਭਾਸ਼ਾ

8.2.2 ਸੰਕਲਪ

8.3 ਸਮਾਨਤਾ ਅਤੇ ਧਰਮ

8.4 ਸਮਾਨਤਾ ਅਤੇ ਸਿੱਖ-ਸਿਧਾਂਤ

8.4.1 ਮਨੁੱਖੀ-ਜੀਵਨ

8.4.2 ਕਿਰਤ-ਪ੍ਰਸੰਗ

8.4.3 ਪੰਗਤ ਦਾ ਦਰਸ਼ਨ

8.5 ਸਮਾਨਤਾ ਦਾ ਵਿਵਹਾਰਕ ਪਖ

8.5.1 ਸਮਾਜਕ-ਪ੍ਰਸੰਗ

8.5.2 ਆਰਥਿਕ ਅਤੇ ਰਾਜਨੀਤਕ ਵਰਤਾਰਾ

8.5.3 ਅਧਿਆਤਮਕ ਪ੍ਰਾਪਤੀ

8.6 ਸਾਰ

8.7 ਵਿਸਤਰਿਤ ਵਿਚ ਪੜ੍ਹਣ ਲਈ ਪੁਸਤਕਾਂ

8.8 ਅਭਿਆਸ ਲਈ ਪ੍ਰਸ਼ਨ

## 8.0 ਉਦੇਸ਼

- ਸਮਾਨਤਾ ਦੇ ਅਧਿਕਾਰ ਬਾਰੇ ਜਾਣਨਾ।
- ਸਮਾਨਤਾ ਦੇ ਅਧਿਕਾਰ ਅਤੇ ਧਰਮ ਦੇ ਆਪਸੀ ਸੰਬੰਧਾਂ ਬਾਰੇ ਜਾਣਨਾ।
- ਸਿੱਖ-ਧਰਮ ਅਨੁਸਾਰ ਸਮਾਨਤਾ ਦੇ ਸੰਕਲਪ ਬਾਰੇ ਸਮਝਣਾ।

## 8.1. ਜਾਣ-ਪਛਾਣ

ਸਮਾਨਤਾ ਲੋਕਤੰਤਰ ਦਾ ਬੁਨਿਆਦੀ ਅਧਿਕਾਰ ਮੰਨਿਆ ਜਾਂਦਾ ਹੈ। ਇਸ ਅਧਿਕਾਰ ਦੀ ਪ੍ਰਾਪਤੀ ਦੇ ਲਈ ਮਨੁੱਖ ੀ ਇਤਿਹਾਸ ਦੇ ਵਿਚ ਵਖ-ਵਖ ਦੇਸ਼ਾਂ ਅਤੇ ਸਥਾਨਾਂ 'ਤੇ ਬਹੁਤ ਸਾਰੇ ਸੰਘਰਸ਼ ਹੋਏ ਹਨ। ਲੋਕਤੰਤਰੀ ਜਾਂ ਵਿਵਸਥ ਸਮਾਜਾਂ ਦੀ ਸਥਾਪਨਾ ਤੋਂ ਪਹਿਲਾਂ ਵਿਸ਼ਵ ਦੇ ਵਖ-ਵਖ ਸਮੂਹਾਂ, ਵਰਗਾਂ, ਕਬੀਲਿਆਂ, ਨਸਲਾਂ, ਕੌਮਾਂ ਅਤੇ ਦੇਸ਼ਾਂ ਵਿਚ ਜ਼ਮੀਨ ਅਤੇ ਖੇਤਰ ਨੂੰ ਲੈ ਕੇ ਆਪਸੀ ਸੰਘਰਸ਼ ਅਤੇ ਝਗੜਾ ਸੀ, ਜੋ ਕਿ ਅਜ ਵੀ ਕਈ ਦੇਸ਼ਾਂ ਦੀਆਂ ਸਰਹਦਾਂ ਨੂੰ ਲੈ ਕੇ ਦੇਖਿਆ ਜਾ ਸਕਦਾ ਹੈ। ਇਹਨਾਂ ਝਗੜਿਆਂ ਦੌਰਾਨ ਦੂਸਰੇ ਸਮੂਹ ਦੇ ਲੋਕਾਂ ਨੂੰ ਗੁਲਾਮੀ ਬਣਾਉਣ ਦੀਆਂ ਵੀ ਰਵਾਇਤਾਂ ਬਣੀਆਂ ਹੋਈਆਂ ਸਨ, ਜਿਸ ਵਿਚ ਮਨੁੱਖਾਂ ਦੀ ਖਰੀਦ ਫ਼ਰੋਖ਼ਤ ਵੀ ਸ਼ਾਮਿਲ ਸੀ। ਇਸ ਤਰ੍ਹਾਂ ਮਨੁੱਖੀ ਦੇ ਜੀਵਨ ਜੀਉਣ ਦੇ ਬੁਨਿਆਦੀ ਅਧਿਕਾਰਾਂ (ਸੁਤੰਤਰਤਾ, ਸਮਾਨਤਾ, ਨਿਆਂ) ਆਦਿ ਤੋਂ ਹੀ ਮਨੁੱਖ ਨੂੰ ਵੰਚਿਤ ਕਰ ਦਿੱਤਾ ਗਿਆ ਸੀ। ਸਮਾਨਤਾ ਅਤੇ ਨਿਆਂ ਕੇਵਲ ਕੁਝ ਸੀਮਤ ਲੋਕਾਂ ਦੇ ਵਾਸਤੇ ਹੀ ਸਨ।

## 8.2. ਸਮਾਨਤਾ ਦਾ ਅਧਿਕਾਰ : ਪਰਿਭਾਸ਼ਾ ਅਤੇ ਸੰਕਲਪ

### 8.2.1 ਪਰਿਭਾਸ਼ਾ

ਲੋਕਤੰਤਰ ਦੇ ਵਿਚ ਸਮਾਨਤਾ ਦਾ ਮਹਤਵ ਸੁਤੰਤਰਤਾ ਜਿੰਨਾ ਹੀ ਹੈ। ਇਸੀ ਕਾਰਨ ਇਸ ਨੂੰ ਲਗਭਗ ਵਿਸ਼ਵ ਦੇ ਸਾਰੇ ਦੇਸ਼ਾਂ ਨੇ ਆਪਣੇ ਬੁਨਿਆਦੀ ਅਧਿਕਾਰਾਂ ਦੀ ਸੂਚੀ ਵਿਚ ਸਥਾਨ ਦਿੱਤਾ ਹੋਇਆ ਹੈ। ਸੰਯੁਕਤ ਰਾਸ਼ਟਰ ਸੰਘ ਨੇ ਜੋ ਮਨੁੱਖੀ ਅਧਿਕਾਰਾਂ ਦੀ ਜੋ ਸੂਚੀ ਬਣਾਈ ਹੈ, ਉਸਦੇ ਵਿਚ ਸਮਾਨਤਾ ਦੇ ਅਧਿਕਾਰ ਨੂੰ ਸਭ ਤੋਂ ਪਹਿਲਾਂ ਅਧਿਕਾਰ ਦਿੱਤਾ ਗਿਆ ਹੈ। ਸੰਯੁਕਤ ਰਾਸ਼ਟਰ ਸੰਘ ਦੇ ਮਨੁੱਖੀ ਅਧਿਕਾਰਾਂ ਦੇ ਐਲਾਨਨਾਮੇ ਦੇ ਬਾਰੇ ਜੋ ਐਲਾਨਨਾਮਾ 1948 ਦੇ ਵਿਚ ਕੀਤਾ ਗਿਆ ਸੀ, ਉਸਦੇ ਵਿਚ ਸਮਾਨਤਾ ਦੇ ਬਾਰੇ ਹੇਠ ਲਿਖੇ ਅਨੁਸਾਰ ਪ੍ਰੀਭਾਸ਼ਤ ਕੀਤਾ ਗਿਆ:

> "ਸਮਾਨਤਾ ਦਾ ਅਰਥ ਹੈ ਅਵਸਰਾਂ ਦੀ ਸਮਾਨਤਾ। ਜਿਸਦੇ ਅਨੁਸਾਰ ਸਾਰੇ ਹੀ ਮਨੁੱਖ ਕਾਨੂੰਨ ਦੀ ਨਜ਼ਰ ਵਿਚ ਬਰਾਬਰ ਹਨ ਅਤੇ ਬਿਨਾ ਕਿਸੇ ਵੀ ਪੱਖਪਾਤ ਦੇ ਕਾਨੂੰਨ ਦੀ ਬਰਾਬਰ ਸੁਰਖਿਆ ਦੇ ਹੱਕਦਾਰ ਹਨ। ਉਹਨਾਂ ਨੂੰ ਕੰਮ ਕਰਨ ਅਤੇ ਰੋਜ਼ਗਾਰ ਕਮਾਨ ਦੇ ਸਮਾਨ ਅਵਸਰ ਦਿੱਤੇ ਜਾਣ, ਉਹ ਵੀ ਬਿਨਾ ਉਹਨਾਂ ਦੀ ਜਾਤ, ਰੰਗ, ਧਰਮ ਅਤੇ ਭਾਸ਼ਾ ਜਾਣੇ।"

ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਸਮਾਨਤਾ ਨੂੰ ਚਾਰ ਭਾਗਾਂ ਦੇ ਵਿਚ ਵੰਡਿਆ ਜਾ ਸਕਦਾ ਹੈ:

- ਸਮਾਨਤਾ ਨੂੰ ਬਚਾਉਣ ਅਤੇ ਭੇਦ-ਭਾਵ ਨੂੰ ਰੋਕਣ ਲਈ ਸੰਰਚਨਾਤਮਕ ਵਿਧੀਆਂ।
- ਭੇਦ-ਭਾਵ ਦੀ ਇਛਾ ਰਖਣ ਵਾਲੇ ਨੂੰ ਇਕ ਜਰੂਰੀ ਤਤ ਵਜੋਂ ਸਮਸਿਆ ਮੰਨਣਾ।
- ਨਿਆਂ ਅਤੇ ਅਨਿਆਂ ਵਿਚਕਾਰ ਸਮਸ਼ਟ ਰੇਖਾ ਖਿਚਣੀ।
- ਬਿਨਾਂ ਭੇਦ-ਭਾਵ ਨੂੰ ਬਚਾਉਣ ਲਈ ਲਗਾਤਾਰ ਖਾਸ ਤਰੀਕਿਆਂ ਨੂੰ ਮਾਪਣਾ।

### 8.2.2 ਸੰਕਲਪ

ਸਮਾਨਤਾ ਦਾ ਸੰਕਲਪ ਬਹੁਤ ਹੀ ਪੁਰਾਤਨ ਹੈ। ਪ੍ਰਾਚੀਨ ਸਮੇਂ ਦੇ ਵਿਚ ਇਹ ਸੰਕਲਪ ਆਪਣੇ ਕੁਦਰਤੀ ਸਰੂਪ ਵਿਚ ਸੀ ਅਤੇ ਆਪਣੇ ਸਿਧਾਂਤਾਂ ਦੇ ਅਨੁਸਾਰ ਚਲਦਾ ਸੀ, ਪਰੰਤੂ ਜਦੋਂ ਮਨੁੱਖ ਨੇ ਵਿਕਾਸ ਦੀ ਰਾਹ ਅਪਣਾਈ ਤਾਂ ਉਸ ਸਮੇਂ ਸਮਾਜ ਵਿਚ ਸਮਾਨਤਾ ਦਾ ਸਥਾਨ ਅਤੇ ਮਹਤਵ ਸਥਾਪਤ ਨਹੀਂ ਰਿਹਾ। ਇਹ ਵੀ ਕਿਹਾ ਜਾ ਸਕਦਾ ਹੈ ਕਿ ਜਿਸ ਵਰਤਾਰੇ ਨੂੰ ਮਨੁੱਖ ੀ ਵਿਕਾਸ ਰਾਹੀਂ ਪ੍ਰੀਭਾਸ਼ਤ ਕੀਤਾ ਜਾਂਦਾ ਹੈ, ਉਸ ਵਿਚ ਸਮਾਨਤਾ ਦੇ ਅਰਥ ਅਤੇ ਪ੍ਰਸੰਗ ਬਦਲ ਗਏ। ਅਰਸਤੂ ਨੇ ਸਭ ਤੋਂ ਪਹਿਲਾਂ ਇਸ ਸਿਧਾਂਤ ਬਾਰੇ ਦੱਸਿਆ। ਅਰਸਤੂ ਨੇ ਨਿਆਂ ਦੀ ਧਾਰਨਾ ਦਾ ਵਿਸ਼ਲੇਸ਼ਣ ਕਰਦੇ ਹੋਏ ਇਸਦੀ ਦੋ ਭਾਗਾਂ ਵਿਚ ਵੰਡ ਕੀਤੀ:

- ਆਮ ਨਿਆਂ
- ਖਾਸ ਨਿਆਂ

ਆਮ ਲੋਕਾਂ ਦੇ ਲਈ ਨਿਆਂ ਨੂੰ ਅਰਸਤੂ ਨੇ ਸਮਾਨਤਾ ਦਾ ਨਾਂ ਦਿੱਤਾ, ਇਸ ਤੋਂ ਬਾਅਦ ਉਸਨੇ ਖਾਸ ਨਿਆਂ ਨੂੰ ਵੀ ਦੋ ਭਾਗਾਂ ਦੇ ਵਿਚ ਵੰਡਿਆ:

- ਸੁਧਾਰਤਮਕ ਨਿਆਂ
- ਨਿਰੰਤਰ ਨਿਆਂ

ਸੁਧਾਰਾਤਮਕ ਨਿਆਂ ਦਾ ਉਦੇਸ਼ ਸਮਾਜ ਦੇ ਵਿਚ ਆਈ ਅਸਮਾਨਤਾ ਨੂੰ ਦੂਰ ਕਰਨਾ ਹੈ ਅਤੇ ਨਿਰੰਤਰ ਨਿਆਂ ਦਾ ਮੁੱਖ ਉਦੇਸ਼ ਸਮਾਜ ਦੇ ਬੇਹਤਰੀਨ ਲੋਕਾਂ ਦੇ ਵਿਚ ਬਰਾਬਰਤਾ ਸਥਾਪਿਤ ਕਰਨਾ ਸੀ।

ਸਮਾਨਤਾ ਮਨੁੱਖ ਾਂ ਦੇ ਬੁਨਿਆਦੀ ਅਧਿਕਾਰਾਂ ਵਿਚੋਂ ਸਭ ਤੋਂ ਪਹਿਲਾ ਅਧਿਕਾਰ ਹੈ। ਸਮਾਨਤਾ ਦੇ ਅਧਿਕਾਰ ਤੋਂ ਭਾਵ ਇਹ ਹੈ ਕਿ ਹਰ ਵਿਅਕਤੀ ਬੇਸ਼ਕ ਉਹ ਕਿਸੀ ਵੀ ਧਰਮ, ਰੰਗ, ਜਾਤੀ, ਨਸਲ, ਭਾਸ਼ਾ ਦੇ ਹੋਵੇ ਉਸ ਦੇ ਨਾਲ ਸਮਾਨ ਵਿਹਾਰ ਕਰਨਾ ਉਹ ਵੀ ਬਿਨਾ ਕਿਸੇ ਭੇਦਭਾਵ ਦੇ। ਸਮਾਨਤਾ ਦਾ ਅਧਿਕਾਰ ਮਨੁੱਖ ਦੇ ਬੁਨਿਆਦੀ ਅਧਿਕਾਰਾਂ ਵਿਚੋਂ ਸਭ ਤੋਂ ਪਹਿਲਾ ਅਧਿਕਾਰ ਹੈ। ਇਹਨਾਂ ਅਧਿਕਾਰਾਂ ਨੂੰ ਰਾਜ/ਦੇਸ਼ ਆਪਣੇ ਸੰਵਿਧਾਨ ਦੇ ਅਨੁਸਾਰ ਆਪਣੇ ਨਾਗਰਿਕਾਂ ਦੇ ਵਾਸਤੇ ਕੁਝ ਨਿਯਮਾਂ ਦੇ ਨਾਲ ਸੁਰੱਖਿਅਤ ਕਰਦਾ ਹੈ। ਵਿਸ਼ਵ ਦੇ ਲਗਭਗ ਸਾਰੇ ਹੀ ਦੇਸ਼ਾਂ ਦੇ ਵਿਚ ਸਮਾਨਤਾ ਦੇ ਅਧਿਕਾਰ ਨੂੰ ਮਾਨਤਾ ਮਿਲੀ ਹੋਈ ਹੈ। ਸਮਾਨਤਾ ਦੇ ਅਧਿਕਾਰ ਦੇ ਵਿਚ ਰਾਜਨੀਤਿਕ ਸਮਾਨਤਾ, ਆਰਥਿਕ ਅਤੇ ਸਮਾਜਿਕ ਸਮਾਨਤਾ ਵੀ ਆਉਂਦੀਆਂ ਹਨ। ਇਸੇ ਤਰ੍ਹਾਂ ਹੀ ਅਧਿਐਨ ਦੇ ਖੇਤਰ ਵਿਚ ਵੀ ਇਸ ਸਮਾਨਤਾ ਦੇ ਇਸ ਮੁੱਢਲੇ ਆਦਰਸ਼ ਨੂੰ ਅਪਣਾਇਆ ਗਿਆ ਹੈ। ਕਾਨੂੰਨ, ਰਾਜਨੀਤੀ, ਦਰਸ਼ਨ ਸ਼ਾਸਤਰ ਅਤੇ ਧਰਮ ਸ਼ਾਸਤਰ ਦੇ ਖੇਤਰ ਵਿਚ ਸਮਾਨਤਾ ਦੇ ਅਧਿਕਾਰ ਦੀ ਵਿਆਖਿਆ ਆਪਣੇ ਅਨੁਸਾਰ ਕੀਤੀ ਹੈ।

1776 ਵਿਚ ਅਮਰੀਕਾ ਦੇ ਵਿਚ ਕ੍ਰਾਂਤੀ ਹੋਈ ਅਤੇ ਇਸ ਕ੍ਰਾਂਤੀ ਦੇ ਜਲਦੀ ਬਾਅਦ ਹੀ ਅਮਰੀਕਾ ਨੇ ਆਪਣੀ ਆਜ਼ਾਦੀ ਦੀ ਘੋਸ਼ਣਾ ਕਰ ਦਿਤੀ। ਅਮਰੀਕਾ ਨੇ ਜਦੋਂ ਆਪਣੀ ਆਜ਼ਾਦੀ ਦਾ ਘੋਸ਼ਣਾ ਪਤਰ ਜਾਰੀ ਕੀਤਾ ਤਾਂ ਉਸ ਵਿਚ ਇਹ ਕਿਹਾ ਗਿਆ ਸੀ ਕਿ "ਅਸੀਂ ਇਸ ਸੱਚਾਈ ਨੂੰ ਸਵੈ ਸਿਧ ਮੰਨਦੇ ਹਾਂ ਕਿ ਜਨਮ ਦੇ ਸਮੇਂ ਸਾਰੇ ਹੀ ਮਨੁੱਖ ਇਕ ਸਮਾਨ ਹੁੰਦੇ ਹਨ।" ਅਮਰੀਕਾ ਦੀ ਕ੍ਰਾਂਤੀ ਤੋਂ ਬਾਅਦ ਜਦੋਂ 1789 ਦੇ ਅੰਤ ਵਿਚ ਫਰਾਂਸੀਸੀ ਕ੍ਰਾਂਤੀ ਨੇ ਸਾਮੰਤੀ ਵਰਗ, ਰਾਜਸ਼ਾਹੀ ਅਤੇ ਨੌਕਰਸ਼ਾਹੀ ਦੇ ਖਿਲਾਫ਼ ਵਿਦਰੋਹ ਦੇ ਸਮੇਂ ਆਪਣੀ ਆਜ਼ਾਦੀ ਦਾ ਉਦੇਸ਼ "ਸੁਤੰਤਰਤਾ, ਸਮਾਨਤਾ ਅਤੇ ਭਾਈਚਾਰਾ" ਨੂੰ ਚੁਣਿਆ ਅਤੇ ਸਥਾਪਤ ਕੀਤਾ। ਆਜ਼ਾਦੀ ਦੇ ਜਾਰੀ ਐਲਾਨਨਾਮੇ ਵਿਚ ਕਿਹਾ ਗਿਆ ਕਿ "ਸਾਰੇ ਹੀ ਵਿਅਕਤੀ ਸੁਤੰਤਰ ਪੈਦਾ ਹੋਏ ਹਨ ਅਤੇ ਹਮੇਸ਼ਾ ਲਗਾਤਾਰ ਸੁਤੰਤਰ ਰਹਿੰਦੇ ਹੋਏ ਆਪਣੇ ਅਧਿਕਾਰਾਂ ਦੇ ਸੰਦਰਭ ਵਿਚ ਸਾਰੇ ਸਮਾਨ ਹਨ।"

ਸਮਾਨਤਾ ਅਤੇ ਸੁਤੰਤਰਤਾ ਦੇ ਸੰਕਲਪ ਇਕ-ਦੂਜੇ ਉਤੇ ਨਿਰਭਰ ਹਨ। ਸਮਾਨਤਾ ਤੋਂ ਬਿਨਾ ਕਿਸੇ ਵੀ ਤਰ੍ਹਾਂ ਦੀ ਸੁਤੰਤਰਤਾ ਸੰਭਵ ਨਹੀਂ ਹੈ। ਇਸੇ ਤਰ੍ਹਾਂ ਬਿਨਾ ਸੁਤੰਤਰਤਾ ਦੇ ਕਿਸੇ ਵੀ ਤਰ੍ਹਾਂ ਦੀ ਸਮਾਨਤਾ ਸੰਭਵ ਹੋਣੀ ਮੁਸ਼ਕਿਲ ਹੈ। ਕਿਸੇ ਵੀ ਧਰਤੀ ‘ਤੇ ਇਕਠੇ ਰਹਿ ਰਹੇ ਲੋਕਾਂ ਜਾਂ ਨਾਗਰਿਕਾਂ ਦੇ ਅਧਿਕਾਰ ਸਮਾਨ ਹੋਣੇ ਜਰੂਰੀ ਹਨ ਨਹੀਂ ਤਾਂ ਸਮਾਜ ਵਿਚ ਕਿਸੇ ਨਾ ਕਿਸੇ ਵੇਲੇ ਅਰਾਜਕਤਾ ਫੈਲਣ ਦੀ ਸੰਭਾਵਨਾ ਬਣੀ ਰਹੇਗੀ। ਸਮਾਨਤਾ ਤੋਂ ਭਾਵ ਉਹਨਾਂ ਸਾਰੇ ਅਧਿਕਾਰਾਂ ਨੂੰ ਸਾਂਝੇ ਤੌਰ ‘ਤੇ ਮਾਨਣਾ ਹੈ, ਜਿਸ ਵਿਚ ਨਾਗਰਿਕਾਂ ਦੇ ਸਰਵ-ਪਖੀ ਵਿਕਾਸ ਅਤੇ ਜੀਵਨ ਸੰਬੰਧੀ ਤਰ੍ਹਾਂ ਦੇ ਮੌਕੇ ਸਮਾਨ ਰੂਪ ਵਿਚ ਮਿਲਣ। ਸਮਾਨਤਾ ਦੇ ਵਖਰੇ-ਵਖਰੇ ਪੱਧਰ ਹਨ, ਜਿਵੇਂ ਕਿ ਕੁਦਰਤੀ ਸਮਾਨਤਾ, ਸਮਾਜਕ ਸਮਾਨਤਾ, ਨਾਗਰਿਕ ਸਮਾਨਤਾ, ਰਾਜਨੀਤਿਕ ਸਮਾਨਤਾ ਅਤੇ ਆਰਥਿਕ ਸਮਾਨਤਾ।

## 8.3. ਸਮਾਨਤਾ ਅਤੇ ਧਰਮ

ਧਰਮ ਦਾ ਮੂਲ ਉਦੇਸ਼ ਜੀਵ ਦਾ ਕਲਿਆਣ ਹੈ। ਮਨੁੱਖ ਦੀ ਕਿਸੇ ਵੀ ਤਰ੍ਹਾਂ ਦੀ ਗ਼ੁਲਾਮੀ ਤੋਂ ਉਸਨੂੰ ਆਜ਼ਾਦ ਕਰਕੇ ਉਸਦੇ ਪਰਮ-ਉਦੇਸ਼ ਪ੍ਰਤੀ ਨਿਰਦੇਸ਼ਤ ਕਰਨਾ ਹੈ। ਪਰਮ-ਉਦੇਸ਼ ਜਿਹਾ ਕਿ ਵਿਭਿੰਨ ਧਰਮ-ਅਨੁਭਵਾਂ ਰਾਹੀਂ ਪ੍ਰਗਟ ਹੋਇਆ ਜਾਂ ਵਿਆਖਿਆ ਕਰਕੇ ਸਥਾਪਤ ਕੀਤਾ ਗਿਆ ਹੈ, ਉਹ ਪ੍ਰਭੂ ਦੀ ਪ੍ਰਾਪਤੀ ਹੈ। ਵਿਭਿੰਨ ਧਰਮਾਂ ਦੇ ਸ਼ੁਧ ਅਮਲ, ਅਭਿਆਸ ਅਤੇ ਵਰਤਾਰੇ ਮਾਨਵਤਾ ਦੇ ਉਥਾਨ ਲਈ ਲਗਾਤਾਰ ਸੇਵਾ-ਰੂਪ ਹੋ ਕਾਰਜ ਕਰਦੇ ਹਨ। ਮਨੁੱਖੀ ਮਾਨਸਕਿਤਾ ਆਪਣੇ ਪਿਛੋਕੜ, ਕਰਮ, ਵਖ-ਵਖ ਖਿਤਿਆਂ ‘ਚ ਪਸਰ ਰਹੀ ਦਵੈਸ਼-ਮਾਨਸਿੱਖਤਾ ਅਤੇ ਅਰਾਜਕਤਾ ਦੇ ਤੱਤਾਂ, ਲਾਲਸਾਵਾਂ ਅਤੇ ਪਦਾਰਥਕ-ਖਿਚਾਂ ਕਰਕੇ ਧਰਮ ਦੇ ਸ਼ੁਧ-ਸਰੂਪ ਨੂੰ ਅਨੁਭਵ ਕਰਣ ਤੋਂ ਸੱਖਣੇ ਹੋ ਜਾਂਦੇ ਹਨ, ਜਿਸ ਕਰਕੇ ਆਪਣੀ ਮਾਨਸਿੱਖਤਾ ਦੇ ਤੇਜ਼ੀ ਵਿਚੋਂ ਉਹ ਧਰਮ ਦੇ ਵਿਚੋਂ ਵੀ ਇਸ ਤਰ੍ਹਾਂ ਦੀ ਸੰਰਚਨਾਵਾਂ ਕਰ ਦਿੰਦੇ ਹਨ, ਜਿਸ ਕਰਕੇ ਮਨੁੱਖ ਤਾ ਦਾ ਬੁਨਿਆਦੀ ਸੰਕਲਪ ਅਤੇ ਵਿਵਹਾਰ ਅਸਮਾਨਤਾ ਵਲ ਤੁਰ ਪੈਂਦਾ ਹੈ। ਦੁਨੀਆਂ ‘ਚ ਸਥਾਪਤ ਵਖ-ਵਖ ਦੈਵੀ-ਅਨੁਭਵਾਂ ਦੇ ਵਰਤਾਰੇ ਅਤੇ ਧਰਮਾਂ ਦੇ ਅਭਿਆਸ ਮਾਨਵਤਾ ਨੂੰ ਉਚੇ ਆਦਰਸ਼ਾਂ ਵਲ ਲੈ ਜਾਣ ਲਈ ਹਨ ਅਤੇ ਇਸਦਾ ਅਭਿਆਸ ਦੁਨੀਆਂ ਦੇ ਵਖ-ਵਖ ਸਥਾਨਾਂ ‘ਤੇ ਦੇਖਿਆ ਜਾ ਸਕਦਾ ਹੈ ਪਰ ਇਸਦੇ ਬਾਵਜੂਦ ਧਰਮਾਂ ਦੇ ਵਖ-ਵਖ ਅਭਿਆਸਾਂ ਵਿਚ ਇਸ ਤਰ੍ਹਾਂ ਦੇ ਵਰਤਾਰੇ ਹਨ, ਜਿਹੜੇ ਮਨੁੱਖੀ ਸਮਾਨਤਾ ਲਈ ਪ੍ਰਸ਼ਨਮਈ ਹੋ ਜਾਂਦੇ ਹਨ। ਉਦਾਹਰਣ ਵਜੋਂ ਯਹੂਦੀ ਧਰਮ ਨਸਲ ਨਾਲ ਸੰਬੰਧਤ ਹੈ ਅਤੇ ਕਿਸੇ ਹੋਰ ਨਸਲ ਦਾ ਵਿਅਕਤੀ ਯਹੂਦੀ ਧਰਮ ਅਪਣਾ ਨਹੀਂ ਸਕਦਾ। ਯਹੂਦੀ ਪਰਿਵਾਰ ਵਿਚ ਕਿਸੇ ਲੜਕੇ-ਲੜਕੀ ਦਾ ਵਿਆਹ ਹੋਣ ਦੇ ਬਾਵਜੂਦ ਵੀ ਉਹ ਉਸ ਧਰਮ ਦੇ ਉਸ ਤਰ੍ਹਾਂ ਅਨੁਯਾਈ ਨਹੀਂ ਹੋ ਸਕਦੇ, ਜਿਸ ਤਰ੍ਹਾਂ ਯਹੂਦੀ ਹਨ। ਇਸੇ ਤਰ੍ਹਾਂ ਭਾਰਤ ਵਿਚ ਸਥਾਪਤ ਵਰਣ-ਵਿਵਸਥਾ ਦੇ ਅਭਿਆਸ ਨੇ ਸਮਾਜ ਵਿਚ ਉਚ-ਨੀਚ ਅਤੇ ਜਾਤ-ਪਾਤ ਦਾ ਇਸ ਤਰ੍ਹਾਂ ਦਾ ਪ੍ਰਬੰਧ ਉਸਾਰ ਦਿੱਤਾ ਕਿ ਸ਼ੂਦਰ ਅਤੇ ਵਰਣ-ਵਿਵਸਥਾ ਤੋਂ ਬਾਹਰ ਵਾਲੇ ਲੋਕਾਂ ਦੇ ਜੀਵਨ ਜਾਨਵਰਾਂ ਤੋਂ ਵੀ ਬਦਤਰ ਹੋ ਗਿਆ।

## 8.4. ਸਮਾਨਤਾ ਅਤੇ ਸਿੱਖ-ਸਿਧਾਂਤ

ਸਿੱਖਾਂ ਦੇ ਜੀਵਨ ਦਾ ਮੂਲ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗੁਰੂ-ਸਾਹਿਬਾਨ ਦਾ ਆਦਰਸ਼ਕ ਜੀਵਨ ਹੈ, ਜਿਸਦੇ ਸਿਧਾਂਤਾਂ ਅਤੇ ਅਭਿਆਸ ਨੂੰ ਸਿੱਖਾਂ ਨੇ ਆਪਣੇ ਜੀਵਨ ਵਿਚ ਉਤਾਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ। ਸਿੱਖ ਧਰਮ ਦੇ ਪ੍ਰਕਾਸ਼ ਸਮੇਂ ਭਾਰਤੀ ਸਮਾਜ ਵਿਚ ਜਾਤ, ਵਰਣ, ਨਸਲ ਆਦਿ ਇਸ ਤਰ੍ਹਾਂ ਦੇ ਵਰਤਾਰੇ ਸਨ, ਜਿਸ ਨਾਲ ਮਨੁੱਖ ਤਾ ਉਚ-ਨੀਚ ਦੇ ਭੇਦ-ਭਾਵ ਵਿਚ ਵੰਡੀ ਹੋਈ ਸੀ। ਸਮਾਜ ਦੇ ਅੰਦਰ ਫੈਲੀ ਹੋਈ ਬੇਤਰਤੀਬੀ ਕਰਕੇ ਵਿਅਕਤੀ ਦੀ ਨੈਤਿਕਤਾ, ਸਦਾਚਾਰ, ਸਦਭਾਵਨਾ ਅਤੇ ਸਮਾਨਤਾ ਜੈਸੀਆਂ ਕਦਰਾਂ ਕੀਮਤਾਂ ਦਾ ਕੋਈ ਸਥਾਨ ਨਹੀਂ ਸੀ।

ਫਕੜ ਜਾਤੀ ਫਕੜੁ ਨਾਉ।।
ਸਭਨਾ ਜੀਆ ਇਕਾ ਛਾਉ।।
ਆਪਹੁ ਜੇ ਕੋ ਭਲਾ ਕਹਾਏ।।
ਨਾਨਕ ਤਾ ਪਰੁ ਜਾਪੈ ਜਾ ਪਉ ਲੇਖੈ ਪਾਏ।।੧।।

ਜਿਥੇ ਵਿਅਕਤੀਆਂ ਨੂੰ ਜਾਤ-ਪਾਤ ਵਿਚ ਨੀਵਾਂ ਮੰਨ ਕੇ ਉਹਨਾਂ ਦਾ ਜੀਵਨ ਨਿਸ਼ਚਤ ਕੀਤਾ ਗਿਆ ਸੀ, ਉਥੇ ਗੁਰੂ ਸਾਹਿਬਾਨ ਨੇ 'ਨੀਚ' ਦੇ ਅਰਥ ਅਤੇ ਪ੍ਰਸੰਗ ਨੂੰ ਹੀ ਬਦਲ ਦਿਤਾ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ।।
ਨਾਨਕ ਤਿਨ ਕੇ ਸੰਗਿ ਗਾਬਿ ਵਡਿਆ ਸਿਉ ਕਿਆ ਰੀਸ।।
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ।।

### 8.4.1 ਮਨੁੱਖ ੀ-ਜੀਵਨ

ਸਮਾਨਤਾ ਦੇ ਸੰਦਰਭ ਵਿਚ ਇਹ ਜਾਣਨਾ ਜਰੂਰੀ ਹੈ ਕਿ ਸਿੱਖੀ ਸਿਧਾਂਤਾਂ ਵਿਚ ਮਨੁੱਖ ਤਾ ਨੂੰ ਕਿਵੇਂ ਸਮਝਿਆ ਜਾ ਅਨੁਭਵ ਕੀਤਾ ਗਿਆ ਹੈ ਕਿਉਂਕਿ ਇਹ ਬੁਨਿਆਦੀ ਪ੍ਰਸ਼ਨ ਹੈ ਕਿ ਮਨੁੱਖ ਦੀ ਧਰਤੀ 'ਤੇ ਹਸਤੀ ਕੀ ਹੈ ਅਤੇ ਇਸ ਤੋਂ ਹੀ ਇਹ ਸੰਭਵ ਹੈ ਕਿ ਜਾਣਿਆ ਜਾ ਸਕੇ ਕਿ ਉਸਦੀ ਹੋਣੀ ਕਿਹੋ ਹੋਵੇਗੀ। ਮਨੁੱਖ ਨੂੰ ਇਸ ਜਨਮ ਦੀ ਪ੍ਰਾਪਤੀ ਅਤੇ ਇਸਦੇ ਉਦੇਸ਼ ਸੰਬੰਧੀ ਗੁਰਬਾਣੀ ਵਿਚ ਦਰਜ਼ ਹੈ ਕਿ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥
ਸਰੰਜਾਮਿ ਲਾਗੁ ਭਵਜਲ ਤਰਨ ਕੈ॥
ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥

ਇਸ ਤਰ੍ਹਾਂ ਮਨੁੱਖੀ ਜੀਵਨ ਦੀ ਪ੍ਰਾਪਤੀ ਹੋਣੀ ਬਹੁਤ ਅਹਿਮ ਹੈ ਕਿਉਂਕਿ ਇਸ ਕਰਕੇ ਅਕਾਲ ਪੁਰਖ ਨੂੰ ਸਹਿਜ ਵਿਚ ਮਿਲਿਆ ਜਾ ਸਕਦਾ ਹੈ ਕਿਉਂਕਿ ਮਨੁੱਖਾ ਦੇਹੀ ਦੀ ਪ੍ਰਾਪਤੀ ਸਰਲ ਨਹੀਂ ਹੈ। ਸਿੱਖ-ਸਿਧਾਂਤਾਂ ਅਨੁਸਾਰ ਇਹ ਦੇਹੀ ਰਾਹੀਂ ਵਾਹਿਗੁਰੂ ਨੂੰ ਸਿਮਰਨਾ ਸਹਿਜ ਹੈ, ਜਿਸ ਕਰਕੇ ਦੇਵਤੇ ਵੀ ਇਸਦੀ ਪ੍ਰਾਪਤੀ ਲਈ ਤਰਸਦੇ ਹਨ:

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥

ਇਸ ਮਨੁੱਖਾ ਜਨਮ ਦੀ ਪ੍ਰਾਪਤੀ ਹੋਣੀ ਅਤੇ ਇਸ ਰਾਹੀਂ ਮਨੁੱਖ ਦੁਆਰਾ ਆਪਣੇ ਪਹਿਲੇ ਅਤੇ ਅੰਤਿਮ ਉਦੇਸ਼ ਦੀ ਪ੍ਰਾਪਤੀ ਕਰਨੀ ਸਰਲ ਕਾਰਜ ਨਹੀਂ। ਅਜਿਹਾ ਕਰਨ ਲਈ ਮਨੁੱਖ ਨੂੰ ਮੁਸ਼ੱਕਤ ਕਰਨੀ ਪੈਣੀ ਹੈ ਤਾਂਕਿ ਆਪਣੀ ਅੰਤਿਮ ਹੋਣੀ ਦੌਰਾਨ ਉਸਤਮ ਆਦਰਸ਼ਾਂ ਦੀ ਪ੍ਰਾਪਤੀ ਹੋ ਸਕੇ। ਇਸ ਤਰ੍ਹਾਂ ਸਿੱਖ-ਸਿਧਾਂਤਾਂ ਵਿਚ ਮਨੁੱਖੀ-ਜੀਵਨ ਦੇ ਬੁਨਿਆਦੀ ਉਦੇਸ਼ਾਂ ਨੂੰ ਰੇਖਾਂਕਤ ਕੀਤਾ ਗਿਆ ਹੈ ਤਾਂਕਿ ਮਨੁੱਖ ਉਹਨਾਂ ਉਦੇਸ਼ਾਂ ਪ੍ਰਤੀ ਚੇਤੰਨ ਹੋ ਸਕੇ ਅਤੇ ਭਟਕੇ ਨਾ। ਉਦੇਸ਼ਾਂ ਦੀ ਨਾ-ਸਮਝੀ ਮਨੁੱਖ ਨੂੰ ਉਸਦੇ ਬੁਨਿਆਦੀ ਤੱਤਾਂ ਤੋਂ ਦੂਰ ਲੈ ਜਾਂਦੀ ਹੈ ਅਤੇ ਉਹ ਜੀਵਨ ਕਈ ਤਰ੍ਹਾਂ ਦੀਆਂ ਉਲਝਣਾਂ ਵਿਚ ਉਲਝ ਕੇ ਬੜੀ ਔਖ ਨਾਲ ਮਿਲੀ 'ਮਾਨਸ ਦੇਹੀ' ਦਾ ਸਿਮਰਨ ਲਈ ਲਾਭ ਨਹੀਂ ਲੈ ਸਕਦਾ। ਮਨੁੱਖ ਆਪਣੀਆਂ ਮਾਨਸਿੱਖ ਬਿਰਤੀਆਂ ਕਰਕੇ ਆਪਣੇ ਅਸਲੀ ਉਦੇਸ਼ਾਂ ਤੋਂ ਨਾ ਭਟਕੇ, ਇਸ ਲਈ ਗੁਰਬਾਣੀ ਵਿਚ ਇਸ ਸੰਬੰਧੀ ਚੇਤੰਨ

ਕੀਤਾ ਗਿਆ ਹੈ ਕਿ ਇਹ ਮਨੁੱਖ ।-ਜੀਵਨ ਬਹੁਤ ਅਨਮੋਲ ਹੈ ਅਤੇ ਇਸ ਜੀਵਨ-ਰਾਹੀਂ ਉਸਦੇ ਅਗਲੇ-ਪਿਛਲੇ ਕਰਮ ਬਖ਼ਸ਼ੇ ਜਾਣ:

ਦੇਹੀ ਗਾਵਾ ਜੀਉ ਧਰ ਮਹਤਉ ਬਸਹਿ ਪੰਚ ਕਿਰਸਾਨਾ॥
ਨੈਨੂ ਨਕਟੂ ਸ੍ਰਵਨੂ ਰਸਪਤਿ ਇੰਦ੍ਰੀ ਕਹਿਆ ਨ ਮਾਨਾ॥
ਬਾਬਾ ਅਬ ਨ ਬਸਉ ਇਹ ਗਾਉ॥
ਘਰੀ ਘਰੀ ਕਾ ਲੇਖਾ ਮਾਗੈ ਕਾਇਥੁ ਚੇਤੂ ਨਾਉ॥
ਧਰਮ ਰਾਇ ਜਬ ਲੇਖਾ ਮਾਗੈ ਬਾਕੀ ਨਿਕਸੀ ਭਾਰੀ॥
ਪੰਚ ਕ੍ਰਿਸਾਨਵਾ ਭਾਗਿ ਗਏ ਲੈ ਬਾਧਿਓ ਜੀਉ ਦਰਬਾਰੀ॥
ਕਹੈ ਕਬੀਰੁ ਸੁਨਹੁ ਰੇ ਸੰਤਹੁ ਖੇਤ ਹੀ ਕਰਹੁ ਨਿਬੇਰਾ॥
ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥

### 8.4.2 ਕਿਰਤ-ਪ੍ਰਸੰਗ

ਸਮਾਨਤਾ ਦੇ ਸੰਦਰਭ ਵਿਚ ਕਿਰਤ ਦਾ ਪ੍ਰਸੰਗ ਸਮਝਣਾ ਬਹੁਤ ਜਰੂਰੀ ਹੈ ਕਿਉਂਕਿ ਕਿਰਤ ਉਹ ਪ੍ਰਕਿਰਿਆ ਹੈ, ਜਿਸ ਨਾਲ ਮਨੁੱਖੀ ਸਮਾਜ ਸਿਧੇ ਤੌਰ 'ਤੇ ਜੁੜਿਆ ਹੋਇਆ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਸਮਾਜ ਵਿਚ ਮਨੁਖ ਆਪਣੀ ਕਿਰਤ ਕਰਕੇ ਸਮਾਜ ਵਿਚ ਨਿਸ਼ਚਤ ਕੀਤਾ ਗਿਆ ਸੀ ਭਾਵ ਮਨੁੱਖ ਨੂੰ ਸਮਾਜਕ ਦਰਜ਼ਾ ਉਸਦੀ ਕਿਰਤ (ਕੰਮ-ਕਾਜ) ਦੇ ਅਨੁਸਾਰ ਦਿੱਤਾ ਗਿਆ ਸੀ, ਜੋ ਕਿ ਮਨੁੱਖੀ ਅਸਮਾਨਤਾ ਲਈ ਉਤਰਦਾਈ ਸੀ। ਗੁਰੂ ਸਾਹਿਬਾਨ ਰਾਹੀਂ ਕਿਰਤ ਸਿੱਖੀ ਦੇ ਮੁਢਲੇ ਸਿਧਾਂਤਾਂ ਵਿਚ ਸਥਾਪਤ ਹੋਇਆ ਅਤੇ ਸਿੱਖੀ-ਸਿਧਾਂਤਾਂ ਨੂੰ ਪ੍ਰੀਭਾਸ਼ਤ ਕਰਨ ਵਾਲੇ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦੇ ਅਹਿਮ ਚਿੰਤਨ ਵਿਚ ਸ਼ਾਮਿਲ ਹੋਇਆ। ਗੁਰੂ ਸਾਹਿਬਾਨ ਨੇ ਮਨੁੱਖੀ ਕਿਰਤ ਨੂੰ ਉਸਦੇ ਅਧਿਆਤਮਕ ਅਨੁਭਵ ਨਾਲ ਜੋੜਦੇ ਹੋਏ ਕਿਰਤ ਦੀ ਮਹਾਨਤਾ ਨੂੰ ਸਥਾਪਤ ਕੀਤਾ ਅਤੇ ਹਰ ਇਕ ਕਿਰਤੀ ਦੇ ਕਾਰਜ ਨੂੰ ਸਮਾਨ ਮੰਨਿਆ। ਸਿੱਖ-ਸਿਧਾਂਤਾਂ ਵਿਚ ਕਿਰਤ ਕਰਨ ਵਾਲੇ ਨੂੰ ਅਕਾਲਪੁਰਖ ਦੇ ਰਾਹ ਦੀ ਪਛਾਣ ਕਰਨ ਵਾਲਾ ਮੰਨਿਆ ਗਿਆ ਹੈ। ਜਿਵੇਂ ਕਿ:

ਗਿਆਨ ਵਿਹੂਣਾ ਗਾਵੈ ਗੀਤ॥ ਭੁਖੇ ਮੁਲਾਂ ਘਰੇ ਮਸੀਤਿ॥
ਮਖਟੂ ਹੋਇ ਕੈ ਕੰਨ ਪੜਾਏ॥ ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥ ਤਾ ਕੈ ਮੂਲਿ ਨ ਲਗੀਐ ਪਾਇ॥
ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥

### 8.4.3 ਪੰਗਤ ਦਾ ਦਰਸ਼ਨ

ਮਨੁੱਖੀ ਸਮਾਨਤਾ ਨੂੰ ਸਥਾਪਤ ਕਰਨ ਵਿਚ ਸਿੱਖ-ਸਿਧਾਂਤਾਂ ਵਿਚੋਂ ਪੰਗਤ ਦਾ ਦਰਸ਼ਨ ਅਤੇ ਚਿੰਤਨ ਬਹੁਤ ਮਹੱਤਵਪੂਰਣ ਵਰਤਾਰਾ ਹੈ, ਜਿਸਨੇ ਮਨੁੱਖੀ ਸਮਾਜ ਵਿਚ ਸਥਾਪਤ ਉਚ-ਨੀਚ ਅਤੇ ਜਾਤ-ਪਾਤ ਦੇ ਭੇਦ-ਭਾਵ ਦੀ ਸੰਰਚਨਾ ਨੂੰ ਉਸਦੇ ਮੂਲ਼ ਆਧਾਰਾਂ ਤੋਂ ਹੀ ਤੋੜ ਦਿਤਾ। ਗੁਰੂ ਸਾਹਿਬਾਨ ਦੁਆਰਾ ਮਨੁੱਖਤਾ ਨੂੰ ਇਕ ਮੰਨਦੇ ਹੋਏ, ਉਸਨੂੰ ਪੰਗਤ ਦੇ ਸਿਧਾਂਤ ਰਾਹੀਂ ਇਹ ਸਥਾਪਤ ਕਰਕੇ ਕੇ ਦਿਖਾਇਆ ਕਿ ਕਿਸ ਤਰ੍ਹਾਂ ਸਿੱਖ-ਸਿਧਾਂਤ ਮਨੁੱਖੀ ਸਮਾਨਤਾ ਲਈ ਮਹੱਤਵੂਰਣ ਹਨ। ਸਮਾਜ ਵਿਚ ਮਨੁੱਖਾਂ ਦੀ ਦਰਜ਼ਾਬੰਦੀ ਕਰਕੇ ਉਹਨਾਂ ਨੂੰ ਪ੍ਰਮਾਤਮਾ ਦੀ ਪ੍ਰਾਪਤੀ ਲਈ ਵੀ ਇਹ ਨਿਸ਼ਚਤ ਕੀਤਾ ਗਿਆ ਸੀ ਕਿ ਕੁਝ ਵਰਗਾਂ ਦੀ ਮੁਕਤੀ ਕਿਸ ਤਰ੍ਹਾਂ ਸੰਭਵ ਹੈ ਪਰ ਸਿੱਖ-ਸਿਧਾਂਤਾਂ ਵਿਚੋਂ ਨਿਰਮਤ ਗਿਆਨ ਨੇ ਇਸ ਸਭ ਨਾ ਮੰਨਦੇ ਹੋਏ ਸਾਰੀ ਮਨੁੱਖ ਤਾ ਨੂੰ ਪ੍ਰਮਾਤਮਾ ਦੀ ਬੰਦਗੀ ਅਤੇ ਸਿਮਰਨ ਦਾ ਹਕਦਾਰ ਮੰਨਿਆ ਅਤੇ ਇਸੇ ਲਈ 'ਪੰਗਤ' ਨੂੰ ਸਥਾਪਤ ਕੀਤਾ। ਪੰਗਤ ਰਾਹੀਂ ਭਾਰਤੀ ਸਮਾਜ ਦੇ ਲੋਕਾਂ ਨੇ ਪਹਿਲੀ ਵਾਰੀ ਆਪਣੇ ਆਪ ਨੂੰ ਦੂਜਿਆ ਦੇ ਸਮਾਨ ਮਹਿਸੂਸ ਕੀਤਾ। ਇਕੋ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਣ ਨਾਲ ਲੋਕਾਂ ਵਿਚੋਂ ਕਈ ਤਰ੍ਹਾਂ ਦੀ

ਭੇਦ-ਭਾਵ ਆਪ-ਮੁਹਾਰੇ ਦੂਰ ਹੋਏ। ਵਰਤਮਾਨ ਸਮੇਂ ਵਿਚ 'ਪੰਗਤ-ਦਰਸ਼ਨ' ਇਕ ਅਹਿਮ ਸਿੱਖ-ਸਿਧਾਂਤ ਹੈ, ਜਿਸ ਰਾਹੀਂ ਵਿਸ਼ਵ ਦੇ ਲੋਕ ਸਮਾਨਤਾ ਦੇ ਸਿਧਾਂਤ ਬਾਰੇ ਸਿੱਖ ਸਕਦੇ ਹਨ।

## 8.5. ਸਮਾਨਤਾ ਦਾ ਵਿਵਹਾਰਕ ਪਖ

### 8.5.1 ਸਮਾਜਕ-ਪ੍ਰਸੰਗ

ਗੁਰੂ ਸਾਹਿਬਾਨ ਦੁਆਰਾ ਮਨੁੱਖ ਦੇ ਅਧਿਆਤਮਕ ਉਦੇਸ਼ਾਂ ਦੀ ਪ੍ਰਾਪਤੀ ਲਈ, ਮਨੁੱਖ ਦੀ ਸਮਾਜਕ ਸਥਿਤੀ ਨੂੰ ਵੀ ਪੁਨਰ-ਪ੍ਰੀਭਾਸ਼ਤ ਕੀਤਾ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੀ ਸਮਾਜਕ-ਸੰਰਚਨਾ ਸਥਾਪਤ ਹੋ ਚੁਕੀ ਸੀ, ਉਸਨੂੰ ਬਦਲਣ ਲਈ ਸਿਧਾਂਤਕ ਤੌਰ 'ਤੇ ਆਦਰਸ਼ ਸਥਾਪਨ ਕਰਨ ਦੇ ਨਾਲ ਵਿਵਹਾਰਕ ਤੌਰ ਉਸਦਾ ਅਮਲ ਵੀ ਦਿਖਾਇਆ। ਗੁਰੂ ਸਾਹਿਬਾਨ ਦੇ ਇਹਨਾਂ ਕਾਰਜਾਂ ਕਰਕੇ ਸਮਾਜ ਵਿਚ ਵਡੀਆਂ ਤਬਦੀਲੀਆਂ ਆਈਆਂ ਅਤੇ ਲੋਕਾਂ ਵਿਚ ਇਕ ਨਵੇਂ ਸਮਾਜ ਦੀ ਸਥਾਪਨਾ ਦੀ ਚੇਤਨਾ ਵਿਕਸਤ ਹੋਈ। ਇਸ ਸਭ ਦੇ ਵਰਤਾਰੇ ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਤ "ਭਾਈ" ਦੀ ਪਦ-ਪਦਵੀ ਸਮਝਣੀ ਬਹੁਤ ਮਹਤਵਪੂਰਨ ਹੈ। ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਹ ਪਦਵੀ ਦਾ ਹਕਦਾਰ ਮਰਦਾਨਾ ਜੀ ਨੂੰ ਭਾਈ ਮਰਦਾਨਾ ਕਹਿ ਕੇ ਦਿਤਾ। ਭਾਈ ਮਰਦਾਨਾ ਜੀ ਉਸ ਸਮੇਂ ਦੇ ਸਮਾਜ ਵਿਚ ਸਥਾਪਤ ਰੀਤਾਂ ਅਨੁਸਾਰ ਨੀਵੀਂ ਜਾਤ ਨਾਲ ਸੰਬੰਧਤ ਸਨ ਪਰ ਗੁਰੂ ਜੀ ਨੇ ਉਹਨਾਂ ਨੂੰ ਆਪਣਾ ਭਾਈ (ਭਰਾ) ਕਹਿ ਕੇ ਸਨਮਾਨਿਆ ਅਤੇ ਉਹਨਾਂ ਤੋਂ ਬਾਅਦ ਇਹ ਪਦਵੀ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਭਾਈ ਨੰਦ ਲਾਲ ਗੋਯਾ ਜੀ ਆਦਿ ਨਾਲ ਸੰਬੰਧਤ ਹੋਈ, ਜੋ ਕਿ ਸਮਾਜਕ-ਚੇਤਨਾ ਵਿਚ ਮਹੱਤਵਪੂਰਣ ਤਬਦੀਲੀ ਸੀ। "ਭਾਈ" ਦੀ ਪਦਵੀ ਕੇਵਲ ਸਮਾਜਕ ਵਰਤਾਰੇ ਨਾਲ ਹੀ ਸੰਬੰਧਤ ਨਹੀਂ ਸੀ ਬਲਕਿ ਇਸਦਾ ਅੰਤਰੀਵ ਅਨੁਭਵ ਅਧਿਆਤਮਕ ਸੀ, ਜਿਸ ਕਰਕੇ ਸਿੱਖਾਂ ਵਿਚ "ਭਾਈ ਸਾਹਿਬ" ਦੀ ਪਦਵੀ ਸਥਾਪਤ ਹੋਈ, ਜਿਸ ਵਿਚ ਕਿਸੇ ਵੀ ਤਰ੍ਹਾਂ ਦਾ ਜਾਤੀ ਭੇਦ ਆਦਿ ਸ਼ਾਮਿਲ ਨਹੀਂ। ਸਿੱਖ-ਪੰਥ ਵਿਚ ਗੁਰਮਤਿ ਦੇ ਸਿਧਾਂਤਾਂ ਨੂੰ ਬਸਰ ਕਰਨ ਵਾਲੇ ਨੂੰ "ਭਾਈ ਸਾਹਿਬ" ਕਹਿ ਕੇ ਸਨਮਾਨਿਆ ਜਾਂਦਾ ਹੈ।

ਸਿੱਖ-ਪੰਥ ਵਿਚ ਸਮਾਨਤਾ ਦੇ ਸੰਬੰਧ ਵਿਚ 'ਅੰਮ੍ਰਿਤ-ਸੰਸਕਾਰ' ਨੂੰ ਸਮਝਣਾ ਬਹੁਤ ਮਹੱਤਵਪੂਰਣ ਹੈ। ਸੰਸਕਾਰ, ਸਮਾਜ ਵਿਚ ਜੀਵਨ ਦਾ ਅਹਿਮ ਵਰਤਾਰਾ ਹੁੰਦੇ ਹਨ। ਸੰਸਕਾਰਾਂ ਕਿਸੇ ਧਰਤੀ ਦੇ ਗਿਆਨ-ਅਨੁਭਵ ਦਾ ਸਮਾਜ ਵਿਚ ਉਹ ਪ੍ਰਗਟਾਵਾ ਹੁੰਦੇ ਹਨ, ਜਿਨ੍ਹਾਂ ਰਾਹੀਂ ਸਮਾਜ ਵਿਚ ਉਸਦੇ ਲਗਾਤਾਰ ਵਿਵਹਾਰ ਨਾਲ ਆਦਰਸ਼ਾਂ ਨੂੰ ਸਥਾਪਤ ਕੀਤਾ ਜਾਂਦਾ ਸੀ। ਸਿੱਖੀ ਦੇ ਪ੍ਰਕਾਸ਼ ਤੋਂ ਪਹਿਲਾਂ ਸਮਾਜ ਵਿਚ ਸਥਾਪਤ ਸੰਸਕਾਰਾਂ ਦਾ ਸਰੂਪ ਭੇਦ-ਭਾਵ ਵਾਲਾ ਸੀ। ਸੰਸਕਾਰ, ਵਿਅਕਤੀ, ਸਮੂਹ, ਜਾਤ ਆਦਿ ਕਰਕੇ ਵੰਡੇ ਹੋਏ ਸਨ ਜਾਂ ਇਹ ਕਿਹਾ ਜਾ ਸਕਦਾ ਹੈ ਸਮਾਜ ਵਿਚ ਵਰਗਾਂ ਦੇ ਉਚ-ਨੀਚ ਦੀ ਸਥਾਪਤੀ ਵਿਚ ਸੰਸਕਾਰਾਂ ਦਾ ਵਧੇਰੇ ਯੋਗਦਾਨ ਸੀ ਕਿਉਂਕਿ ਸੰਸਕਾਰਾਂ ਦੇ ਪਿਛੇ ਧਰਮ ਦੀ ਪ੍ਰਵਾਨਗੀ ਦੀ ਮੋਹਰ ਲਗਾਈ ਹੋਈ ਸੀ। ਸਿੱਖੀ ਨੇ ਇਹਨਾਂ ਸੰਸਕਾਰਾਂ ਦੇ ਸਰੂਪ ਅਤੇ ਸੁਭਾਅ ਨੂੰ ਬਦਲਣ ਵਿਚ ਮਹੱਤਵਪੂਰਣ ਭੂਮਿਕਾ ਨਿਭਾਈ। ਇਸ ਵਿਚ 'ਅੰਮ੍ਰਿਤ-ਸੰਸਕਾਰ' ਇਕ ਮਹੱਤਵਪੂਰਣ ਸੰਸਕਾਰ ਹੈ, ਜਿਸ ਰਾਹੀਂ ਕੋਈ ਵੀ ਵਿਅਕਤੀ ਬਿਨਾਂ ਕਿਸੇ ਜਾਤ-ਪਾਤ, ਉਚ-ਨੀਚ, ਰੰਗ-ਨਸਲ ਆਦਿ ਦੇ ਭੇਦ-ਭਾਵ ਤੋਂ 'ਖੰਡੇ-ਬਾਟ ਕੀ ਪਾਹੁਲ' ਭਾਵ ਅੰਮ੍ਰਿਤ ਛਕ ਕੇ ਖ਼ਾਲਸਾ ਹੋ ਸਕਦਾ ਹੈ। ਸਿੱਖ-ਅਧਿਆਤਮਕਤਾ ਦੇ ਇਸ ਅੁੰਭਵ ਵਿਚ ਹਰ ਇਕ ਨੂੰ ਸਮਾਨਤਾ ਹੈ। ਇਸ ਸੰਬੰਧੀ 'ਸਿੱਖ ਰਹਿਤ ਮਰਿਯਾਦਾ' ਤੋਂ ਸਿਖਿਆ ਜਾ ਸਕਦਾ ਹੈ ਕਿ ਸਿੱਖ-ਸਿਧਾਂਤ ਕਿਸ ਤਰ੍ਹਾਂ ਹਰ ਇਕ ਲਈ ਸਮਾਨ ਰੂਪ ਵਿਚ ਹਨ।

### 8.5.2 ਆਰਥਿਕ ਅਤੇ ਰਾਜਨੀਤਕ ਵਰਤਾਰਾ

ਮਨੁੱਖੀ ਅਸਮਾਨਤਾ ਵਧਣ ਵਿਚ ਇਕ ਮੁਖ ਵਰਤਾਰਾ ਆਰਥਕ ਅਤੇ ਰਾਜਨੀਤਿਕ ਵਰਤਾਰਾ ਹੈ। ਕੁਝ ਸੀਮਤ ਲੋਕਾਂ ਦੁਆਰਾ ਸਮਾਜ ਵਿਚ ਆਰਥਿਕਤਾ ਦਾ ਪ੍ਰਬੰਧ ਇਸ ਤਰ੍ਹਾਂ ਕਰ ਦਿੱਤਾ ਜਾਂਦਾ ਹੈ ਕਿ ਸਮਾਜ ਵਿਚ ਕੁਝ ਲੋਕ ਬਹੁਤ

ਅਮੀਰ ਹੋ ਜਾਂਦੇ ਹਨ ਅਤੇ ਕੁਝ ਲੋਕ ਬਹੁਤ ਗ਼ਰੀਬ। ਇਹਨਾਂ ਦੋ ਵਰਗਾਂ ਵਿਚ ਇਕ ਮਧ-ਵਰਗ ਵੀ ਹੁੰਦਾ ਹੈ, ਜੋ ਨਾ ਬਹੁਤ ਗ਼ਰੀਬ ਹੁੰਦਾ ਹੈ ਅਤੇ ਨਾ ਹੀ ਜਿਆਦਾ ਅਮੀਰ। ਅਮੀਰ ਲੋਕ ਲਗਾਤਾਰ ਇਸ ਤਰ੍ਹਾਂ ਦੀਆਂ ਸੰਸਥਾਵਾਂ ਅਤੇ ਉਪਕਰਣ ਤਿਆਰ ਕਰਦੇ ਰਹਿੰਦੇ ਹਨ, ਜਿਨ੍ਹਾਂ ਕਰਕੇ ਸਮਾਜ ਦੀ ਮੁਖ ਆਰਥਿਕਤਾ ਉਨ੍ਹਾਂ ਅਨੁਸਾਰ ਹੀ ਚਲਦੀ ਹੈ। ਇਸ ਵਰਤਾਰੇ ਦੌਰਾਨ ਸਮਾਜ ਵਿਚ ਬਹੁਤ ਵਡੇ ਫਰਕ ਪੈ ਜਾਂਦੇ ਹਨ, ਜਿਸ ਕਰਕੇ ਕੁਝ ਲੋਕ ਬਹੁਤ ਜਿਆਦਾ ਅਮੀਰ ਹੋ ਜਾਂਦੇ ਹਨ ਅਤੇ ਸਮਾਜ ਦਾ ਵੱਡਾ ਹਿੱਸਾ ਗ਼ਰੀਬ ਹੋ ਜਾਂਦਾ ਹੈ, ਜੋ ਕਿ ਕੇਵਲ ਉਪਰਲੇ ਵਰਗ ਦਾ ਸੇਵਾਦਾਰ ਬਣ ਕੇ ਰਹਿ ਜਾਂਦਾ ਹੈ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸਿੱਖ-ਗੁਰੂ ਸਾਹਿਬਾਨ ਨੇ ਇਸ ਵਰਤਾਰੇ ਦੀ ਧੁਰ ਦੀ ਸਮਸਿਆ ਨੂੰ ਪਛਾਣਦੇ ਹੋਏ ਕਿਰਤੀ ਦੀ ਮਹੱਤਤਾ  ਨੂੰ ਮਹਾਨ ਮੰਨਿਆ। ਗੁਰੂ ਨਾਨਕ ਸਾਹਿਬ ਨੇ ਭਾਈ ਲਾਲੋ ਜੀ ਘਰ ਪਰਸ਼ਾਦਾ ਛਕਿਆ, ਜੋ ਕਿ ਇਕ ਕਿਰਤੀ ਪੁਰਖ ਸੀ।ਭਾਈ ਲਾਲੋ ਜੀ ਦਾ ਨਾਮ ਨਾਲ 'ਧੁਰ ਕੀ ਬਾਣੀ' ਦੇ ਚਿੰਨ੍ਹ ਨੂੰ ਸਥਾਪਤ ਕਰਨਾ ਕੇਵਲ ਅਧਿਆਤਮਕ ਜਗਤ ਵਿਚ ਨਹੀਂ ਬਲਕਿ ਸਮਾਜ ਵਿਚ ਇਕ ਵਡੀ ਤਬਦੀਲੀ ਸੀ, ਜਿਸਦਾ ਪ੍ਰਭਾਵ ਲਗਤਾਰ ਸਿੱਖ-ਇਤਿਹਾਸ ਵਿਚ ਦੇਖਿਆ ਜਾ ਸਕਦਾ ਹੈ।

ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਨੂੰ ਵਸਾਇਆ ਅਤੇ ਸਿੱਖਾਂ ਨੂੰ ਦੁਨੀਆਂ ਦੇ ਵੱਖ-ਵੱਖ ਕਿਤਿਆਂ ਨਾਲ ਜੋੜ ਕੇ ਵਾਪਾਰ ਸਥਾਪਤ ਕਰਵਾਏ, ਜਿਸ ਵਿਚ ਕਿਸੇ ਵੀ ਤਰ੍ਹਾਂ ਦੇ ਭੇਦ-ਭਾਵ ਨੂੰ ਸਥਾਨ ਨਹੀਂ ਸੀ। ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ 52 ਬਾਜ਼ਾਰ ਸਥਾਪਤ ਕੀਤੇ, ਜਿਨ੍ਹਾਂ ਵਿਚ ਦੁਨੀਆਂ ਦੇ ਵੱਡੇ-ਵੱਡੇ ਵਾਪਾਰੀ ਆ ਕੇ ਵਾਪਾਰ ਕਰਨ ਲਗੇ। ਘਾਹ ਖੋਤ ਕੇ ਗੁਜ਼ਾਰਾ ਕਰਨ ਵਾਲੇ ਲੋਕ ਅਰਬੀ ਘੋੜਿਆਂ ਦੇ ਸੌਦਾਗਰ ਬਣ ਗਏ। ਸਿੱਖ-ਵਾਪਾਰੀਆਂ ਦਾ ਸਿੱਖਾ ਅਰਬ ਦੇ ਦੇਸ਼ਾਂ ਤਕ ਚਲਣ ਲਗ ਪਿਆ। ਸਿੱਖ-ਵਾਪਾਰੀਆਂ ਦੀ ਇਮਾਨਦਾਰੀ ਅਤੇ ਵਾਪਾਰ ਦੇ ਹੁਨਰ ਕਰਕੇ ਸ੍ਰੀ ਅੰਮ੍ਰਿਤਸਰ ਏਸ਼ੀਆ ਦੀ ਇਕ ਪ੍ਰਮੁੱਖ ਸ਼ਹਿਰ ਅਤੇ ਵਾਪਾਰਕ-ਮੰਡੀ ਵਜੋਂ ਸਥਾਪਤ ਹੋ ਗਿਆ। ਇਹ ਇਕ ਮਹੱਤਵਪੂਰਣ ਸਮਾਜਕ ਬਦਲਾਅ ਸੀ, ਜਿਸ ਵਿਚ ਆਮ ਲੋਕ ਨੂੰ ਇਸ ਤਰ੍ਹਾਂ ਦੀ ਸਮਾਨਤਾ ਮਿਲੀ ਕਿ ਉਹ ਵਡੇ-ਵਡੇ ਵਾਪਾਰੀ ਤਕ ਬਣ ਗਏ।

ਸਿੱਖ-ਸਿਧਾਂਤਾਂ ਵਿਚ ਸਥਾਪਤ ਕਿਰਤ ਦੀ ਮਹੱਤਤਾ  ਨੂੰ ਗੁਰੂ-ਸਾਹਿਬਾਨ ਦੇ ਜੀਵਨ ਵਿਚੋਂ ਸਹਿਜੇ ਦੇਖਿਆ ਜਾ ਸਕਦਾ ਹੈ। ਸਿੱਖ-ਪਰੰਪਰਾ ਵਿਚ ਇਕ ਸਾਖੀ ਹੈ ਕਿ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਜਲ ਛਕਣਾ ਚਾਹਿਆ ਤਾਂ ਇਕ ਨੌਜਵਾਨ ਭਜ ਕੇ ਗਿਆ ਅਤੇ ਛੰਨੇ ਵਿਚ ਜਲ ਲੈ ਆਇਆ। ਗੁਰੂ ਜੀ ਨੇ ਜਦ ਨੌਜਵਾਨ ਦੇ ਕੂਲੇ ਹੱਥ ਵੇਖੇ ਤਾਂ ਉਸਨੂੰ ਪੁਛਿਆ ਕਿ ਕੀ ਕੰਮ ਕਰਦਾ ਹੈ। ਉਤਰ ਵਿਚ ਨੌਜਵਾਨ ਨੇ ਕਿਹਾ ਕਿ ਉਹ ਕੋਈ ਕੰਮ ਨਹੀਂ ਕਰਦਾ। ਇਹ ਸੁਣ ਕੇ ਗੁਰੂ ਜੀ ਨੇ ਜਲ ਛਕਣ ਤੋਂ ਮਨ੍ਹਾ ਕਰ ਦਿੱਤਾ  ਕਿ ਕਿਰਤ ਨਾ ਕਰਨ ਵਾਲਾ ਵਿਅਕਤੀ ਗੁਰੂ-ਘਰ ਵਿਚ ਪ੍ਰਵਾਨ ਨਹੀਂ ਹੈ। ਕਿਰਤੀ ਹੋਏ ਬਿਨਾਂ ਸਮਾਜ ਵਿਚ ਸਮਾਨਤਾ ਨੂੰ ਸਮਝਿਆ ਨਹੀਂ ਜਾ ਸਕਦਾ ਅਤੇ ਇਸ ਕਰਕੇ ਅਧਿਆਤਮਕ ਪ੍ਰਾਪਤੀ ਵੀ ਸੰਭਵ ਨਹੀਂ ਹੈ।

ਸਮਾਜ ਵਿਚ ਸਮਾਨਤਾ ਦੇ ਅਧਿਕਾਰਾਂ ਦੀ ਇਕ ਮਹੱਤਵਪੂਰਣ  ਉਦਾਹਰਣ ਬਾਬਾ ਬੰਦਾ ਸਿੰਘ ਬਹਾਦਰ ਦੇ ਕੀਤੇ ਕਾਰਜਾਂ ਤੋਂ ਲਈ ਜਾ ਸਕਦੀ ਹੈ। ਬੰਦਾ ਸਿੰਘ ਬਹਾਦਰ ਨੇ ਇਸ ਸਮਾਜ ਵਿਚ ਪਹਿਲੀ ਵਾਰੀ ਕਿਰਤ ਦੀ ਮਹੱਤਤਾ ਨੂੰ ਰਾਜਨੀਤੀ ਦੀ ਸੰਰਚਨਾ ਨੂੰ ਬਦਲਣ ਵਿਚ ਭੂਮਿਕਾ ਨਿਭਾਈ। ਬਾਬਾ ਬੰਦਾ ਸਿੰਘ ਨੇ ਮੁਜ਼ਾਰੇ ਤੇ ਆਮ ਲੋਕ ਜੋ ਕਿ ਵਡੇ ਜ਼ਿਮੀਦਾਰਾਂ ਦੇ ਖੇਤਾਂ ਵਿਚ ਪੀੜ੍ਹੀ ਦਰ ਪੀੜ੍ਹੀ ਗ਼ੁਲਾਮਾਂ ਦੀ ਤਰ੍ਹਾਂ ਕੰਮ ਕਰਦੇ ਸਨ, ਉਨ੍ਹਾਂ ਨੂੰ ਉਹਨਾਂ ਹੀ ਜ਼ਮੀਨਾਂ ਦਾ ਮਾਲਕ ਬਣਾ ਦਿਤਾ। ਇਹ ਵਰਤਾਰਾ ਸਮਾਜ ਵਿਚ ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਇਕ ਵਡੀ ਉਥਲ-ਪੁਥਲ ਸੀ ਅਤੇ ਤਬਦੀਲੀ ਸੀ। ਅਜਿਹਾ ਹੋਣ ਕਰਕੇ ਸਮਾਜ ਵਿਚ ਲੋਕਾਂ ਨੇ ਸਮਾਨਤਾ ਦਾ ਵਿਵਹਾਰਕ ਰੂਪ ਵੇਖਿਆ।

### 8.5.3 ਅਧਿਆਤਮਕ ਪ੍ਰਾਪਤੀ

ਸਮਾਜ ਦੀ ਸੰਰਚਨਾ ਵਿਚ ਮਨੁੱਖੀ ਦਰਜ਼ਾਬੰਦੀ ਕਰਕੇ ਅਸਮਾਨਤਾ ਸਮਾਜਕ ਪੱਧਰ 'ਤੇ ਹੀ ਨਹੀਂ ਬਲਕਿ ਅਧਿਆਤਮਕ-ਪ੍ਰਾਪਤੀ ਦੇ ਰਸਤੇ ਵਿਚ ਵੀ ਸੀ। ਸਮਾਜ ਵਿਚ ਕੌਣ ਨਾਮ ਜਪ ਸਕਦਾ ਹੈ, ਜਪਾ ਸਕਦਾ ਹੈ, ਸੇਵਾ ਕਰ ਸਕਦਾ ਹੈ, ਕਿਸ ਜਨਮ ਵਿਚ ਮੁਕਤੀ ਸੰਭਵ ਹੈ, ਔਰਤ ਮੁਕਤ ਹੋ ਸਕਦੀ ਹੈ ਕਿ ਨਹੀਂ ਆਦਿ ਪ੍ਰਸ਼ਨ ਸਥਾਪਤ ਸਨ। ਪਰ ਸਿੱਖ-ਸਿਧਾਂਤਾਂ ਵਿਚੋਂ ਨਿਰਮਤ ਵਿਵਹਾਰ ਨੇ ਅਧਿਆਤਮਕ ਪ੍ਰਾਪਤੀ ਲਈ ਸਭ ਲੋਕਾਂ ਨੂੰ ਭਾਵੇਂ ਕਿ ਉਹ ਕਿਸੇ ਵੀ ਜਾਤੀ, ਰੰਗ-ਰੂਪ, ਨਸਲ, ਕੌਮ, ਲਿੰਗ, ਉਮਰ ਦੇ ਹੋਣ ਨੂੰ ਵਾਹਿਗੁਰੂ ਦੀ ਪ੍ਰਾਪਤੀ ਲਈ ਯੋਗ ਮੰਨਿਆ। ਹਰ ਇਕ ਨਾਮ ਜਪ ਸਕਦਾ ਹੈ ਅਤੇ ਅਧਿਆਤਮਕ ਪ੍ਰਾਪਤੀ ਕਿਸੇ ਵੀ ਉਮਰ ਵਿਚ ਸੰਭਵ ਹੈ। ਬਾਬਾ ਬੁਢਾ ਜੀ ਨੂੰ ਇਹ ਨਾਮ ਉਹਨਾਂ ਦੇ ਬਚਪਨ ਵਿਚ ਗੁਰੂ ਨਾਨਕ ਸਾਹਿਬ ਤੋਂ ਬਖ਼ਸ਼ਿਸ਼ ਵਿਚ ਮਿਲਿਆ, ਜੋ ਕਿ ਸਮਾਨਤਾ ਨੂੰ ਸਮਝਣ ਵਿਚ ਇਕ ਮਹੱਤਵਪੂਰਣ ਉਦਾਹਰਣ ਹੈ।

## 8.6. ਸਾਰ

- ਸਮਾਨਤਾ ਦਾ ਅਧਿਕਾਰ 'ਮਨੁੱਖੀ ਅਧਿਕਾਰਾਂ' ਦਾ ਇਕ ਭਾਗ ਹੈ, ਜੋ ਕਿ ਕਾਨੂੰਨੀ ਰੂਪ ਵਿਚ 'ਸੰਯੁਕਤ ਰਾਸ਼ਟਰ' ਸੰਸਥਾ ਰਾਹੀਂ 10 ਦਸੰਬਰ 1948 ਨੂੰ ਹੋਂਦ ਵਿਚ ਆਇਆ।
- 'ਸਮਾਨਤਾ ਦੇ ਅਧਿਕਾਰ' ਨੂੰ ਕਾਨੂੰਨ ਰਾਹੀਂ ਨਿਯਮਤ ਕੀਤਾ ਗਿਆ।
- ਸਿੱਖ-ਸਿਧਾਂਤਾਂ ਵਿਚ ਸਮਾਨਤਾ ਦਾ ਮਹੱਤਵਪੂਰਣ ਸਥਾਨ ਹੈ।
- ਕਿਰਤ, ਪੰਗਤ, ਅੰਮ੍ਰਿਤ-ਸੰਸਕਾਰ ਸਮਾਨਤਾ ਦੇ ਪ੍ਰਮੁਖ ਸਿੱਖ-ਚਿੰਨ੍ਹ ਹਨ।
- ਸਮਾਨਤਾ ਸੰਬੰਧੀ ਸਿੱਖ-ਸਿਧਾਂਤ, ਵਿਵਹਾਰਕ ਪੱਧਰ 'ਤੇ ਸਿੱਖ-ਜੀਵਨ ਵਿਚੋਂ ਸਹਿਜੇ ਵੇਖੇ ਜਾ ਸਕਦੇ ਹਨ।

## 8.7 ਵਿਸਤਰਿਤ ਵਿਚ ਪੜ੍ਹਣ ਲਈ ਪੁਸਤਕਾਂ


- Albernethy, Georg L. (ed.), 1959, *The Idea of Equality*, Richmond: John Knox.
- Brown, Henry Phelps, 1988, *Egalitarianism and the Generation of Inequality*, Oxford: Clarendon.
- Gurnam Kaur (ed.), 1995, *Sikh Value System And Social Change*, Patiala: Punjabi University.
- Hajdin, Mane (ed.), 2000, *The Notion of Equality*, Aldershot: Ashgate.
- White, Stuart, 2006, *Equality*, Oxford: Blackwell.


## 8.9. ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਸਮਾਨਤਾ ਤੋਂ ਤੁਹਾਡਾ ਕੀ ਭਾਵ ਹੈ?
ਪ੍ਰਸ਼ਨ 2. ਸਮਾਨਤਾ ਸੰਬੰਧੀ ਕਾਨੂੰਨ ਕਦੋਂ ਹੋਂਦ ਵਿਚ ਆਏ?
ਪ੍ਰਸ਼ਨ 3. ਧਰਮ ਅਤੇ ਸਮਾਨਤਾ ਦੇ ਆਪਸੀ ਸੰਬੰਧ ਕੀ ਹਨ?
ਪ੍ਰਸ਼ਨ 4. ਸਮਾਨਤਾ ਸੰਬੰਧੀ ਸਿੱਖ-ਸਿਧਾਂਤਾਂ ਦੀ ਜਾਣਕਾਰੀ ਦਿਓ।
ਪ੍ਰਸ਼ਨ 5. ਸਮਾਨਤਾ ਸੰਬੰਧੀ ਸਿੱਖ-ਵਿਵਹਾਰਕਤਾ ਦੀਆਂ ਉਦਾਹਰਣਾਂ ਦਿਓ।

## PROGRAMME: CRETIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

---

**UNIT IX - RESPECT OF WOMEN**

---

**STRUCTURE**


**9.0** ਉਦੇਸ਼

**9.1** ਜਾਣ-ਪਛਾਣ

**9.2** ਨਾਰੀ-ਸਿਧਾਂਤ

**9.3** ਪ੍ਰਮੁੱਖ ਮੁਦੇ

**9.4** ਸਿੱਖ-ਸਿਧਾਂਤ

**9.5** ਆਦਰਸ਼ਕ ਸਿੱਖ-ਬੀਬੀਆਂ

9.5.1 ਬੇਬੇ ਨਾਨਕੀ ਜੀ

9.5.2 ਮਾਤਾ ਖੀਵੀ ਜੀ

9.5.3 ਬੀਬੀ ਵੀਰੋ ਜੀ

9.5.4 ਮਾਤਾ ਸੁੰਦਰੀ ਜੀ

9.5.5 ਮਾਈ ਭਾਗੋ ਜੀ

**9.6** ਸਮਕਾਲੀ ਵਰਤਾਰਾ

**9.7** ਸਾਰ

**9.8** ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ

**9.9** ਅਭਿਆਸ ਲਈ ਪ੍ਰਸ਼ਨ

**9.0 ਉਦੇਸ਼**

1.1. ਔਰਤਾਂ ਸੰਬੰਧੀ ਅਧਿਐਨ ਨੂੰ ਜਾਣਨਾ

1.2. ਔਰਤ ਦੀ ਸਥਿਤੀ ਬਾਰੇ ਸਮਝਣਾ

1.3. ਸਿੱਖ-ਧਰਮ ਵਿਚ ਔਰਤ ਦੇ ਸਨਮਾਨ ਅਤੇ ਸਥਾਨ ਬਾਰੇ ਜਾਣਨਾ

**9.1 ਜਾਣ-ਪਛਾਣ**

ਕਾਲ ਦੀ ਇਤਿਹਾਸਕ ਵਰਤਾਰੇ ਵਿਚ ਪਿਛਲੇ ਕੁਝ ਸਮੇਂ ਤੋਂ ਔਰਤਾਂ ਸੰਬੰਧੀ ਸਮਝ ਅਤੇ ਗਿਆਨ ਨੂੰ ਪ੍ਰਮੁੱਖ ਤੌਰ 'ਤੇ ਨਾਰੀ-ਚਿੰਤਨ ਦੇ ਅਨੁਸ਼ਾਸ਼ਨ ਹੇਠ ਅਧਿਐਨ ਕੀਤਾ ਜਾਂਦਾ ਹੈ ਭਾਂਵੇ ਕਿ ਇਹ ਅਧਿਐਨ ਹੋਰ ਵੀ ਕਈ ਅਨੁਸ਼ਾਸ਼ਨਾਂ ਦਾ ਹਿਸਾ ਹੈ। ਇਸ ਤੋਂ ਪਹਿਲਾਂ ਚਿੰਤਨ ਦੀ ਮੁੱਖ ਧਾਰਾ ਵਿਚ 'ਨਾਰੀ-ਅਧਿਐਨ' ਨੂੰ ਇਸ ਤਰ੍ਹਾਂ ਕੋਈ ਨਿਸ਼ਚਤ ਜਾਂ ਵਖਰਾ ਸਥਾਨ ਨਹੀ ਦਿੱਤਾ ਗਿਆ ਭਾਵੇਂ ਕਿ ਔਰਤ ਸ਼ੁਰੂ ਤੋਂ ਹੀ ਮਨੁਖੀ ਲਿਖਤ ਦਾ ਕਿਸੇ ਨਾ ਕਿਸੇ ਰੂਪ ਵਿਚ ਹਿਸਾ ਰਹੀ ਹੈ। ਉਹ ਭਾਵੇਂ ਕਿਸੇ ਲਿਖਤ ਦਾ ਆਧਾਰ ਹੋਵੇ, ਵਿਸ਼ਾ ਹੋਵੇ ਜਾਂ ਊਰਜਾ ਦਾ ਸ੍ਰੋਤ। ਔਰਤ ਦੀ ਸਥਿਤੀ ਸੰਸਾਰ ਦੇ ਵਖ-ਵਖ ਸਮਾਜਾਂ, ਖਿਤਿਆਂ, ਵਰਗਾਂ, ਜਾਤੀਆਂ, ਸਮੂਹਾਂ, ਧਰਮਾਂ ਆਦਿ ਵਿਚ ਵਖੋ-ਵਖਰੀ ਹੈ ਪਰ ਬਹੁਤ ਸਾਰੇ ਜੀਵਨ ਦੇ ਮੂਲ਼ ਅਨੁਭਵ ਸਾਂਝੇ ਹਨ। ਮੌਜੂਦਾ ਨਾਰੀ-ਚਿੰਤਨ 'ਕਾਇਆ' ਨੂੰ ਕੇਂਦਰਿਤ ਕਰਦਾ ਹੋਇਆ ਨਾਰੀ-ਰਹੱਸ ਦੀਆਂ ਬਹੁ-ਪਰਤੀ ਵਿਆਖਿਆਵਾਂ ਕਰ ਰਿਹਾ ਹੈ। ਇਸ ਵਿਚ ਨਾਰੀ ਜਾਂ ਔਰਤ ਨੂੰ ਉਸਦੀ ਦੇਹ, ਮਨ, ਅਧਿਆਤਮਕ, ਸਮਾਜਕ, ਆਰਥਕ, ਸਭਿਆਚਾਰਕ, ਹਾਸ਼ੀਆਗਤ, ਵੱਖਰੀ ਪਛਾਣ ਆਦਿ ਕਈ ਨੁਕਤਿਆਂ ਤੋਂ ਅਧਿਐਨ ਕੀਤਾ ਜਾ ਰਿਹਾ ਹੈ। ਸਿੱਖ ਧਰਮ ਦੇ ਸਿਧਾਂਤਾਂ ਅਤੇ ਇਤਿਹਾਸ ਵਿਚਲੇ ਅਭਿਆਸ ਕਰਕੇ ਨਾਰੀ-ਚਿੰਤਨ ਨੂੰ ਵਿਸ਼ੇਸ਼ ਨੁਕਤੇ ਤੋਂ ਸਮਝਣ ਦੀ ਸੰਭਾਵਨਾ ਪੈਦਾ ਹੋਈ ਹੈ।

**9.2. ਨਾਰੀ-ਸਿਧਾਂਤ**

ਨਾਰੀਵਾਦ ਜਾਂ ਨਾਰੀ-ਅਧਿਐਨ ਦੋ ਮੁਖ ਸੰਕਲਪਾਂ ਵਿਚ ਅੰਤਰ ਕਰਦਾ ਹੈ। ਪਹਿਲਾ ਸੈਕਸ (ਜੋ ਕਿ ਜੈਵਿਕ-ਸਿਧਾਂਤ ਹੈ ਅਤੇ ਇਸਦੇ ਆਧਾਰ 'ਤੇ ਅਸੀਂ ਦੋ ਲਿੰਗਾਂ ਨੂੰ ਵਖਰਾ ਕਰਦੇ ਹਾਂ ਜਾਂ ਸਮਝਦੇ ਹਾਂ) ਅਤੇ ਦੂਜਾ ਇਸਦੇ ਵਿਪਰੀਤ ਹੈ, ਜੈਂਡਰ (ਜੋ ਕਿ ਇਕ ਸਮਾਜਕ-ਸਭਿਆਚਾਰਕ ਸਿਧਾਂਤ ਹੈ ਅਤੇ ਮਰਦਾਨਗੀ ਅਤੇ ਨਾਰੀਤਵ ਦੀ ਧਾਰਨਾ ਨੂੰ ਸਪਸ਼ਟ ਕਰਦਾ ਹੈ)। ਸਮਾਜੀਕਰਨ ਦੀ ਪ੍ਰਕਿਰਿਆ ਰਾਹੀਂ ਮਾਪੇ, ਪਰਿਵਾਰ ਅਤੇ ਸਮਾਜ ਹੀ ਮੁੰਡੇ-ਕੁੜੀਆਂ ਵਿਚ ਲਿੰਗ ਸੰਬੰਧੀ ਰਵਈਆ ਅਤੇ ਸੁਭਾਅ ਪੈਦਾ ਕਰਦੇ ਹਨ, ਜੋ ਕਿ ਬਾਅਦ ਵਿਚ ਉਹਨਾਂ ਨੂੰ ਮਰਦ ਅਤੇ ਔਰਤਾਂ ਨਿਸ਼ਚਤ ਕਰਦੇ ਹਨ। ਮੁੰਡੇ ਅਤੇ ਕੁੜੀਆਂ ਦੇ ਸਰੂਪ ਦੀ ਬਣਤਰ ਸਮਾਜਕ-ਬਣਤਰ ਅਨੁਸਾਰ ਢਾਲੀ ਅਤੇ ਨਿਸ਼ਚਤ ਕੀਤੀ ਜਾਂਦੀ ਹੈ। ਇਸ ਅਨੁਸਾਰ ਮਰਦ ਅਤੇ ਇਸਤਰੀਆਂ ਲਈ ਜੀਵਨ ਦੇ ਵਖੋ-ਵਖਰੇ ਮਾਪਦੰਡ ਜਾਂ ਨਿਯਮ ਘੜੇ ਜਾਂਦੇ ਹਨ। ਜੈਂਡਰ ਕੇਵਲ ਮਰਦਾਨਗੀ ਅਤੇ ਨਾਰੀਤਵ ਦੀ ਪਰਿਭਾਸ਼ਾ ਤੋਂ ਇਲਾਵਾ ਸਮਾਜਕ ਸੰਰਚਨਾ ਵਿਚ ਕੰਮ-ਕਾਜ ਦੀ ਵੰਡ ਵਿਚ ਵੀ ਦਿਖਾਈ ਦਿੰਦੀ ਹੈ, ਜਿਸ ਵਿਚ ਔਰਤ ਅਤੇ ਮਰਦ ਦੇ ਕੰਮ-ਕਾਜ ਸਪਸ਼ਟ ਢੰਗ ਨਾਲ ਵੰਡੇ ਹੋਏ ਹਨ। ਔਰਤ ਨੇ

ਘਰ ਅੰਦਰ ਕੰਮ ਕਰਨ, ਬਚਿਆਂ ਦਾ ਜਣਨ ਅਤੇ ਪਾਲਣ-ਪੋਸ਼ਣ ਅਤੇ ਪਰਿਵਾਰ ਦੀ ਸਾਂਭ-ਸੰਭਾਲ ਨਾਲ ਨਿਸ਼ਚਤ ਕੀਤਾ ਗਿਆ ਹੈ ਅਤੇ ਮਰਦ ਦੇ ਕਾਰਜ ਘਰ ਤੋਂ ਬਾਹਰ ਕਾਰਜਾਂ ਅਤੇ ਉਪਜੀਵਕਾ ਲਈ ਕਮਾਈ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਜੈਂਡਰ ਦੀ ਸਿਰਜਣ-ਪ੍ਰਕਿਰਿਆ ਸਮਾਜਕ ਹੈ।

ਨਾਰੀ-ਅਧਿਐਨ ਦੇ ਸਿਧਾਂਤਾਂ ਵਿਚ ਤਿੰਨ ਸਿਧਾਂਤਕਾਰਾਂ, ਜੂਲੀਆ ਕ੍ਰਿਸਤੇਵਾ, ਹੈਲੇਨ ਸਿੱਖੂ ਅਤੇ ਲੂਸ ਇਰਿਗੈਰੇ ਦੀ ਭੂਮਿਕਾ ਅਤਿ ਮਹੱਤਵਪੂਰਨ ਹੈ। ਇਨ੍ਹਾਂ ਨਾਰੀ ਚਿੰਤਕਾਂ ਦੀਆਂ ਸੂਖਮ ਦਾਰਸ਼ਨਿਕ-ਵਿਆਖਿਆਵਾਂ ਕਰਕੇ, ਇਨ੍ਹਾਂ ਨੂੰ ਨਾਰੀ-ਚਿੰਤਨ ਦੀਆਂ ਪ੍ਰਮੁੱਖ ਸਿਧਾਂਤਕਾਰ ਸਵੀਕਾਰਿਆ ਗਿਆ ਹੈ। 'ਦੇਹ' ਦੀ ਵਿਆਖਿਆ ਕਰਦੇ ਹੋਏ ਇਨ੍ਹਾਂ ਚਿੰਤਕਾਂ ਨੇ ਜਿਥੇ ਮਰਦ-ਦੇਹ ਦੀਆਂ ਸੀਮਾਵਾਂ ਦੱਸੀਆਂ ਹਨ, ਉਥੇ ਨਾਰੀ-ਦੇਹ ਦੇ ਵਿਰਾਟ ਰੂਪਾਂ ਅਤੇ ਸੂਖ਼ਮ ਵਰਤਾਰਿਆ ਦੀ ਵਿਆਖਿਆ ਕੀਤੀ ਹੈ, ਜਿਸ ਕਰਕੇ ਨਾਰੀ-ਅਧਿਐਨ ਦੀ ਮਹੱਤਤਾ ਦਰਸ਼ਨ, ਸਮਾਜ-ਸ਼ਾਸਤਰ, ਮਨੋਵਿਗਿਆਨ, ਇਤਿਹਾਸ, ਧਰਮ-ਅਧਿਐਨ ਆਦਿ ਵਿਸ਼ਿਆਂ ਵਿਚ ਵਧੇਰੇ ਵਧੀ ਹੈ। ਜੂਲੀਆ ਕ੍ਰਿਸਤੇਵਾ ਨੇ ਭਾਸ਼ਾ ਦੀ ਮਧਿਅਸਥਤਾ ਨਾਲ ਨਾਰੀ ਦੀ ਵਿਆਖਿਆ ਕੀਤੀ ਹੈ ਜਦਕਿ ਹੈਲੇਨ ਸਿੱਖੂ ਨੇ 'ਨਾਰੀ-ਇੰਦ੍ਰੀ' ਦੇ ਫੈਲਾਵੇਂ ਪਾਸਾਰਾਂ ਦੀ ਵਿਆਖਿਆ ਕਰਦੇ ਹੋਏ, ਮਰਦ ਦੇ ਅਧੂਰੇਪਣਾਂ ਅਤੇ ਅਸਮਰਥਤਾਵਾਂ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਰਿਗੈਰੇ ਨੇ ਨਾਰੀ ਦੇਹ ਅਤੇ ਅਭਿਆਸ ਉੱਤੇ ਆਧਾਰਤ ਸਮਾਜਿਕ-ਰਾਜਨੀਤਕ ਸੰਸਥਾਵਾਂ ਬਣਾਉਣ ਦੀ ਹਮਾਇਤ ਕੀਤੀ ਹੈ।

ਕ੍ਰਿਸਤੇਵਾ ਦੇ ਅਨੁਭਵ ਵਿਚ ਔਰਤ ਸ਼ੁੱਧ/ਅਸ਼ੁੱਧ ਦੇ ਫਾੜਾਂ ਅਤੇ ਭਿੱਟ ਨੂੰ ਆਪਣੀ ਊਰਜਾ ਨਾਲ ਪਾਰ ਕਰ ਜਾਂਦੀ ਹੈ ਅਤੇ ਲਿੰਗਕ ਨਿਯਮਾਂ ਨੂੰ ਰਵਾਨੀ, ਸੰਗੀਤ ਅਤੇ ਭਾਸ਼ਾ ਵਿਚ ਪਲਟ ਦਿੰਦੀ ਹੈ, ਜਿਸ ਕਰਕੇ ਉਹ ਬਹੁ-ਗੁਣੀ ਅਤੇ ਬਹੁ-ਪਰਤੀ ਬਣ ਜਾਂਦੀ ਹੈ। ਸੰਖੇਪਿਤ/ਪਰਵਰਤਿਤ ਔਰਤ, ਵਿਖਮ ਦੇਹੀ ਬਣ ਜਾਂਦੀ ਹੈ, ਜੋ ਕਿ ਆਪਣੇ ਆਪ ਨੂੰ ਵਾਕ ਅਤੇ ਚੁੱਪ ਵਿਚ ਉਚਰਿਤ ਕਰਦੀ ਹੈ। ਕ੍ਰਿਸਤੇਵਾ ਦੇ ਅਨੁਭਵ ਵਿਚ ਦੇਹ, ਵਿਖਮ ਵਾਧੇ ਕਾਰਨ ਖੇਤਰਤਾ ਲੰਘ ਜਾਂਦੀ ਹੈ ਅਤੇ ਉਸ ਦੇ ਬੁੱਲ੍ਹ ਅਤੇ ਮਾਸ, ਬ੍ਰਹਿਮੰਡ ਦੀ ਉਜਾਗਰਤਾ ਪ੍ਰਤੀ ਪ੍ਰਵਾਹਿਤ ਹੁੰਦੇ ਹਨ। ਲਿਊਸ ਇਰਿਗੈਰੇ ਦੇਹ-ਵਰਤਾਰੇ ਦੀ ਸਮਝ ਨੂੰ ਲਿਬੀਡੋ ਰਾਹੀਂ ਸਿਧਾਂਤੀਕਰਣ ਕਰਦੇ ਹੋਏ ਨਾਰੀ-ਪ੍ਰਵਚਨ ਵਿਚ ਇਹ ਸਥਾਪਿਤ ਕਰਦੀ ਹੈ ਕਿ ਭਾਸ਼ਾ ਕਰਕੇ ਮਰਦ-ਦੇਹ ਤਾਰਕਿਕ, ਲਕੀਰੀ ਅਤੇ ਸੁਬੋਧੀ ਹੋ ਜਾਂਦੀ ਹੈ ਜਦਕਿ ਨਾਰੀ-ਦੇਹ ਅਤਾਰਕਿਕ, ਅਲਕੀਰੀ ਅਤੇ ਸਮਝ ਖੇਤਰ ਵਿਚ ਨਾ-ਅਨੁਸਾਰੀ ਹੈ। ਨਾਰੀ-ਚਿੰਤਨ ਦੀ ਤੀਜੀ ਦਿਸ਼ਾ ਨੂੰ ਸਿਧਾਂਤੀਕਰਣ ਕਰਨ ਵਿਚ ਹੈਲੇਨ ਸਿੱਖੂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਨਾਰੀ-ਦੇਹ ਦੇ ਬ੍ਰਹਿਮੰਡੀ ਅਨੁਭਵਾਂ ਨੂੰ ਦਰਸਾਉਂਦੀ ਹੋਈ ਉਹ ਕਹਿੰਦੀ ਹੈ ਕਿ ਨਾਰੀ-ਦੇਹ ਬਹੁ-ਪਰਤੀ ਹੈ ਅਤੇ ਨਾਰੀ-ਲਿਖਤ ਕਦੇ ਸਧਾਰਨ ਨਹੀ ਹੋ ਸਕਦੀ, ਉਸਦੀ ਸੁਰ ਤਿੱਖੀ ਹੋਵੇਗੀ। ਸਿੱਖੂ, ਨਾਰੀ ਦੀ ਅਨੰਤ ਅਤੇ ਅਮੁੱਕ ਦੇਹ ਦੇ ਸਗਲੇਪਣ ਨੂੰ ਪੇਸ਼ ਕਰਦੀ ਹੈ, ਜਿਸਦਾ ਕੋਈ ਅੰਤ ਨਹੀ। ਇਨ੍ਹਾਂ ਸਿਧਾਂਤਕਾਰਾਂ ਤੋਂ ਇਲਾਵਾ ਸੰਸਾਰ-ਪਧਰ 'ਤੇ ਕਈ ਮਹਤਵਪੂਰਣ ਨਾਰੀ-ਚਿੰਤਕਾਂ ਅਤੇ ਚਿੰਤਕ ਹੋਏ ਹਨ, ਜਿਨ੍ਹਾਂ ਨੇ ਨਾਰੀ-ਅੀਧਐਨ ਨੂੰ ਬਹੁਪਰਤੀ ਦਿਸ਼ਾਵਾਂ ਤੋਂ ਸਮਝਿਆਂ ਓਤੇ ਸਥਾਪਤ ਕੀਤਾ ਹਨ।

## 9.3. ਪ੍ਰਮੁੱਖ ਮੁਦੇ

ਨਾਰੀ-ਅਧਿਐਨ ਦੇ ਕੁਝ ਪ੍ਰਮੁੱਖ ਪਹਿਲੂਆਂ, ਨੁਕਤਿਆਂ, ਸਿਧਾਂਤਾਂ ਅਤੇ ਉਦੇਸ਼ਾਂ ਨੂੰ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ:

- ਪਿਤਰਕੀ ਦ੍ਰਿਸ਼ਟੀ ਤੋਂ ਨਾਰੀ ਸੰਬੰਧੀ ਹੋਏ ਅਧਿਐਨਾਂ ਦਾ ਅਧਿਐਨ, ਵਿਸ਼ਲੇਸ਼ਣ ਅਤੇ ਮੁਲਾਂਕਣ ਕਰਨਾ।
- ਨਾਰੀ ਨੂੰ ਕੇਂਦਰ ਵਿਚ ਰੱਖ ਕੇ ਅਧਿਐਨ ਕਰਨਾ।
- ਨਾਰੀ ਦੀ ਦੇਹ ਅਤੇ ਮਨ ਸੰਬੰਧੀ ਸਥਾਪਤ ਧਾਰਨਾਵਾਂ ਨੂੰ ਮੁੜ-ਵਿਚਾਰ ਕਰਨਾ।
- ਨਾਰੀ ਦੀ ਧਰਮ ਅਤੇ ਸਮਾਜ ਵਿਚ ਸਥਿਤੀ ਅਤੇ ਸਥਾਨ ਨੂੰ ਸਮਝਣਾ।
- ਨਾਰੀ ਨੂੰ ਹਾਸ਼ੀਆਗਤ ਕੀਤੇ ਜਾਣ ਦੇ ਵਰਤਾਰੇ ਨੂੰ ਹਰ ਪਧਰ ‘ਤੇ ਪ੍ਰਸ਼ਨਮਈ ਕਰਨਾ।
- ਨਾਰੀ ਦੇ ਹੱਕਾਂ ਸੰਬੰਧੀ ਚੇਤਨਾ ਨੂੰ ਪ੍ਰਸਾਰਿਤ ਤੇ ਪ੍ਰਫੁਲਿਤ ਕਰਨਾ।
- ਨਾਰੀ ਨੂੰ ਧਿਆਨ ਵਿਚ ਰਖ ਕੇ ਸੰਸਥਾਵਾਂ ਦਾ ਪੁਨਰ-ਨਿਰਮਾਣ ਕਰਨਾ।
- ਨਾਰੀ ਦੀ ਬਰਾਬਰਤਾ ਦੇ ਸੰਕਲਪ ਨੂੰ ਵਿਵਹਾਰਕ ਰੂਪ ਵਿਚ ਲਾਗੂ ਕਰਵਾਉਣਾ।

## 9.4. ਸਿੱਖ-ਸਿਧਾਂਤ

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ-ਪਰਤੀ ਅਤੇ ਪਿਤਰਿਕ ਵਰਤਾਰੇ ਪ੍ਰਤੀ ਨਵੇਂ ਪ੍ਰਤੀਕ/ਚਿੰਨ੍ਹਾਂ ਦੀ ਸਾਜਨਾ ਕਰਦੇ ਹਨ, ਜਿਸ ਨਾਲ ਬ੍ਰਹਿਮੰਡੀ ਤਵਾਜ਼ਨ ਬਰਕਰਾਰ ਰਹਿੰਦਾ ਹੈ, ਕਿਸੇ ਕਿਸਮ ਦਾ ਉਲਾਰ ਨਹੀਂ ਰਹਿੰਦਾ। ਜੀਵ, ਵਾਹਿਗੁਰੂ/ਅਕਾਲ ਦੀ ਮਿਹਰ ਨਾਲ, ਜੋ ਕਿ ਦਿਆਲੂ/ਕ੍ਰਿਪਾਲੂ ਹੈ, ਮਨੁਖੀ ਦੇਹ ਪ੍ਰਾਪਤ ਕਰਦਾ ਹੈ, ਜਿਸਨੂੰ ਦੇਵ ਵੀ ਲੋਚਾ ਕਰਦੇ ਹਨ, ਸਿਮਰਦੇ ਹਨ ਕਿਉਂਕਿ ਮਨੁਖੀ ਜੀਵਨ ਰਾਹੀਂ ਨਾਮ-ਸਿਮਰਨ ਕਰਦੇ ਹੋਏ ਅਕਾਲਪੁਰਖ ਨਾਲ ਮਿਲਾਪ ਜਲਦੀ ਸੰਭਵ ਹੈ। ਗੁਰੂ ਗ੍ਰੰਥ ਸਾਹਿਬ ਦਾ ਸਿੱਖ ਆਪਣੇ ਪ੍ਰਭੂ ਨੂੰ ਮਿਲਣ ਲਈ, ਜੋ ਕਿ ਉਸਦਾ ਪਹਿਲਾ ਅਤੇ ਆਖਰੀ ਮੁਕਾਮੀ ਪੈਂਡਾ ਹੈ, ਨਾਰੀ-ਅਨੁਭਵ ਵਿਚ ਉਤਰਦਾ ਹੈ ਅਤੇ ਸੁਹਾਗਣ ਹੋਣ ਦੀ ਤਾਂਘ ਵਿਚ ਰਹਿੰਦਾ ਹੈ। ਮਨੁਖੀ ਜੋਤ ਜਾਂ ਆਤਮਾ ਆਪਣੇ ਕੰਤ/ਪ੍ਰੀਤਮ/ਪ੍ਰਭੂ/ਖਸਮ/ਵੇਪਰਵਾਹ/ਰੰਗਲਾ/ਸ਼ਹੁ ਨੂੰ ਮਿਲਣ ਲਈ ਬਿਰਹਾ ਵਿਚ ਵਿਆਕਲ ਹੁੰਦੀ ਹੈ ਅਤੇ ਜਿਸਦੇ ਅੰਗ ਤੜਪ ਵਿਚ ਬਿਹਬਲ ਹੋ ਕੇ ਮੁੜਦੇ ਜਾ ਰਹੇ ਹਨ। ਸਭ ਸ਼ਰਧਾਲੂ ਉਸ ਕੰਤ (ਵਾਹਿਗੁਰੂ) ਨੂੰ ਸੁਹਾਗਣ ਹੋ ਭਾਵਦੀਆਂ ਹਨ:

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥
ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥
ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥
ਹਰਿ ਜੀਉ ਇਉ ਪਿਰੁ ਰਾਵੈ ਨਾਰਿ॥
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ॥

ਪਿਰ ਦੀ ਯਾਦ ਵਿਚ ਤਾਂਘਦੀ ਨਾਰੀ ਆਪਣੇ ਪ੍ਰੀਤਮ ਦੇ ਪਿਆਰ ਅਤੇ ਨੇਹ ਦੇ ਦੁਖ ਵਿਚ ਹੈ, ਜਿਸ ਬਿਨਾਂ ਧਰਤੀ ‘ਤੇ ਸਭ ਕਿਛੁ ਵਿਅਰਥ ਹੈ। ਨੇਹੁ, ਪਿਆਰ ਦਾ ਆਬਦਾਰ ਅਤੇ ਕੰਚਨ ਰੂਪ ਹੈ, ਜੋ ਕਿ ਕੰਚਨ-ਕਾਇਆ ਵਿਚ ਹੀ ਵਿਗਸਦਾ ਹੈ। ਸਿੱਖ ਅਨੁਭਵ ਵਿਚਲੀ ਕਾਇਆ ਜਾਂ ਦੇਹ, ਸਿਰਫ਼ ਕਾਮੁਕ ਪੂਰਤੀ ਤੱਕ ਸੀਮਤ ਨਹੀਂ ਰਹਿੰਦੀ ਸਗੋਂ ਗ਼ੁਲਾਮੀ ਵਾਲੀ ਮਰਦਾਵੀਂ ਮਾਨਸਿਕਤਾ ਅਤੇ ਇਕ-ਪਰਤੀ ਮਾਨਸਿਕਤਾ ਨੂੰ ਪਿੱਛੇ ਛੱਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਭਵ ਅਤੇ ਸਹਿਜ ਦੀ ਅਨੰਤਤਾ ਦੇ ਮੰਡਲ ਵਿਚ ਉਤਰ ਜਾਂਦੀ ਹੈ। ਇਸ ਤਰ੍ਹਾਂ ਸ਼ਰਧਾਲੂ ਦੇਹ ਹਰਿਮੰਦਰ ਹੋ ਜਾਂਦੀ ਹੈ ਅਤੇ ਉਸ ਵਿਚ ਅਕਾਲ ਪੁਰਖ ਵੱਸਦਾ ਹੈ;

ਕਾਇਆ ਕੰਚਨ ਕੋਟੁ ਅਪਾਰਾ॥
ਜਿਸੁ ਵਿਚਿ ਰਵਿਆ ਸਬਦੁ ਅਪਾਰਾ॥
ਗੁਰਮੁਖਿ ਗਾਵੈ ਸਦਾ ਗੁਣ ਸਾਚੇ ਮਿਲਿ ਪ੍ਰੀਤਮ ਸੁਖੁ ਪਾਇਦਾ॥
ਕਾਇਆ ਹਰਿ ਮੰਦਰੁ ਹਰਿ ਆਪਿ ਸਵਾਰੇ ॥
ਤਿਸੁ ਵਿਚਿ ਹਰਿ ਜੀਉ ਵਸੈ ਮੁਰਾਰੇ॥
ਗੁਰ ਕੈ ਸਬਦਿ ਵਣਜਨਿ ਵਾਪਾਰੀ ਨਦਰੀ ਆਪਿ ਮਿਲਾਇਦਾ॥

ਨਾਰੀ-ਚਿੰਤਨ ਦੇ ਸਿਧਾਂਤਾਂ ਦੀ ਵਿਆਖਿਆ ਅਨੁਸਾਰ ਨਾਰੀ-ਦੇਹ ਵਿਦਰੋਹੀ-ਸੁਰ ਵਾਲੀ ਹੋ ਜਾਂਦੀ ਹੈ, ਜਿੱਥੇ ਕੁਦਰਤੀ ਤਵਾਜ਼ਨ ਹਿੱਲ ਜਾਂਦੇ ਹਨ ਪਰ ਸਿੱਖੀ ਵਿਚ ਅਜਿਹਾ ਨਹੀਂ ਹੈ। ਗੁਰੂ ਸਾਹਿਬਾਨ ਨੇ ਔਰਤ ਦੇ ਸਨਮਾਨ ਨੂੰ ਜਿਹੜੇ ਸਿਧਾਂਤ ਵਿਚ ਪ੍ਰੀਭਾਸ਼ਤ ਕਰ ਦਿੱਤਾ ਹੈ, ਉਸ ਅਨੁਸਾਰ ਵਾਹਿਗੁਰੂ ਨੂੰ ਔਰਤ ਦੇ ਅਨੁਭਵ ਭਾਵ ਵਾਹਿਗੁਰੂ ਨੂੰ ਪਤੀ-ਪ੍ਰੀਤਮ ਦੇ ਰੂਪ ਵਿਚ ਮਿਲਿਆ ਜਾ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇਹ ਦੀ ਪਵਿੱਤਰਤਾ ਰਾਹੀਂ ਤਵਾਜ਼ਨ ਸਥਾਪਿਤ ਕਰਦੇ ਹਨ। ਸਿੱਖ-ਅਨੁਭਵ ਵਿਚ ਨਾਰੀ ਨੂੰ ‘ਕੌਰ’ ਸ਼ਬਦ ਨਾਲ ਸਨਮਾਨਿਆ ਗਿਆ ਹੈ, ਜੋ ਕਿ ਕੋਮਲਤਾ ਅਤੇ ਨਫ਼ੀਸੀਅਤਾ ਦਾ ਚਿੰਨ੍ਹ ਹੈ। ਦੇਹ ਦੁਆਰਾ ਸਾਹ ਦੇ ਆਖਰੀ ਅਨੁਭਵ ਨੂੰ ਮਾਨਣ ਤੱਕ ਦੇਹ ਨੂੰ ਕੰਚਨ/ਹਰਿਮੰਦਰ ਰੱਖਣਾ ਸਿੱਖ-ਅਨੁਭਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਨਾਰੀ-ਅਨੁਭਵ ਸਿਰਫ਼ ਦੇਹ ਭੋਗਣ ਤਕ ਨਹੀਂ ਹੈ ਬਲਕਿ ਇਸ ਤੋਂ ਅਗੇ ਅਧਿਆਤਮਕਤਾ ਦੇ ਉਹਨਾਂ ਉਚੇ ਮੰਡਲਾਂ ਨੂੰ ਅਨੁਭਵ ਕਰਨ ਦੇ ਸਮਰਥ ਹੈ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਔਰਤ ਅਧਿਆਤਮਕ ਅਨੁਭਵਾਂ ਦੇ ਸਮਰੱਥ ਨਹੀਂ ਹੈ।

ਸਿੱਖ ਧਰਮ ਅਤੇ ਸਿੱਖ ਦਰਸ਼ਨ ਵਿਚ ਔਰਤ ਨੂੰ ਬਹੁਤ ਹੀ ਸਨਮਾਨਜਨਕ ਵਤੀਰੇ ਨਾਲ ਵੇਖਿਆ ਗਿਆ ਹੈ। ਭਾਰਤੀ ਸਮਾਜ ਵਰਣ ਅਤੇ ਅਗੇ ਜਾ ਕੇ ਜਾਤੀ ਆਧਾਰ ਤੇ ਵੰਡਿਆ ਹੋਇਆ ਹੈ। ਜਾਤ ਪ੍ਰਥਾ ਮੁਖ ਰੂਪ ਵਿਚ ਸਨਾਤਨੀ/ਹਿੰਦੂ ਮੂੱਲਾਂ ਤੋਂ ਹੀ ਆਪਣੀ ਹੋਂਦ ਤਲਾਸ਼ਦੀ ਹੈ। ਸਮਾਜਕ ਵਰਗਾਂ ਦੀ ਬਣਤਰ, ਭਾਵੇਂ ਉਹ ਜਾਤ ਪ੍ਰਥਾ ਹੋਵੇ ਜਾਂ ਲਿੰਗ ਵਿਤਕਰਾ, ਪ੍ਰਮੁੱਖ ਰੂਪ ਵਿਚ ਧਰਮ ਵਿਚੋਂ ਹੀ ਲੱਭਦੀ ਹੈ। ਇਹ ਸਮਾਜਕ ਵਰਗ ਪਵਿੱਤਰਤਾ ਅਤੇ

ਅਪਵਿੱਤਰਤਾ 'ਤੇ ਅਧਾਰਿਤ ਹਨ ਅਤੇ ਔਰਤਾਂ ਨੂੰ ਧਰਮ ਵਿਚ ਅਪਵਿਤਰ, ਸਰੀਰਕ ਤੌਰ 'ਤੇ ਨਿਰਬਲ ਅਤੇ ਅਧਿਆਤਮਿਕ ਤੌਰ ਤੇ ਕਮਜ਼ੋਰ ਮੰਨਿਆ ਜਾਂਦਾ ਹੈ। ਕਈ ਤਰ੍ਹਾਂ ਦੀਆਂ ਧਾਰਮਿਕ ਲਿਖਤਾਂ ਅਨੁਸਾਰ ਔਰਤ ਦੀ ਕਾਮੁਕਤਾ ਅਤੇ ਸਰੀਰਕ ਦਬਾਅ ਹੇਠ ਆ ਜਾਣ ਦੀ ਕਮਜ਼ੋਰੀ ਕਾਰਨ ਉਨ੍ਹਾਂ ਨੂੰ ਲਗਾਤਾਰ ਨਜ਼ਰ ਹੇਠ ਰੱਖਣ ਦੀ ਲੋੜ ਕਰਕੇ ਪ੍ਰੀਭਾਸ਼ਤ ਕੀਤਾ ਗਿਆ ਹੈ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਤਰ੍ਹਾਂ ਦੀ ਸਮਝ ਨੂੰ ਸਥਾਪਤ ਕੀਤਾ ਗਿਆ ਹੈ। ਸਿੱਖ-ਪਰੰਪਰਾ ਨੇ ਇਸ ਦ੍ਰਿਸ਼ਟੀਕੋਣ ਨੂੰ ਤੋੜਿਆ ਹੈ। ਸ਼ਬਦ-ਅਨੁਭਵ ਦੀ ਸਭਿਆਚਾਰਕ ਸੰਰਚਨਾ ਵਿਚ ਔਰਤ ਅਤੇ ਮਰਦ ਦੇ ਕੁਦਰਤੀ ਵਖਰੇਵੇਂ ਦੀ ਧਾਰਨਾ ਨੂੰ ਸਮਾਜਕਤਾ ਅਤੇ ਅਧਿਆਤਮਕ ਪਾਸਾਰਾਂ ਵਿਚ ਨਿਮਨ-ਉਚਤਮ ਦੀ ਕੀਮਤ ਨਾ ਮਿਥ ਕੇ ਸਾਮਾਨ ਮੰਨਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਅੰਤਮ ਸਿਰਜਣਹਾਰ ਅਕਾਲ ਪੁਰਖ ਹੈ ਜੋ ਨਾ ਤਾਂ ਮਰਦ ਹੈ ਅਤੇ ਨਾ ਹੀ ਔਰਤ। ਕਰਤਾ ਪੁਰਖ, ਜੋ ਕਿ ਪੂਰਨ ਰਚਨਾਹਾਰ ਹੈ, ਨੇ ਹੀ ਸਾਰੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ। ਜੋ ਸਾਧਕ ਹੈ ਉਹ ਇਕ ਨਾਰੀ ਹੈ ਜੋ ਕਰਤਾ ਪੁਰਖ ਨਾਲ ਸਾਂਝ ਪਾਉਣਾ ਚਾਹੁੰਦੀ ਹੈ। ਸਾਧਕ ਦਾ ਬਿੰਬ ਇਕ ਇਸਤਰੀ ਦਾ ਬਿੰਬ ਹੈ, ਜੋ ਆਪਣੇ ਪਤੀ ਪਰਮੇਸ਼ਵਰ ਨਾਲ ਨਾਰੀ ਪ੍ਰੇਮ ਅਤੇ ਸ਼ਰਧਾ ਨਾਲ ਹੀ ਅਧਿਆਤਮਕ ਉੱਚਾਈ ਹਾਸਿਲ ਕਰਦੀ ਹੈ, ਨੂੰ ਹੀ ਗੁਰੂ ਗ੍ਰੰਥ ਸਾਹਿਬ ਵਿਚ ਉੱਤਮ ਮੰਨਿਆ ਗਿਆ ਹੈ। ਸੋ ਇਸ ਤਰ੍ਹਾਂ ਅਕਾਲ ਪੁਰਖ ਦੀ ਸਿਰਜਣਾਤਮਕ ਮਹਾਨਤਾ ਨੂੰ ਮਹਿਸੂਸ ਕਰਨ ਲਈ ਲਾਜਮੀ ਹੈ ਕਿ ਸਾਧਕ ਔਰਤ ਦੀਆਂ ਬਹੁਪਖੀ ਅਤੇ ਸੁਤੰਤਰ ਊਰਜਾਵਾਂ ਪ੍ਰਾਪਤ ਕਰੇ। ਗ੍ਰਹਿਸਥ ਦਾ ਕੇਂਦਰੀ ਧੁਰਾ ਔਰਤ ਮੰਨੀ ਜਾਂਦੀ ਹੈ ਅਤੇ ਸਿੱਖ-ਅਨੁਭਵ ਵਿਚ ਗ੍ਰਹਿਸਥ-ਜੀਵਨ ਨੂੰ ਉੱਚਤਮ ਪੱਧਰ 'ਤੇ ਮੰਨਿਆ ਗਿਆ ਹੈ। ਸਿੱਖੀ ਅਨੁਸਾਰ ਔਰਤ ਅਤੇ ਮਰਦ ਨੂੰ ਇਕ ਹੀ ਅਸਿਤਤਵ ਦੇ ਦੋ ਪਹਿਲੂ ਹਨ, ਜਿਸ ਵਿਚ ਸ੍ਰੇਸ਼ਟ ਗੁਣਾਂ ਦਾ ਧਾਰਨੀ ਅਸਿਤਤਵ ਸੁਹਾਗਣ ਹੈ, ਜੋ ਸੁਲੱਖਣੀ ਕਰਕੇ ਜਾਣੀ ਜਾਂਦੀ ਹੈ। ਨਾਰੀ ਦੀ ਸੋਭਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਦਰਜ਼ ਹੈ:

ਨਿਜ ਭਗਤੀ ਸੀਲਵੰਤੀ ਨਾਰਿ॥ ਰੂਪਿ ਅਨੂਪ ਪੂਰੀ ਆਚਾਰਿ॥
ਜਿਤੁ ਗ੍ਰਿਹਿ ਵਸੈ ਸੋ ਗ੍ਰਿਹੁ ਸੋਭਾਵੰਤਾ॥ਗੁਰਮੁਖਿ ਪਾਈ ਕਿਨੈ ਵਿਰਲੈ ਜੰਤਾ॥
ਸੁਕਰਣੀ ਕਾਮਣਿ ਗੁਰ ਮਿਲਿ ਹਮ ਪਾਈ॥ ਜਜਿ ਕਾਜਿ ਪਰਥਾਇ ਸੁਹਾਈ॥
ਜਿਚਰੁ ਵਸੀ ਪਿਤਾ ਕੈ ਸਾਥਿ॥ ਤਿਚਰੁ ਕੰਤ ਬਹੁ ਫਿਰੈ ਉਦਾਸਿ॥
ਕਰਿ ਸੇਵਾ ਸਤ ਪੁਰਖੁ ਮਨਾਇਆ॥ ਗੁਰਿ ਆਣੀ ਘਰ ਮਹਿ ਤਾ ਸਰਬ ਸੁਖ ਪਾਇਆ॥
ਬਤੀਹ ਸੁਲਖਣੀ ਸਚੁ ਸੰਤਤਿ ਪੂਤ॥ ਆਗਿਆਕਾਰੀ ਸੁਘੜ ਸਰੂਪ॥
ਇਛ ਪੂਰੇ ਮਨ ਕੰਤ ਸੁਆਮੀ॥ ਸਗਲ ਸੰਤੋਖੀ ਦੇਰ ਜੇਠਾਨੀ॥
ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ ਦੇਵਰ ਜੇਸਟ॥
ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ॥ ਜਨ ਨਾਨਕ ਸੁਖੇ ਸੁਖਿ ਵਿਹਾਇ॥

ਸਮਾਜਕ ਜੀਵਨ ਵਿਚ ਸਿੱਖੀ ਔਰਤਾਂ ਦੀ ਰਚਨਾਤਮਕ ਅਤੇ ਕੁਦਰਤੀ ਪ੍ਰਕਿਰਿਆਵਾਂ ਦੀ ਧਾਰਨਾਵਾਂ ਨੂੰ ਸਥਾਪਤ ਕਰਦਾ। ਔਰਤ ਨਾਲ ਸੰਬੰਧਤ ਜਣਨ-ਸ਼ਕਤੀ ਅਤੇ ਉਸਦੀ ਦੇਹ ਨਾਲ ਸੰਬੰਧਤ ਪ੍ਰਕਿਰਿਆਵਾਂ ਪ੍ਰਤੀ ਨਾਂਹਮੁਖੀ ਸੋਚ ਨੂੰ ਨਕਾਰਿਆ ਗਿਆ। ਔਰਤ ਨੂੰ ਅਪਵਿਤਰ (ਸੂਤਕ) ਮੰਨ ਕੇ ਕਈ ਤਰ੍ਹਾਂ ਦੀਆਂ ਸੀਮਾਵਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿਚ ਧਾਰਮਿਕ ਸਥਾਨਾਂ ਤੇ ਜਾਣ ਤੋਂ ਮਨਾਹੀ, ਧਾਰਮਿਕ ਕਾਰਜਾਂ ਅਤੇ ਸੇਵਾਵਾਂ ਲਈ ਮਨਾਹੀ ਆਦਿ ਵੀ ਸ਼ਾਮਿਲ ਹਨ। ਗੁਰਬਾਣੀ ਵਿਚ ਇਸ ਵਰਤਾਰੇ ਨੂੰ ਨਕਾਰਿਆ ਗਿਆ ਹੈ:

ਜੇ ਕਰਿ ਸੂਤਕੁ ਮੰਨੀਐ ਸਭ ਤੇ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੇ ਧੋਇ॥

ਗੁਰੂ ਸਾਹਿਬਾਨ ਨੇ ਪਰਦਾ ਅਤੇ ਸਤੀ ਵਰਗੀਆਂ ਸ਼ੋਸ਼ਣ ਕਰਨ ਵਾਲੀਆਂ ਪ੍ਰਥਾਵਾਂ ਨੂੰ ਖਤਮ ਕੀਤਾ ਅਤੇ ਇਸ ਨਾਲ ਸਿੱਖ-ਜੀਵਨ ਵਿਚ ਔਰਤ ਨੂੰ ਸਨਮਾਨ ਮਿਲਿਆ। ਗੁਰੂ ਸਾਹਿਬਾਨ ਸਮੇਂ ਸਮਾਜ ਵਿਚ ਔਰਤ ਦੀ ਸਥਿਤੀ ਬੜੀ ਹੀਣ ਸੀ। ਕਈ ਤਰ੍ਹਾਂ ਦੀਆਂ ਸਮਾਜਕ ਕੁਰੀਤੀਆਂ ਜਿਵੇਂ ਕਿ ਸਤੀ ਅਤੇ ਪਰਦਾ ਪ੍ਰਥਾ, ਬਾਲ-ਵਿਆਹ, ਕੰਨਿਆ-ਹਤਿਆ ਆਦਿ ਪ੍ਰਚਲਤ ਸਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਨੇ ਦੂਰ ਕਰਨ ਲਈ ਸਿਧਾਂਤਕ ਅਤੇ ਵਿਵਹਾਰਕ ਤੌਰ ‘ਤੇ ਕਾਰਜ ਕੀਤੇ ਅਤੇ ਔਰਤ ਦੇ ਮਾਣ ਸਤਿਕਾਰ ਨੂੰ ਠੇਸ ਪਹੁੰਚਾਉਣ ਵਾਲਿਆਂ ਪ੍ਰਤੀ ਤਾੜਨਾ ਕੀਤੀ ਕਿ ਦਰਸਾਇਆ ਕਿ ਔਰਤ ਹੀ ਹੈ, ਜਿਸਦੀ ਕੁੱਖ ਵਿਚੋਂ ਹੀ ਸਭ ਦਾ ਜਨਮ ਹੋਇਆ ਹੈ। ਔਰਤ ਦੀ ਸਮਾਜ ਵਿਚਲੀ ਸਥਿਤੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਇਸ ਤਰ੍ਹਾਂ ਅੰਕਿਤ ਕੀਤਾ ਗਿਆ ਹੈ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ॥
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

## 9.5. ਆਦਰਸ਼ਕ ਸਿੱਖ-ਬੀਬੀਆਂ

ਗੁਰੂ ਸਾਹਿਬਾਨ ਦੁਆਰਾ ਧਰਤੀ 'ਤੇ 'ਸ਼ਬਦ-ਸਭਿਅਤਾ' ਦੀ ਸਥਾਪਤੀ ਲਈ ਔਰਤਾਂ ਨੂੰ ਸਮਾਜਕ, ਆਰਥਕ, ਸਭਿਆਸਾਰਕ, ਇਤਿਹਾਸਕ ਅਤੇ ਅਧਿਆਤਮਕ ਕਾਰਜਾਂ ਵਿਚ ਬਰਾਬਰ ਦਾ ਭਾਗੀਦਾਰ ਬਣਾ ਕੇ ਉਸਦੀ ਸਦੀਆਂ ਤੋਂ ਜੁੜੀ ਹੋਈ ਗ਼ੁਲਾਮੀ ਨੂੰ ਕਟ ਕੇ ਮਾਣਮਤੇ, ਸੁਤੰਤਰਤਮਈ ਅਤੇ ਮਰਿਯਾਦਾਮਈ ਜੀਵਨ ਦਾ ਰਾਹ ਖੋਲ੍ਹਿਆ। ਗੁਰੂ-ਪਰਿਵਾਰ ਨਾਲ ਸੰਬੰਧਤ ਮਾਤਾ ਤ੍ਰਿਪਤਾ ਜੀ, ਬੇਬੇ ਨਾਨਕੀ ਜੀ, ਮਾਤਾ ਸੁਲਖਣੀ ਜੀ, ਮਾਤਾ ਖੀਵੀ ਜੀ, ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਮਾਤਾ ਕੌਲਾਂ ਜੀ, ਮਾਤਾ ਨਾਨਕੀ ਜੀ, ਬੀਬੀ ਵੀਰੋ ਜੀ, ਮਾਤਾ ਗੁਜਰੀ ਜੀ, ਮਾਤਾ ਜੀਤੋ ਜੀ, ਮਾਤਾ ਸੁੰਦਰੀ ਜੀ, ਮਾਤਾ ਸਾਹਿਬ ਦੇਵਾਂ ਆਦਿ ਵਿਸ਼ੇਸ਼ ਨਾਮ ਹਨ, ਜਿਨ੍ਹਾਂ ਨੇ ਸਿੱਖ-ਪੰਥ ਦੇ ਬਹੁਪਖੀ ਪਾਸਾਰਾਂ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਨ੍ਹਾਂ ਵਿਚੋਂ ਕੁਝ ਇਕ ਦਾ ਵਿਵਰਣ ਮਹਤਵਪੂਰਣ ਹੈ:

### 9.5.1 ਬੇਬੇ ਨਾਨਕੀ ਜੀ:

ਬੇਬੇ ਨਾਨਕੀ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਡੀ ਭੈਣ ਦਾ ਨਾਮ ਹੈ, ਜਿਸਨੇ ਗੁਰੂ ਨਾਨਕ ਸਾਹਿਬ ਦੀ ਰੂਹਾਨੀ ਅਤੇ ਅਧਿਆਤਮਕ ਕਮਾਈ ਦੀ ਪਛਾਣ ਕੀਤੀ। ਬੇਬੇ ਨਾਨਕੀ ਪਹਿਲੀ ਸਿੱਖ ਹੈ, ਜਿਸਨੇ ਆਪਣੇ ਛੋਟੇ ਭਰਾ ਨੂੰ ਗੁਰੂ ਮੰਨ ਸੀਸ ਨਿਵਾਇਆ ਅਤੇ ਆਖ਼ਿਰੀ ਸਾਹ ਤਕ ਸਿੱਖੀ ਨਿਭਾਈ। ਗੁਰੂ ਜੀ ਨਾਲ ਸੰਬੰਧਤ ਪਰਿਵਾਰਕ ਵਿਵਹਾਰ ਅਤੇ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਨਿਰਵਰਤ ਕਰਨ ਵਿਚ ਬੇਬੇ ਨਾਨਕੀ ਜੀ ਨੇ ਭੂਮਿਕਾ ਨਿਭਾਈ।

### 9.5.2 ਮਾਤਾ ਖੀਵੀ ਜੀ

ਮਾਤਾ ਖੀਵੀ ਜੀ, ਤੀਸਰੇ ਨਾਨਕ, ਸ੍ਰੀ ਗੁਰੂ ਅਮਰਦਾਸ ਜੀ ਦੀ ਸੁਪਤਨੀ ਸਨ, ਜਿਨ੍ਹਾਂ ਨੇ ਸਿੱਖ-ਪੰਥ ਦੀ ਮਹਤਵਪੂਰਣ ਸੰਸਥਾ "ਪੰਗਤ" ਨੂੰ ਸਥਾਪਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਪੰਗਤ ਵਿਵਸਥਾ ਨੇ ਪਹਿਲੀ ਵਾਰੀ ਸਮਾਜ ਵਿਚਲੇ ਜਾਤ-ਪਾਤ, ਊਚ-ਨੀਚ, ਭੇਦ-ਭਾਵ, ਛੂਆ-ਛਾਤ ਦੇ ਕੋੜ੍ਹ ਦੇ ਨਿਵਾਰਣ ਲਈ ਮਹਤਵਪੂਰਣ ਭੂਮਿਕਾ ਨਿਭਾਈ, ਜਿਸ ਵਿਚ ਪਹਿਲੀ ਵਾਰ ਵਾਪਰਿਆ ਕਿ ਸਭ ਤਰ੍ਹਾਂ ਦੇ ਲੋਕ ਬਿਨਾਂ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਲੰਗਰ ਛਕਣ ਲਗੇ। ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਸਥਾਪਤ ਇਸ ਸੰਸਥਾ ਨੂੰ ਸਥਾਪਤ ਕਰਨ ਦੀ ਮਾਤਾ ਖੀਵੀ ਜੀ ਨੇ ਲੰਗਰ ਦੀ ਜ਼ਿੰਮੇਵਾਰੀ ਆਪ ਲਈ ਅਤੇ ਸੇਵਾ ਕੀਤੀ। ਇਸ ਸੰਬੰਧੀ ਗੁਰਬਾਣੀ ਵਿਚ ਵੀ ਦਰਜ਼ ਹੈ ਕਿ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥
ਗੁਰਸਿੱਖਾ ਕੇ ਮੁਖ ਉਜਲੇ ਮਨਮੁਖ ਥੀਏ ਪਰਾਲੀ॥
ਪਏ ਕਬੂਲ ਖਸੰਮ ਨਾਲਿ ਜਾਂ ਘਾਲ ਮਰਦੀ ਘਾਲੀ॥

ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ॥

### 9.5.3 ਬੀਬੀ ਵੀਰੋ ਜੀ

ਬੀਬੀ ਵੀਰੋ ਜੀ, ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਪੁਤਰੀ ਸਨ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਭੈਣ ਸਨ। ਆਪ ਜੀ ਦੇ ਪੰਜ ਸਪੁਤਰ ਸਨ, ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਪਹਾੜੀ ਰਾਜੇ ਫ਼ਤਹਿ ਚੰਦ ਦੀ ਭੰਗਾਣੀ ਵਿਖੇ ਹੋਈ ਲੜਾਈ ਵਿਚ ਹਿਸਾ ਲਿਆ। ਇਸ ਲੜਾਈ ਵਿਚ ਪੰਜ ਸਪੁਤਰਾਂ ਵਿਚੋਂ ਭਾਈ ਸੰਗੋ ਸ਼ਾਹ ਜੀ ਅਤੇ ਭਾਈ ਜੀਤ ਮਲ ਜੀ ਨੇ ਸ਼ਹੀਦੀ ਪਾਈ। ਬੀਬੀ ਵੀਰੋ ਜੀ ਸਿੱਖੀ-ਸੇਵਾ ਕਰਦੇ ਸਨ ਅਤੇ ਪਰੰਪਰਾ ਵਿਚ ਇਹ ਦਰਜ਼ ਮਿਲਦਾ ਹੈ ਕਿ ਉਹ ਕਾਤਬ ਵੀ ਸਨ ਭਾਵ ਉਹ ਗੁਰਬਾਣੀ ਦੀਆਂ ਪੋਥੀਆਂ ਦੇ ਉਤਾਰੇ ਕਰਦੇ ਸਨ।

### 9.5.4 ਮਾਤਾ ਸੁੰਦਰੀ ਜੀ

ਮਾਤਾ ਸੁੰਦਰੀ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੁਪਤਨੀ ਸਨ। ਗੁਰੂ ਸਾਹਿਬ ਦੇ ਜੋਤੀ-ਜੋਤਿ ਸਮਾਉਣ ਤੋਂ ਬਾਅਦ ਮਾਤਾ ਸੁੰਦਰੀ ਜੀ ਨੇ ਇਕ ਲੰਬਾ ਸਮਾਂ ਖ਼ਾਲਸਾ-ਪੰਥ ਦੀ ਅਗਵਾਈ ਕੀਤੀ। ਵਖ-ਵਖ ਸੰਘਰਸ਼ਾਂ ਦੇ ਸਮੇਂ ਮਾਤਾ ਸੁੰਦਰੀ ਜੀ ਨੇ ਸਿੱਖਾਂ ਨੂੰ ਹੁਕਮਨਾਮੇ ਲਿਖ ਕੇ ਇਕਤਰ ਕੀਤਾ। ਮਾਤਾ ਸੁੰਦਰੀ ਜੀ ਅਗਵਾਈ ਵਿਚ ਹੀ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ) ਦੀ ਸੇਵਾ ਸੌਂਪੀ। ਮਾਤਾ ਸੁੰਦਰੀ ਜੀ ਦੇ ਯਤਨਾਂ ਅਤੇ ਨਿਰਦੇਸ਼ ਸਦਕਾ ਭਾਈ ਮਨੀ ਸਿੰਘ ਜੀ ਨੇ ਸ੍ਰੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਇਕਤਰ ਕਰਕੇ ਇਕ ਥਾਂ ‘ਤੇ ਕੀਤਾ।

### 9.5.5 ਮਾਈ ਭਾਗੋ ਜੀ

ਅਨੇਕ ਸਿੱਖ ਸ਼ਰਧਾਲੂ ਔਰਤਾਂ ਤੋਂ ਇਲਾਵਾ ਮਾਈ ਭਾਗੋ ਇਕ ਵਿਸ਼ੇਸ਼ ਨਾਮ ਹੈ, ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੌਰਾਨ ਖਿਦਰਾਣੇ ਦੀ ਜੰਗ ਵਿਚ ਹਿਸਾ ਲਿਆ। ਸ੍ਰੀ ਆਨੰਦਪੁਰ ਸਾਹਿਬ ਦੇ ਕਿਲੇ ਨੂੰ ਮੁਗ਼ਲਾਂ ਦੁਆਰਾ ਘੇਰਾ ਪਾਉਣ ਵੇਲੇ ਮਾਲਵੇ ਦੇ ਚਾਲੀ ਸਿੱਖਾਂ ਨੇ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਵਾਪਿਸ ਆਪਣੇ ਘਰਾਂ ਨੂੰ ਆ ਗਏ। ਮਾਈ ਭਾਗੋ ਨੂੰ ਜਦ ਪਤਾ ਲਗਿਆਂ ਤਾਂ ਉਸਨੇ ਮੁੜੇ ਹੋਏ ਸਿੱਖਾਂ ਨੂੰ ਲਾਹਨਤਾਂ ਪਾਈਆਂ ਅਤੇ ਆਪ ਘੋੜੇ ‘ਤੇ ਸਵਾਰ ਹੋ ਕੇ ਜੰਗ ਦੇ ਮੈਦਾਨ ਵਲ ਤੁਰ ਪਈ। ਉਸਦੇ ਸਾਹਸ ਨੂੰ ਦੇਖ ਕੇ ਚਾਲੀ ਸਿੱਖ ਵੀ ਵਾਪਿਸ ਮੁੜ ਪਏ। ਮਾਈ ਭਾਗੋ ਨੇ ਖਿਦਰਾਣੇ ਦੀ ਢਾਬ ‘ਤੇ ਮੁਗ਼ਲਾਂ ਨਾਲ ਹੋਈ ਜੰਗ ਵਿਚ ਲੜਾਈ ਕੀਤੀ ਅਤੇ ਇਸ ਤੋਂ ਬਾਅਦ ਜਦ ਇਥੋਂ ਗੁਰੂ ਸਾਹਿਬ ਦਖਣ ਵਲ ਤੁਰੇ ਤਾਂ ਮਾਈ ਭਾਗੋ ਵੀ ਉਹਨਾਂ ਨਾਲ ਸੀ।

## 9.6 ਸਮਕਾਲੀ ਵਰਤਾਰਾ

ਸਿੱਖ-ਇਤਿਹਾਸ ਵਿਚ 18ਵੀਂ ਅਤੇ 19ਵੀਂ ਸਦੀ ਦੌਰਾਨ ਸਿੱਖ-ਸੰਘਰਸ਼ਾਂ ਵਿਚ ਸਿੱਖ-ਔਰਤਾਂ ਦਾ ਮਹਤਵਪੂਰਣ ਯੋਗਦਾਨ ਹੈ, ਜਿਨ੍ਹਾਂ ਨੇ ਨਾ ਕੇਵਲ ਜੰਗਾਂ-ਯੁਧਾਂ ਵਿਚ ਹਿਸਾ ਲਿਆ ਸਗੋਂ ਅਨੇਕ ਤਰ੍ਹਾਂ ਨਾਲ ਸਿੱਖ-ਪੰਥ ਦੀ ਪ੍ਰਫੁੱਲਤਾ ਲਈ ਆਪਣਾ ਜੀਵਨ ਲਾਇਆ। ਮਿਸਲ ਕਾਲ ਦੌਰਾਨ ਰਾਣੀ ਸਦਾ ਕੌਰ ਦੀ ਭੂਮਿਕਾ ਅਤੇ ਰਣਜੀਤ-ਕਾਲ ਦੇ ਦੌਰਾਨ ਮਹਾਰਾਣੀ ਜਿੰਦਾਂ ਦੀ ਭੂਮਿਕਾ ਮਹੱਤਵਪੂਰਣ ਰਹੀ ਹੈ। ਅੰਗਰੇਜ਼ੀ ਸ਼ਾਸ਼ਨ ਦੌਰਾਨ ਸਿੰਘ-ਸਭਾਵਾਂ, ਚੀਫ਼ ਖ਼ਾਲਸਾ ਦੀਵਾਨ ਅਤੇ ਸਿੱਖ-ਚਿੰਤਕਾਂ ਉਦਾਹਰਣ ਵਜੋਂ ਭਾਈ ਵੀਰ ਸਿੰਘ ਵਰਗਿਆਂ ਦੀਆਂ ਭੂਮਿਕਾ ਕਰਕੇ ਆਧੁਨਿਕ-ਕਾਲ ਵਿਚ ਸਿੱਖ-ਔਰਤਾਂ ਦੀ ਪੜ੍ਹਾਈ-ਲਿਖਾਈ ਅਤੇ ਕਾਰਜਕਾਰੀ ਹੁਨਰਤਾ ਵਿਚ ਵਿਸ਼ੇਸ਼ ਧਿਆਨ ਦਿੱਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੀਆਂ ਵਿਦਿਅਕ ਕਾਨਫ਼ਰੰਸਾਂ ਵਿਚ ਸਿੱਖ-ਔਰਤਾਂ ਦੀ ਭੂਮਿਕਾ ਸਲਾਹਣਯੋਗ ਹੈ। ਇਸ ਸਮੇਂ ਦੌਰਾਨ ਬੀਬੀ ਹਰਨਾਮ ਕੌਰ (1882-1906) ਇਕ ਵਿਸ਼ੇਸ਼ ਹਸਤੀ ਸੀ, ਜਿਸਨੇ ਲੜਕੀਆਂ ਦੀ ਪੜ੍ਹਾਈ ਲਈ ਫ਼ਿਰੋਜ਼ਪੁਰ ਵਿਖੇ ਸਕੂਲ ਖੋਲ੍ਹਿਆ ਅਤੇ ਔਰਤਾਂ ਦੀ ਬਿਹਤਰੀ ਲਈ 'ਸਤਿਸੰਗ' ਸੁਸਾਇਟੀ ਦਾ ਨਿਰਮਾਣ ਕੀਤਾ ਅਤੇ ਇਸ ਤਰ੍ਹਾਂ ਦੇ ਹੋਰ ਅਨੇਕਾਂ ਕਾਰਜ ਕੀਤੇ। ਸਿੱਖ-ਸੰਸਥਾਵਾਂ ਅਤੇ ਵਿਦਵਾਨਾਂ ਦੀ ਸਹਾਇਤਾ ਨਾਲ ਉਸ ਸਮੇਂ ਦੌਰਾਨ ਅਨੇਕਾਂ ਸਿੱਖ-ਔਰਤਾਂ ਵਿਦਿਆ, ਸਾਹਿਤ, ਸੰਗੀਤ ਆਦਿ ਖੇਤਰਾਂ ਵਿਚ ਭੂਮਿਕਾਵਾਂ ਨਿਭਾਉਣ ਲਗੀਆਂ, ਜਿਸਦੇ ਅਸਰ ਕਰਕੇ ਸਿੱਖ-ਸਮਾਜ ਵਿਚ ਵਡੀਆਂ ਤਬਦੀਲੀਆਂ ਆਈਆਂ। ਇਸ ਤੋਂ ਇਲਾਵਾ ਉਸ ਸਮੇਂ ਤੋਂ ਲੈ ਕੇ ਹੁਣ ਤਕ ਵਖ-ਵਖ ਖੇਤਰਾਂ ਵਿਚ ਸਿੱਖ-ਔਰਤਾਂ ਨੇ ਭੂਮਿਕਾ ਨਿਭਾਈ ਹੈ। ਵਰਤਮਾਨ ਸਮੇਂ ਵਿਚ ਸਿੱਖ-ਔਰਤਾਂ ਵਖ-ਵਖ ਖੇਤਰਾਂ ਭਾਵ ਧਰਮ, ਸਾਹਿਤ, ਵਿਦਿਆ, ਸੰਗੀਤ, ਕਲਾ, ਆਰਥਿਕਤਾ, ਚਕਿਤਸਾ, ਕਾਨੂੰਨ, ਰਾਜਨੀਤੀ ਆਦਿ ਵਿਚ ਕਾਰਜ ਕਰ ਰਹੀਆਂ ਹਨ।

## 9.7 ਸਾਰ

- ਨਾਰੀ-ਅਧਿਐਨ ਔਰਤਾਂ ਨਾਲ ਸੰਬੰਧਤ ਵਖ-ਵਖ ਮੁਦਿਆਂ ਦਾ ਅਧਿਐਨ ਕਰਦਾ ਹੈ।
- ਮਨੁਖੀ ਇਤਿਹਾਸ ਵਿਚ ਔਰਤ ਨੂੰ ਮਨ ਅਤੇ ਸਰੀਰ ਤੋਂ ਕਮਜ਼ੋਰ ਮੰਨਿਆ ਗਿਆ ਹੈ।
- ਧਰਮ ਦੇ ਖੇਤਰ ਵਿਚ ਔਰਤ ਨੂੰ ਹਾਸ਼ੀਆਗਤ ਕੀਤਾ ਗਿਆ ਹੈ।
- ਸਿੱਖ ਧਰਮ ਵਿਚ ਔਰਤ ਨੂੰ ਸਿਧਾਂਤ ਅਤੇ ਵਿਵਹਾਰ ਵਿਚ ਬਰਾਬਰ ਮੰਨਿਆ ਗਿਆ ਹੈ।
- ਸਿੱਖ-ਸਮਾਜ ਵਿਚ ਔਰਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ।

## 9.8 ਵਿਸਤਾਰ ਵਿਚ ਪੜ੍ਹਣੇਗ ਪੁਸਤਕਾਂ


- Belsey, Catherine and Jane Moore (eds.) (1989), *The Feminist Reader,* Macmillan, London.
- Darshan Singh (ed.) (2004), *Guru Granth Sahib Among The Scripture oF The World*, Punjabi University, Patiala.

- Gurbhagat Singh (2014), *Essays on Sri Guru Granth Sahib*, Jaswinder Singh (ed.), Naad Pargaas, Sri Amritsar.
- Kaur-Singh, Nikky-Guninder (1993). *The Feminine Principle in the Sikh Vision of the Transcendent*. Cambridge University Press, Cambridge.
- Taylor, Victor E. and Charles E. Winquist (eds.) (2001), *Encyclopedia of Postmodernism*, Routledge, New York.


## 9.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਨਾਰੀ-ਅਧਿਐਨ ਤੋਂ ਕੀ ਭਾਵ ਹੈ?

ਪ੍ਰਸ਼ਨ 2. ਨਾਰੀ-ਅਧਿਐਨ ਦੇ ਪ੍ਰਮੁੱਖ ਮੁਦੇ ਕੀ ਹਨ?

ਪ੍ਰਸ਼ਨ 3. ਨਾਰੀ ਅਤੇ ਧਰਮ ਦੇ ਕੀ ਸੰਬੰਧ ਹਨ?

ਪ੍ਰਸ਼ਨ 4. ਸਿੱਖ-ਧਰਮ ਵਿਚ ਨਾਰੀ ਦਾ ਕੀ ਸਥਾਨ ਹੈ?

ਪ੍ਰਸ਼ਨ 5. ਕੁਝ ਪ੍ਰਮੁੱਖ ਸਿੱਖ-ਔਰਤਾਂ ਬਾਰੇ ਦਸੋ।

## PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

---

**UNIT X: NO CASTISM**

---

**STRUCTURE**


10.0 ਉਦੇਸ਼

**10.1 ਜਾਣ-ਪਛਾਣ**

**10.2 ਪਰਿਭਾਸ਼ਾ, ਸੰਕਲਪ ਅਤੇ ਖੇਤਰ**

**10.2.1 ਪਰਿਭਾਸ਼ਾ**

**10.2.2 ਸੰਕਲਪ**

**10.2.3 ਖੇਤਰ**

**10.3 ਸਮਕਾਲੀ ਸਮੱਸਿਆਵਾਂ**

**10.3.1 ਜਾਤ ਅਤੇ ਰਾਜਨੀਤੀ**

**10.3.2 ਦਲਿਤ ਸਮੱਸਿਆ**

**10.3.3 ਪਿੰਡਾਂ ਦੇ ਵਿਹੜੇ**

**10.3.4 ਜਾਤਾਂ ਦੇ ਨਾਮ 'ਤੇ ਗੁਰਦਵਾਰੇ**

**10.4 ਜਾਤ-ਪਾਤ ਅਤੇ ਸਿੱਖ-ਸਿਧਾਂਤ**

**10.5 ਜਾਤ-ਪਾਤ ਅਤੇ ਸਿੱਖ-ਇਤਿਹਾਸ**

10.5.1 ਸੰਗਤ-ਪੰਗਤ

10.5.2 ਖ਼ਾਲਸਾ

**10.6 ਇਤਿਹਾਸਕ ਉਦਾਹਰਣਾਂ**

**10.7 ਸਾਰ**

**10.8 ਵਧੇਰੇ ਪੜ੍ਹਣਯੋਗ ਪੁਸਤਕਾਂ**

**10.9 ਅਭਿਆਸ ਲਈ ਪ੍ਰਸ਼ਨ**

## 10.0 ਉਦੇਸ਼

- ਜਾਤ-ਪਾਤ ਬਾਰੇ ਜਾਨਣਾ।
- ਜਾਤ-ਪਾਤ ਦੇ ਸੰਕਲਪ ਬਾਰੇ ਸਮਝਣਾ।
- ਸਿੱਖ-ਧਰਮ ਵਿਚ ਜਾਤ-ਪਾਤ ਦਾ ਸਥਾਨ

## 10.1 ਜਾਣ-ਪਛਾਣ

ਜਾਤ-ਪਾਤ ਦੀ ਪ੍ਰਥਾ ਅਤੇ ਵਰਤਾਰਾ ਇਕ ਗੁੰਝਲਦਾਰ, ਜਟਿਲ ਅਤੇ ਸਮਸਿਆਮਈ ਹੈ, ਜਿਸਦਾ ਪ੍ਰਭਾਵ ਭਾਰਤ ਦੇ ਹਰ ਇਕ ਖਿਤੇ, ਸਮੂਹ, ਵਰਗ ਦੇ ਲੋਕਾਂ 'ਤੇ ਸਪਸ਼ਟ ਦਿਖਾਈ ਦਿੰਦਾ ਹੈ। ਇਹ ਇਕ ਵਿਆਪਕ ਅਤੇ ਪ੍ਰਭਾਵਸ਼ਾਲੀ ਪ੍ਰਥਾ ਹੈ, ਜਿਸ ਨੇ ਭਿੰਨ-ਭਿੰਨ ਸਮਾਜਕ ਸਮੂਹਾਂ ਨੂੰ ਸਦੀਆਂ ਤੋਂ ਪ੍ਰਭਾਵਿਤ ਕੀਤਾ ਹੈ ਅਤੇ ਕਰ ਰਹੀ ਹੈ। ਇਹ ਇਕ ਅਜਿਹਾ ਪ੍ਰਭਾਵ ਹੈ, ਜਿਸ ਨਾਲ ਭਾਰਤ ਦੀ ਸਮੁਚੀ ਜ਼ਿੰਦਗੀ ਦੇ ਪਾਸਾਰ ਨਿਸ਼ਚਤ ਹੋਏ ਹਨ ਅਤੇ ਉਨ੍ਹਾਂ ਦਾ ਅਸਰ ਮਨੁੱਖੀ ਜਨ-ਜੀਵਨ ਦੇ ਹਰੇਕ ਕਾਰਜ ਵਿਚ ਕਿਸੇ ਨਾ ਕਿਸੇ ਰੂਪ ਵਿਚ ਦਿਖਾਈ ਦਿੰਦਾ ਹੈ। ਇਸ ਪ੍ਰਥਾ ਨੂੰ ਜੇਕਰ ਸਮਾਜ ਦਾ ਇਕ ਵਰਗ ਆਪਣੀ ਪ੍ਰਾਪਤੀ ਦੱਸਦਾ ਹੈ ਅਤੇ ਦੂਜੇ ਪਾਸੇ ਇਸ ਨੂੰ ਸਮਾਜ ਦੇ ਕੋੜ੍ਹ ਰਾਹੀਂ ਵਿਆਖਤ ਕੀਤਾ ਗਿਆ ਹੈ। ਉਸਦਾ ਮੁਖ ਕਾਰਣ ਜਾਤ-ਪਾਤ ਦਾ ਸੰਬੰਧੀ ਮਨੁੱਖੀ ਜੀਵਨ ਦੇ ਮੂਲ ਆਧਾਰ, ਜਿਸ ਵਿਚ ਵਿਅਕਤੀ ਦੀ ਮੁੱਢਲੀ ਆਜ਼ਾਦੀ ਜੁੜੀ ਹੋਈ ਹੈ, ਨੂੰ ਇਕ ਵਰਗ ਵਲੋਂ ਸਦੀਆਂ ਤੋਂ ਨਿਸ਼ਚਤ ਕਰਕੇ ਗ਼ੁਲਾਮ ਕੀਤਾ ਗਿਆ ਹੈ। ਭਾਰਤ ਵਿਚ ਰਹਿਣ ਵਾਲੇ ਮੁਸਲਮਾਨ, ਇਸਾਈ, ਬਹਾਈ ਜਾਂ ਹੋਰ ਕਈ ਧਰਮਾਂ ਅਤੇ ਵਿਸ਼ਵਾਸ਼ਾਂ ਦੇ ਲੋਕ ਵੀ ਇਸ ਤੋਂ ਪ੍ਰਭਾਵਤ ਹੋਏ ਹਨ, ਭਾਵੇਂ ਕਿ ਉਹਨਾਂ ਦਾ ਸੰਬੰਧ ਜਾਤ-ਪਾਤ ਨੂੰ ਮੰਨਣ ਵਾਲੇ ਵਰਗਾਂ ਨਾਲ ਨਹੀਂ ਹੈ। ਜਾਤ ਪ੍ਰਥਾ ਦੇ ਫਲਸਰੂਪ ਅੱਜ ਭਾਰਤ ਵਿਚ ਲਗਭਗ ਤਿੰਨ ਹਜ਼ਾਰ ਜਾਤੀਆਂ ਅਤੇ ਉਪ-ਜਾਤੀਆਂ ਵੇਖਣ ਵਿਚ ਆਉਦੀਆਂ ਹਨ। ਸਿੱਖ-ਧਰਮ ਦੇ ਸਿਧਾਂਤਕ ਵਿਚਾਰਾਂ ਅਤੇ ਪ੍ਰਭਾਵਸ਼ਾਲੀ ਵਿਹਾਰਕ ਕਦਰਾਂ-ਕੀਮਤਾਂ ਕਰਕੇ ਭਾਰਤ ਦੇ ਧਰਤੀ 'ਤੇ ਪਹਿਲੀ ਵਾਰ ਇਸ ਪ੍ਰਥਾ ਨੂੰ ਪ੍ਰਸ਼ਨ ਹੀ ਨਹੀਂ ਕੀਤਾ ਗਿਆ ਬਲਕਿ ਇਸ ਪ੍ਰਥਾ ਸਾਹਮਣੇ ਇਕ ਨਵੇਂ ਸਮਾਜ ਦੇ ਬਦਲ ਨੂੰ ਵੀ ਪੇਸ਼ ਕੀਤਾ ਗਿਆ ਹੈ, ਜਿਸਦੇ ਫਲਸਰੂਪ ਇਹ ਪ੍ਰਥਾ ਦਾ ਵਰਤਾਰਾ ਉਸ ਤਰ੍ਹਾਂ ਦਾ ਨਹੀਂ ਹੈ, ਜਿਹਾ ਕਿ ਸਦੀਆਂ ਤੋਂ ਚਲਦਾ ਆ ਰਿਹਾ ਸੀ।

## 10.2 ਪਰਿਭਾਸ਼ਾ, ਸੰਕਲਪ ਅਤੇ ਖੇਤਰ

### 10.2.1 ਪਰਿਭਾਸ਼ਾ

ਜਾਤ ਸ਼ਬਦ ਦੀ ਵਿਉਂਤਪਤੀ ਸੰਸਕ੍ਰਿਤ ਦੇ ਧਾਤੂ 'ਜਨ' ਤੋਂ ਹੋਈ ਮੰਨੀ ਜਾਂਦੀ ਹੈ ਜਿਸਦਾ ਅਰਥ ਹੈ 'ਜਨਮ'। ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ 'ਗੁਰੁਸ਼ਬਦ ਰਤਨਾਕਰ ਮਹਾਨ ਕੋਸ਼' ਵਿਚ 'ਜਾਤਿ' ਬਾਰੇ ਦਰਜ਼ ਹੈ ਕਿ "ਜਨਮ, ਉਤਪੱਤਿ। 2. ਸਮਾਜ ਵਿਚ ਇਕ ਤੋਂ ਦੂਜੇ ਨੂੰ ਵੱਖ ਕਰਨ ਵਾਲੀ ਵੰਡ, ਰੋਟੀ ਬੇਟੀ ਦੀ ਸਾਂਝ ਵਾਲੀ ਬਰਾਦਰੀਆਂ ਦੀ ਵੰਡ, ਇਸ ਦਾ ਮੂਲ ਨਸਲੀ ਭੇਦ, ਭੌਗੋਲਿਕ ਭੇਦ, ਇਤਿਹਾਸੀ ਵੈਰ, ਕਿਰਤ ਵਿਵਹਾਰ ਦੇ ਭੇਦ ਆਦਿ ਅਨੇਕ ਹਨ, ਜਾਤਿ ਦੀ ਵੰਡ ਕਿਸੇ ਨਾ ਕਿਸੇ ਸ਼ਕਲ ਵਿਚ ਸਾਰੇ ਦੇਸਾਂ ਅਤੇ ਧਰਮਾਂ ਵਿਚ ਵੇਖੀ ਜਾਂਦੀ ਹੈ, ਪਰ ਹਿੰਦੂਆਂ ਵਿਚ ਹੱਦੋ ਵੱਧ ਕੇ ਹੈ"।

ਇਕ ਜਾਤੀ ਦੇ ਵਿਅਕਤੀ ਨਿਸ਼ਚਤ ਪੇਸ਼ੇ, ਜੀਵਨ ਦੇ ਰਸਮਾਂ-ਰਿਵਾਜ਼ਾਂ, ਰੀਤੀਆਂ, ਪਰੰਪਰਾਵਾਂ ਅਤੇ ਬੰਦਿਸ਼ਾਂ ਨੂੰ ਵਿਅਕਤ ਕਰਦੇ ਹਨ ਭਾਵ ਕਿਸੇ ਵੀ ਵਿਆਕਤੀ ਦੇ ਪੇਸ਼ੇ ਅਤੇ ਉਸਦੇ ਜੀਵਨ, ਵਿਆਹ, ਮੌਤ ਆਦਿ ਦੀਆਂ ਰਸਮਾਂ ਤੋਂ ਉਸਦੀ ਜਾਤੀ ਬਾਰੇ ਪਤਾ ਚਲਦਾ ਹੈ। ਇਕ ਜਾਤੀ ਦੇ ਲੋਕ ਆਪਣੀ ਜਾਤੀ ਤੋਂ ਬਾਹਰ ਵਿਵਾਹ ਨਹੀਂ ਕਰਦੇ। ਜਾਤੀ ਦਾ ਮੂਲ ਆਧਾਰ ਭਾਰਤ ਵਿਚ ਸਥਾਪਤ ਵਰਣ-ਵਿਵਸਥਾ ਹੈ।

### 10.2.2 ਸੰਕਲਪ

ਜਾਤ ਨੂੰ ਜਨਮ ਤੇ ਆਧਾਰਿਤ ਮੰਨਿਆ ਗਿਆ ਹੈ ਅਰਥਾਤ ਕਿਸੇ ਵਿਅਕਤੀ ਦੀ ਜਾਤ ਉਹੀ ਉਸਦੇ ਮਾਤਾ-ਪਿਤਾ ਦੀ ਜਾਤ ਹੀ ਹੋਵੇਗੀ। ਇਸ ਤੋਂ ਇਲਾਵਾ ਜਾਤ ਸ਼ਬਦ ਦੇ ਨਾਲ 'ਪਾਤ' ਸ਼ਬਦ ਆਮ ਤੌਰ ਤੇ ਵਰਤਿਆ ਜਾਂਦਾ ਹੈ, ਜਿਸ ਦਾ ਅਰਥ 'ਫ਼ਿਰਕਾ, ਗੋਤ੍ਰ, ਜਾਤਿ ਦੀ ਸ਼ਾਖ, ਖਾਨਦਾਨ ਅਤੇ ਕੁਲ' ਦੇ ਰੂਪ ਵਿਚ ਕੀਤਾ ਜਾਂਦਾ ਹੈ। ਭਾਰਤੀ ਸਮਾਜ ਪ੍ਰਮੁਖ ਤੌਰ 'ਤੇ ਚਾਰ ਵਰਣਾਂ (ਬ੍ਰਾਹਮਣ, ਖਤ੍ਰੀ, ਵੈਸ਼ ਤੇ ਸ਼ੂਦਰ) ਵਿਚਕਾਰ ਵੰਡਿਆ ਹੋਇਆ ਸੀ, ਜੋ ਕਿ ਸਮਾਜ ਦੇ ਪਧਰ 'ਤੇ ਆਪਣੇ ਨਿਸ਼ਚਤ ਵਿਵਹਾਰ ਵਿਚ ਵੰਡੇ ਹੋਏ ਸਨ। ਬ੍ਰਾਹਮਣ ਇਸ ਪ੍ਰਥਾ ਵਿਚ ਸਭ ਤੋਂ ਉੱਚਤਮ ਅਤੇ ਸ੍ਰੇਸ਼ਠ ਸੀ ਜਦਕਿ ਸ਼ੂਦਰ ਸਭ ਤੋਂ ਨੀਚ। ਭਾਰਤੀ ਸਮਾਜ ਦੇ ਵਿਚ ਸਥਾਪਤ ਹੋ ਗਿਆ ਸੀ ਕਿ ਕੋਈ ਸ਼ੂਦਰ ਬ੍ਰਾਹਮਣ ਦੇ ਬਰਾਬਰ ਨਹੀਂ ਬਹਿ ਸਕਦਾ, ਵੇਦ ਪਾਠ ਸੁਣਨਾ ਉਸ ਲਈ ਵਿਵਰਜਿਤ ਹੈ, ਜੇ ਉਹ ਜਾਣ ਕੇ ਸੁਣਦਾ ਹੈ ਤਾਂ ਕੰਨ ਬੰਦ ਕਰ ਦਿੱਤੇ ਜਾਣ, ਜੇ ਉਚਾਰਨ ਕਰਦਾ ਤਾਂ ਜ਼ਬਾਨ ਕੱਟ ਦਿੱਤੀ ਜਾਏ ਤੇ ਜੇ ਯਾਦ ਕਰਦਾ ਹੈ ਤਾਂ ਸਰੀਰ ਦੇ ਟੁਕੜੇ ਟੁਕੜੇ ਕਰ ਦਿੱਤੇ ਜਾਣ। ਇਕ ਸ਼ੂਦਰ ਨੂੰ ਜਾਨੋਂ ਮਾਰਨ ਦੀ ਸਜ਼ਾ ਇਕ ਉੱਲੂ ਜਾਂ ਕੁੱਤੇ ਨੂੰ ਮਾਰਨ ਬਰਾਬਰ ਹੋਵੇਗੀ। ਸ਼ੂਦਰ ਨਾਲ ਖਾਣਾ ਤਾਂ ਇਕ ਪਾਸੇ, ਪ੍ਰਛਾਵਾਂ ਲੈਣ ਦੀ ਵੀ ਮਨਾਹੀ ਹੈ।

### 10.2.3 ਖੇਤਰ

ਵਰਣ-ਵਿਵਸਥਾ ਵਿਚੋਂ ਜਾਤ-ਪਾਤ ਦਾ ਨਿਕਾਸ ਹੋਇਆ ਅਤੇ ਹੌਲੀ-ਹੌਲੀ ਇਹ ਇੰਨੀ ਜਟਿਲ ਹੋ ਗਈ ਕਿ ਜੀਵਨ ਦੇ ਹਰ ਇਕ ਪਾਸਾਰ ਨੂੰ ਇਸ ਤਰ੍ਹਾਂ ਜਕੜ ਲਿਆ ਕਿ ਸਮੁਚਾ ਜਨ-ਜੀਨਵ ਇਸਦੇ ਅਨੁਸਾਰੀ ਹੋ ਗਿਆ। ਸਮੁੱਚੇ ਸਮਾਜ ਦੀਆਂ ਦਰਮਕ, ਸਮਾਜਕ, ਰਾਜਸੀ ਤੇ ਆਰਥਕ ਗਤੀਵਿਧੀਆਂ ਵਿਚ ਜਾਤੀਵਾਦ ਦਾ ਗੰਭੀਰ ਅਸਰ ਸੀ। ਬ੍ਰਾਹਮਣਵਾਦ ਨੇ ਇਹ ਸਿਧਾਂਤ ਥਾਪਿਆ ਕਿ ਮਨੁੱਖ ਆਪਣੇ ਗੁਣਾਂ ਔਗੁਣਾਂ ਕਰਕੇ ਨਹੀਂ, ਸਗੋਂ ਆਪਣੀ ਪੈਦਾਇਸ਼ ਕਰਕੇ ਉਚੇ ਨੀਵੇਂ ਹਨ ਤੇ ਸਦਾ ਰਹਿਣਗੇ, ਜੇ ਇਕ ਆਦਮੀ ਦਾ ਜਨਮ ਉਚੀ ਜਾਤ ਵਿਚ ਹੋਇਆ ਹੈ ਤਾਂ ਉਹ ਉਚਾ ਹੈ, ਭਾਵੇਂ ਕਿ ਉਹ ਸਮਾਜਕ ਅਤੇ ਚਰਿਤਰ ਦੇ ਪਧਰ 'ਤੇ ਕਿੰਨਾ ਹੀ ਨੀਵਾਂ ਕਿਉਂ ਨਾ ਹੋਵੇ। ਜਿਸ ਵਿਅਕਤੀ ਦਾ ਜਨਮ ਨੀਵੀਂ ਜਾਤ ਵਿਚ ਹੋਇਆ ਹੈ, ਉਹ ਨੀਵਾਂ ਹੈ, ਭਾਵੇਂ ਉਹ ਕਿਤਨੇ ਹੀ ਉੱਚੇ ਆਚਾਰ ਦਾ ਮਾਲਕ ਕਿਉਂ ਨਾ ਹੋਵੇ। ਇਸ ਪ੍ਰਕਾਰ ਜਾਤੀਵਾਦ ਦੀ ਵਿਚਾਰਧਾਰਾ ਨੇ ਆਪਣਾ ਪ੍ਰਭਾਵ ਜੀਵਨ ਦੇ ਹਰ ਇਕ ਖੇਤਰ ਵਿਚ ਸਥਾਪਤ ਕੀਤਾ, ਜਿਸਦਾ ਅਸਰ ਅੱਜ ਤੱਕ ਵੀ ਹੈ।

## 10.3 ਸਮਕਾਲੀ ਸਮਸਿਆਵਾਂ

### 10.3.1 ਜਾਤ ਅਤੇ ਰਾਜਨੀਤੀ

ਭਾਰਤ ਇਕ ਲੋਕਤੰਤਰੀ ਦੇਸ ਹੈ। ਲੋਕਤੰਤਰੀ ਦੇਸ ਵਿਚ ਚੋਣਾਂ ਦਾ ਹੋਣਾ ਸੁਭਾਵਿਕ ਹੈ। ਇਸ ਤੋਂ ਬਿਨਾਂ ਲੋਕਤੰਤਰੀ ਪ੍ਰਣਾਲੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਲਿੰਗ ਅਤੇ ਧਰਮ ਆਧਾਰਿਤ ਵੰਡ ਦੁਨੀਆਂ ਦੇ ਹਰ ਖੇਤਰ ਵਿਚ ਮੌਜੂਦ ਹੈ ਪਰ ਜਾਤ ਤੇ ਆਧਾਰਿਤ ਵੰਡ ਸਿਰਫ ਭਾਰਤ ਵਿਚ ਹੀ ਮੌਜੂਦ ਹੈ। ਇਸ ਵੰਡ 'ਤੇ ਆਧਾਰਿਤ ਹੀ ਰਾਜਨੀਤਿਕ ਢਾਂਚਾ ਵੰਡਿਆ ਜਾਂਦਾ ਹੈ। ਵੱਖ-ਵੱਖ ਜਾਤਾਂ 'ਤੇ ਅਧਾਰਿਤ ਸੰਗਠਨ ਹੋਂਦ ਵਿਚ ਆਉਂਦੇ ਹਨ। ਰਾਜਨੀਤਿਕ ਵਿਅਕਤੀ ਲੋਕਾਂ ਨੂੰ ਵੰਡ ਕੇ ਆਪਣਾ ਵੋਟ ਬੈਂਕ ਸਥਾਪਿਤ ਕਰਦੇ ਹਨ। ਸਰਪੰਚੀ ਤੋਂ ਲੈ ਕੇ ਪਾਰਲੀਮੈਂਟ ਦੀਆਂ ਮੈਂਬਰੀ ਤਕ ਇਹ ਸਭ ਬਣਿਆ ਰਹਿੰਦਾ ਹੈ।

### 10.3.2 ਦਲਿਤ ਸਮਸਿਆ

ਜਾਤ-ਪਾਤ ਦਾ ਢਾਂਚਾ ਲੋਕਾਂ ਵਿਚ ਆਪਸੀ ਦੂਰੀ ਪੈਦਾ ਕਰਦਾ ਹੈ, ਜਿਸ ਨਾਲ ਕਈ ਸਮਾਜਿਕ ਧੜੇ ਪੈਦਾ ਹੋ ਜਾਂਦੇ ਹਨ। ਇਹਨਾਂ ਧੜਿਆਂ ਦਾ ਆਧਾਰ ਜਾਤ ਹੁੰਦੀ ਹੈ। ਕਿਸੇ ਵਿਸ਼ੇਸ਼ ਜਾਤ ਦੇ ਲੋਕਾਂ ਨੂੰ ਜਦ ਵਖਰੇਪਣ ਦਾ ਅਹਿਸਾਸ ਕਰਵਾਇਆ ਜਾਂਦਾ ਹੈ ਤਾਂ ਉਹ ਇਕ ਸੰਗਠਨ ਵਿਚ ਬੰਨ੍ਹੇ ਜਾਂਦੇ ਹਨ। ਇਸ ਤਰ੍ਹਾਂ ਹੀ ਦਲਿਤ ਸਮਸਿਆ ਸਾਹਮਣੇ ਆਉਂਦੀ ਹੈ। ਕਿਸੇ ਵਿਸ਼ੇਸ਼ ਜਾਤ ਨਾਲ ਸੰਬੰਧਿਤ ਲੋਕ ਆਪਣੇ ਸੰਗਠਨ ਦੁਆਰਾ ਆਪਣੇ ਮਸਲਿਆਂ ਦਾ ਨਿਪਟਾਰਾ ਕਰਨ ਲਗਦੇ ਹਨ। ਇਸ ਨਾਲ ਉਹ ਆਪਣੀਆਂ ਸਮੱਸਿਆਵਾਂ

ਦਾ ਸਮਾਧਾਨ ਕਰ ਦੇ ਹਨ ਅਤੇ ਇਕਜੁਟ ਹੋ ਕੇ ਆਪਣੇ ਆਪ ਮਜ਼ਬੂਤ ਕਰ ਲੈਂਦੇ ਹਨ। ਪੰਜਾਬ ਵਿਚ ਵੀ ਬਹੁਤ ਸਾਰੀਆਂ ਬਰਾਦਰੀਆਂ ਅਤੇ ਭਾਈਚਾਰਿਆਂ ਨੂੰ ਸਮਾਜਕ ਜੀਵਨ ਵਿਚ ਬਰਾਬਰ ਨਹੀਂ ਮੰਨਿਆ ਗਿਆ, ਜਿਸ ਕਰਕੇ ਕਈ ਤਰ੍ਹਾਂ ਦੇ ਧਾਰਮਕ ਜੁਟ ਬਣ ਗਏ। ਡੇਰਾਵਾਦ ਦਾ ਵਧਣਾ ਵੀ ਇਕ ਮਹੱਤਵਪੂਰਣ ਅਧਿਐਨ ਦਾ ਵਿਸ਼ਾ ਹੈ, ਜਿਸ ਪਿਛੇ ਜਾਤੀ-ਅਭਿਆਸ ਦਾ ਇਕ ਵਿਸ਼ੇਸ਼ ਕਾਰਣ ਹੈ। ਇਸਦੀ ਇਕ ਹੋਰ ਮਹੱਤਵਪੂਰਣ ਉਦਾਹਰਣ 2020 ਵਿਚ ਪੰਜਾਬ ਦੇ ਕਈ ਪਿੰਡਾਂ ਵਿਚ ਪੰਚਾਇਤਾਂ ਦੁਆਰਾ ਗ਼ਰੀਬ ਅਤੇ ਕੰਮੀ ਲੋਕ, ਜੋ ਕਿ ਜਿਆਦਾਤਰ ਕਥਿਤ ਨੀਵੀਂਆਂ ਜਾਤੀਆਂ ਨਾਲ ਸੰਬੰਧਤ ਹਨ, ਦੇ ਵਿਰੋਧ ਕਰਕੇ ਇਹ ਮਤੇ ਪਾਸ ਕਰਕੇ ਉਹਨਾਂ ਦੀ ਦਿਹਾੜੀ, ਰੁਜ਼ਗਾਰ ਨੂੰ ਪੈਸੇ ਵਜੋਂ ਨਿਸ਼ਚਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹਨਾਂ ਮਤਿਆਂ ਵਿਚ ਇਹ ਵੀ ਦਰਜ਼ ਹੋਇਆ ਕਿ ਇਹ ਮਜ਼ਦੂਰ ਆਪਣੇ ਹੀ ਪਿੰਡ ਦਾ ਪਹਿਲਾਂ ਖੇਤੀ ਆਦਿ ਨਾਲ ਸਬੰਧਤ ਕੰਮ ਕਰਨਗੇ ਅਤੇ ਇਸ ਤੋਂ ਬਾਅਦ ਹੀ ਕਿਸੇ ਹੋਰ ਪਿੰਡ ਜਾ ਸਕਣਗੇ ਨਹੀਂ ਤਾਂ ਇਹਨਾਂ ਦਾ ਪਿੰਡ ਵਿਚ ਸਮਾਜਕ ਤੌਰ ‘ਤੇ ਬਾਈਕਾਟ ਕਰ ਦਿਤਾ ਜਾਵੇਗਾ।

### 10.3.3 ਪਿੰਡਾਂ ਦੇ ਵਿਹੜੇ

‘ਵਿਹੜਾ’ ਇਕ ਸਮਾਜਕ ਤੌਰ ‘ਤੇ ਪੰਜਾਬੀ ਪਿੰਡਾਂ ਦੇ ਇਤਿਹਾਸ ਵਿਚ ਇਕ ਜਾਤੀ-ਪ੍ਰਬੰਧ ਨੂੰ ਨਿਸ਼ਚਤ ਕਰਣ ਦਾ ਚਿੰਨ੍ਹ ਹੈ। ਪਿੰਡ ਜਾਤ ‘ਤੇ ਅਧਾਰਿਤ ਵੱਖ-ਵੱਖ ਭਾਗਾਂ ਵਿਚ ਵੰਡੇ ਹੋਏ ਹਨ। ਕਥਿਤ ਉਚੀ ਜਾਤ ਵਾਲੇ ਆਪਣੇ ਆਪ ਨੂੰ ਸ਼੍ਰੇਸ਼ਟ ਸਸਝਦੇ ਹੋਏ, ਦੂਜਿਆਂ ਤੋਂ ਵਖਰਾ ਰਹਿਣਾ ਪਸੰਦ ਕਰਦੇ ਹਨ। ਇਸ ਤਰ੍ਹਾਂ ਪਿੰਡ ਦੀ ਆਬਾਦੀ ਵੰਡੀ ਜਾਂਦੀ ਹੈ ਅਤੇ ਪਿੰਡਾਂ ਦੇ ਵਿਹੜੇ ਹੋਂਦ ਵਿਚ ਆਉਂਦੇ ਹਨ। ਪਿੰਡਾਂ ਦੇ ਵਿਹੜੇ, ਜਿਨ੍ਹਾਂ ਵਿਚ ਕਥਿਤ ਨੀਵੀਂ ਜਾਤ ਦੇ ਲੋਕ ਰਹਿੰਦੇ ਹਨ, ਇਕ ਤਰ੍ਹਾਂ ਪਿੰਡ ਦੇ ਸਾਂਝੇ ਜੀਵਨ ਵਿਚ ਇਕਸੁਰਤਾ ਵਾਲੇ ਨਾ ਹੋ ਕੇ ਇ ਅਲੱਗ ਜੀਵਨ ਵਾਲੇ ਨਿਸ਼ਚਤ ਕੀਤੇ ਜਾਂਦੇ ਹਨ। ਇਸ ਤਰ੍ਹਾਂ ਇਕ ਪਿੰਡ ਵਿਚ ਇਕ ਵਖਰਾ ਪਿੰਡ ਹੋਂਦ ਵਿਚ ਆ ਜਾਂਦਾ ਹੈ। ਪਿੰਡਾਂ ਦੇ ਵਿਹੜੇ, ਜਿਸ ਦੇ ਲੋਕਾਂ ਨੂੰ ਇਕ ਨਿਸ਼ਚਤ ਜਾਤੀ-ਪ੍ਰਬੰਧ ਨਾਲ ਸਥਾਪਤ ਕੀਤਾ ਜਾਂਦਾ ਹੈ, ਦੇ ਮੜ੍ਹੀ-ਮਸਾਣ ਵੀ ਅਲਗ ਹੁੰਦੇ ਹਨ। ਇਹ ਸਭ ਵਰਤਾਰਾ ਅੱਜ ਵੀ ਵੇਖਿਆ ਜਾ ਸਕਦਾ ਹੈ।

### 10.3.4 ਜਾਤਾਂ ਦੇ ਨਾਮ ‘ਤੇ ਗੁਰਦਵਾਰੇ

ਪਿਛਲੇ ਸਮਿਆਂ ਦੌਰਾਨ ਗੁਰਦਵਾਰਿਆਂ ਦਾ ਜਾਤੀਆਂ ਦੇ ਨਾਮ ‘ਤੇ ਸਥਾਪਤ ਹੋਣਾ ਅਤੇ ਖਾਸ ਕਰਕੇ ਵਿਦੇਸ਼ਾਂ ਦੇ ਗੁਰਦਵਾਰਿਆਂ ਦੇ ਸੰਵਿਧਾਨ ਵਿਚ ਕਿਸੇ ਖਾਸ ਜਾਤ ਦੇ ਵਿਅਕਤੀ ਨੂੰ ਮੈਂਬਰ ਨਾ ਬਨਣ ਦੇਣਾ, ਇਕ ਵੱਡੀ ਸਮਸਿਆ ਹੈ। ਜਾਤਾਂ ‘ਤੇ ਅਧਾਰਿਤ ਗੁਰਦੁਆਰੇ ਵੀ ਅਜਿਹੀ ਪ੍ਰਵਿਰਤੀ ਵਿਚੋਂ ਹੀ ਹੋਂਦ ਵਿਚ ਆਉਂਦੇ ਹਨ, ਜਦੋਂ ਕਥਿਤ ਉੱਚੀਆਂ ਜਾਤਾਂ ਦੇ ਲੋਕਾਂ ਦੁਆਰਾ ਕਥਿਤ ਨੀਵੀ ਜਾਤ ਦੇ ਲੋਕਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾਂਦਾ ਹੈ। ਉਸ ਵਖਰੇਪਣ ਵਿਚੋਂ ਹੀ ਜਾਤ ਆਧਾਰਿਤ ਗੁਰਦੁਆਰੇ ਹੋਂਦ ਵਿਚ ਆਉਂਦੇ ਹਨ।

## 10.4 ਜਾਤ-ਪਾਤ ਅਤੇ ਸਿੱਖ-ਸਿਧਾਂਤ

ਸਿੱਖ ਧਰਮ ਦੀ ਸਥਾਪਨਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਰਾਹੀਂ ਜਗਤ ਵਿਚ ਇਕ ਨਵਾਂ ਮੋੜ ਆਇਆ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਇਸ ਤੱਥ ਦਾ ਸਪਸ਼ਟ ਪ੍ਰਮਾਣ ਹੈ ਕਿ ਸਿੱਖ ਧਰਮ ਬਿਨਾਂ ਕਿਸੇ ਰੰਗ, ਰੂਪ, ਜਾਤੀ, ਪ੍ਰਾਂਤ, ਨਸਲ ਦੇ ਭੇਦ ਦੇ ਅੰਤਿਮ ਸੱਚ ਨੂੰ ਸੁਣਨ, ਸਮਝਣ ਅਤੇ ਅਮਲ ਲਈ ਤਿਆਰ ਹੈ। ਗੁਰਬਾਣੀ ਮਨੁਖ ਦੇ ਸੰਪੂਰਨ ਵਿਕਾਸ ਲਈ ਆਦਰਸ਼ਕ ਹੈ ਭਾਵੇਂ ਉਹ ਬੌਧਿਕ ਹੋਵੇ ਜਾਂ ਅਧਿਆਤਮਿਕ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਦਰਸ਼ ਵਿਅਕਤੀ ਗੁਰਮੁਖ ਹੈ, ਜਿਸਨੂੰ ਬ੍ਰਹਮ ਗਿਆਨੀ ਵੀ ਕਿਹਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿਚ ਇਨਸਾਨ ਨੂੰ ਧਰਮ ਅਤੇ ਜਾਤ ਜਾਂ ਕਿਸੇ ਵੀ ਤਰ੍ਹਾਂ ਦੇ ਪਹਿਲਾਂ ਸਥਾਪਤ ਪ੍ਰਬੰਧ, ਜਿਸ ਵਿਚ ਜਾਤੀ ਕਰਕੇ ਊਚ-ਨੀਚ ਦਾ ਭੇਦ-ਭਾਵ ਸੀ, ਦੀ ਵੰਡ ਕਰਕੇ ਨਹੀਂ ਦੇਖਿਆ ਗਿਆ ਬਲਕਿ ਉਸਨੂੰ

ਪਰਮਸਤਿ ਵਾਹਿਗੁਰੂ ਦੇ ਅੰਸ਼ ਦੇ ਰੂਪ ਵਿੱਚ ਦੇਖਿਆ ਗਿਆ ਹੈ। ਨਿਰਮਲ ਕਰਮ ਅਤੇ ਕਾਰਜ ਕਰਨ ਦਾ ਅਧਿਕਾਰ ਹਰ ਇਕ ਨੂੰ ਹੈ ਨਾ ਕਿ ਕਿਸੇ ਇੱਕ ਖਾਸ ਵਰਗ, ਵਰਨ ਜਾਂ ਜਾਤੀ ਨੂੰ। ਸਿੱਖੀ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੀ ਭਾਵਨਾ ਨੂੰ ਕੇਂਦਰ ਵਿਚ ਰਖ ਮਨੁੱਖੀ ਮਾਨਸਿਕਤਾ ਨੂੰ ਜਾਤ-ਪਾਤੀ ਵਿਚਾਰਧਾਰਾ ਤੋਂਮੁਕਤ ਕਰਦੀ ਹੈ।

ਸਿੱਖੀ ਤੋਂ ਪੂਰਵ-ਵਿਵਸਥਾ ਅਨੁਸਾਰ ਬ੍ਰਾਹਮਣਾਂ, ਖੱਤਰੀਆਂ ਅਤੇ ਸ਼ੂਦਰਾਂ ਦਾ ਜੀਵਨ ਮਾਰਗ, ਜਿਸ ਵਿਚ ਗਿਆਨ ਪ੍ਰਾਪਤ ਕਰਨਾ, ਪਾਠ ਕਰਨਾ, ਜੰਗ-ਯੁੱਧ ਕਰਨੇ ਅਤੇ ਪਰਾਈ ਕਿਰਤ ਕਰਕੇ ਗੁਲਾਮੀ ਕਰਨਾ ਆਦਿ ਨਿਰਧਾਰਿਤ ਕੀਤਾ ਹੋਇਆ ਹੋਇਆ ਸੀ, ਜਿਸਨੂੰ ਸਿੱਖੀ ਵਿਚ ਪ੍ਰਵਾਨ ਨਾ ਕਰਕੇ ਸਾਰੇ ਵਿਅਕਤੀਆਂ ਵਿਚ ਸਾਂਝੀ ਜੋਤਿ ਨੂੰ ਸਵੀਕਾਰਿਆ ਗਿਆ ਹੈ:

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਬ੍ਰਾਹਮਣਹ॥

ਖਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾ ਕ੍ਰਿਤਹ॥

ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥

ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥

ਗੁਰਬਾਣੀ ਵਿਚ ਦਰਜ਼ ਭਗਤਾਂ ਦੀ ਬਾਣੀ ਵਿਚ ਜਾਤ-ਪਾਤੀ ਵਿਚਾਰਧਾਰਾ ਪ੍ਰਤੀ ਦ੍ਰਿਸ਼ਟੀਕੋਣ ਬੜਾ ਕ੍ਰਾਂਤੀਕਾਰੀ ਸੀ, ਜੋ ਕਿ ਸਿੱਖੀ ਦੇ ਪ੍ਰਕਾਸ਼ ਰਾਹੀਂ ਸੰਸਥਾਗਤ ਰੂਪ ਵਿਚ ਸਥਾਪਿਤ ਹੋਏ। ਨੀਵੀਂ ਜਾਤੀ ਵਾਲਿਆਂ ਤੇ ਹੋ ਰਹੇ ਅਨਿਆਂ ਅਤੇ ਬ੍ਰਾਹਮਣ ਦੁਆਰਾ ਸਥਾਪਤ ਕੀਤੀ ਜੀਵਨ-ਪਧਤੀ ਜਾਂ ਸਮਝ ਪ੍ਰਤੀ ਭਗਤ ਕਬੀਰ ਜੀ ਬ੍ਰਾਹਮਨਣ ਨੂੰ ਪ੍ਰਸ਼ਨ ਕਰਦੇ ਹੋਏ ਕਹਿੰਦੇ ਹਨ ਕਿ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ॥
ਤਉ ਆਨ ਬਾਟ ਕਾਹੇ ਨਹੀ ਆਇਆ॥
ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ॥

ਸ਼ਬਦ ਗੁਰੂ ਦੀ ਰਹਿਨੁਮਾਈ ਵਿਚ ਹੀ ਬ੍ਰਹਮ ਨੂੰ ਜਾਣਨ ਵਾਲਾ ਬਣਿਆ ਜਾ ਸਕਦਾ ਹੈ ਚਾਹੇ ਉਹ ਨੀਵੀਂ ਜਾਂ ਉੱਚੀ ਜਾਤ ਨਾਲ ਸੰਬੰਧਿਤ ਹੋਵੇ, ਇਸ ਦਾ ਕੋਈ ਫਰਕ ਨਹੀਂ ਪੈਂਦਾ:

ਜਾਣਹੁ ਜੋਤਿ ਨਾ ਪੂਛਹੁ ਜਾਤੀ ਆਗੈ ਜਾਤਿ ਨ ਹੇ॥

ਨਾਮਾ ਛੀਬਾ ਕਬੀਰੁ ਜੁੋਲਾਹਾ ਪੂਰੇ ਗੁਰ ਤੇ ਗਤਿ ਪਾਈ॥

ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥

ਸ਼ਬਦ-ਗੁਰੂ ਵਿਚ ਸੁਰਤਿ ਜੋੜਨ ਨਾਲ ਜਾਤਿ ਦੇ ਨਾਲ-ਨਾਲ ਹਉਮੈ ਵੀ ਦੂਰ ਹੋ ਜਾਂਦੀ ਹੈ। ਜਾਤ ਨੂੰ ਵਿਅਕਤੀ ਦੀ ਪਛਾਣ ਦਾ ਚਿੰਨ੍ਹ ਨਹੀਂ ਮੰਨਿਆ ਜਾ ਸਕਦਾ।

ਆਗੈ ਜਾਤਿ ਰੂਪੁ ਨਾ ਜਾਇ॥

ਤੇਹਾ ਹੋਵੈ ਜੇਹੇ ਕਰਮ ਕਮਾਹਿ॥

ਗੁਰਬਾਣੀ ਵਿਚ ਦਰਜ਼ 'ਸਚਿਆਰ' ਪਦ ਮਨੁਖ ਦੇ ਚਰਿਤਰ ਦਾ ਅਤਿ-ਉਚਾ ਪਦ ਹੈ। ਮਨੁਖ ਦੀ ਅੰਤਿਮ ਪਰਖ ਸੱਚ ਦੇ ਆਧਾਰ ਉਤੇ ਹੀ ਹੋਵੇਗੀ ਨਾ ਕਿ ਕਿਸੇ ਜਾਤ ਜਾਂ ਵਰਨ ਦੇ ਆਧਾਰ ਉਤੇ। ਝੂਠ ਅਤੇ ਝੂਠਾ ਅਭਿਮਾਨ ਇਕ ਅਜਿਹਾ ਜ਼ਹਿਰ ਹੈ, ਜਿਸ ਨੂੰ ਕਿਸੇ ਵੀ ਜਾਤ ਵਾਲਾ ਜੇ ਆਪਣੇ ਹੱਥ ਵਿਚ ਰੱਖਣ ਦੀ ਅਰਥਾਤ ਚੱਖਣ ਦੀ ਕੋਸ਼ਿਸ਼ ਕਰੇਗਾ ਤਾਂ ਨਿਸ਼ਚਿਤ ਹੀ ਉਸ ਦੀ ਦੁਰਗਤੀ ਹੋਵੇਗੀ:

ਜਾਤੀ ਦੈ ਕਿਆ ਹਥਿ ਸਚੁ ਪਰਖੀਐ॥

ਮਹੁਰਾ ਹੋਵੈ ਹਥਿ ਮਰੀਐ ਚਖੀਐ॥

ਸਚੇ ਦੀ ਸਿਰਕਾਰ ਜੁਗੁ ਜੁਗੁ ਜਾਣੀਐ॥

ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥

## 10.5 ਜਾਤ-ਪਾਤ ਅਤੇ ਸਿੱਖ-ਇਤਿਹਾਸ

ਸਿੱਖ ਧਰਮ ਨੇ ਜਾਤ-ਪਾਤ ਨੂੰ ਖਤਮ ਕਰਨ ਲਈ ਜਿਥੇ ਸਿਧਾਂਤਿਕ ਆਧਾਰ ਤਿਆਰ ਕੀਤਾ, ਉਥੇ ਨਾਲ ਹੀ ਅਮਲੀ ਰੂਪ ਵਿਚ ਜਾਤ-ਪਾਤ ਮੁਕਤ ਸਮਾਜ ਅਤੇ ਸੋਚ ਦੀ ਸਥਾਪਨਾ ਲਈ ਸੰਸਥਾਵਾਂ ਨੂੰ ਵੀ ਸਥਾਪਿਤ ਕੀਤਾ। ਜਿਸ ਨਾਲ ਸਿੱਖ ਧਰਮ ਦੀ ਚੇਤਨਾ ਸਮਾਜ ਵਿਚ ਫੈਲੀ ਅਤੇ ਸਿੱਖ ਸਮਾਜ ਦੀ ਸਥਾਪਨਾ ਹੋਈ ਜੋ ਬ੍ਰਹਾਮਣਵਾਦ ਦੀਆਂ ਅਲਾਮਤਾਂ ਤੋਂ ਮੁਕਤ ਸੀ। ਸਿੱਖ ਸੰਸਥਾਵਾਂ ਦੀ ਇਸ ਕਾਰਜ ਲਈ ਬਹੁਤ ਹੀ ਅਹਿਮ ਭੂਮਿਕਾ ਰਹੀ ਹੈ।

### 10.5.1 ਸੰਗਤ-ਪੰਗਤ

ਗੁਰੂ ਨਾਨਕ ਦੇਵ ਜੀ ਦੁਆਰਾ ਸਿੱਖ ਧਰਮ ਦੀ ਸਥਾਪਤੀ ਸੰਗਤ-ਪੰਗਤ ਦੀ ਸੰਸਥਾ ਦੇ ਨਾਲ ਜੁੜੀ ਹੋਈ ਹੈ। ਜਿਸ ਵਿਚ ਮਨੁੱਖ ਨੂੰ ਉਸ ਦੇ ਨਿੱਜ ਤੋਂ ਮੁਕਤ ਕਰ ਕੇ ਸਮੂਹਿਕ ਭਾਵਨਾ ਵਿਚ ਪਰਵਰਤਿਤ ਕੀਤਾ ਗਿਆ। ਸੰਗਤ ਦੀ ਸੰਸਥਾ ਜਿਸ ਵਿਚ ਮਨੁੱਖ ਹੋਣ ਦੇ ਨਾਤੇ ਕੋਈ ਵੀ ਸ਼ਾਮਿਲ ਹੋ ਸਕਦਾ ਸੀ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਸੀ, ਕੋਈ ਉੱਚਾ-ਨੀਵਾ ਨਹੀਂ ਸੀ। ਸਭ ਬਰਾਬਰ ਸਨ। ਸੰਗਤ-ਪੰਗਤ ਨੇ ਸਿੱਖਾਂ ਨੂੰ ਇਕ ਵਿਲਖਣ ਪਛਾਣ ਦਿਤੀ, ਜਿਸ ਰਾਹੀਂ ਪੁਰਾਣੇ ਜਾਤ ਵੰਡ ਵਾਲੇ ਬ੍ਰਾਹਮਣਵਾਦੀ ਸਮਾਜ ਦੇ ਭੇਦ-ਭਾਵ ਤੋਂ ਰਹਿਤ ਇਕ ਨਵਾਂ ਸਮਾਜ ਕਾਇਮ ਹੋਇਆ। ਗੁਰੂ ਨਾਨਕ ਦੇਵ ਜੀ ਦੁਆਰਾ ਵਖ-ਵਖ ਸਥਾਨਾਂ 'ਤੇ ਸੰਗਤਾਂ ਦੀ ਸਥਾਪਨਾ ਜਾਤ-ਪਾਤ ਤੋਂ ਮੁਕਤ ਪ੍ਰਬੰਧ ਸਿਰਜਣ ਦੀ ਸ਼ੁਰੂਆਤ ਸੀ। ਸੰਗਤ ਦੇ ਨਾਲ-ਨਾਲ ਪੰਗਤ ਦਾ ਵੀ ਵਿਸ਼ੇਸ਼ ਸਥਾਨ ਹੈ, ਜਿਸ ਦਾ ਮਤਲਬ ਹੈ ਕਿ ਜਿਥੇ-ਜਿਥੇ ਵੀ ਸੰਗਤਾਂ ਸਥਾਪਿਤ ਕੀਤੀਆਂ ਹੋਈਆਂ ਸਨ, ਉਥੇ ਹੀ ਸੰਗਤਾਂ ਨੇ ਆਪਣਾ-ਆਪਣਾ ਲੰਗਰ ਵੀ ਸੁਰੂ ਕੀਤਾ। ਪੰਗਤ ਤੋਂ ਭਾਵ ਬਿਨਾਂ ਕਿਸੇ ਜਾਤੀ ਅਤੇ ਰੰਗ ਦੀ ਭੇਦ-ਭਾਵਨਾ ਦੇ ਇਕੋ ਲਾਈਨ (ਪੰਗਤ) ਵਿਚ ਬੈਠ ਕੇ ਪ੍ਰਸ਼ਾਦਾ ਛਕਣਾ। ਇਸ ਦਾ ਅਹਿਮ ਉਦੇਸ਼ ਇਹੀ ਸੀ ਕਿ ਸਭ ਇਨਸਾਨ ਇਕ ਕਤਾਰ ਵਿਚ ਮਿਲ ਬੈਠਣ। ਉਹਨਾਂ ਵਿਚ ਖਾਣ-ਪਾਣ ਦੀ ਸਾਂਝ ਵਿਕਸਿਤ ਹੋਵੇ। ਤਾਂ ਜੋ ਉਹਨਾਂ ਵਿਚਲੀ ਵਖਰੇਪਣ ਦੀ ਭਾਵਨਾ ਨੂੰ ਖਤਮ ਕੀਤਾ ਜਾ ਸਕੇ ਅਤੇ ਮਨੁੱਖਤਵ ਨੂੰ ਸੁਰਜੀਤ ਕੀਤਾ ਜਾ ਸਕੇ। ਇਸੇ ਲੜੀ ਵਿਚ ਸਿੱਖ ਇਤਿਹਾਸ ਵਿਚ ਅਜਿਹੀ ਬਹੁਤ ਸਾਰੀਆਂ ਘਟਨਾਵਾਂ ਮਿਲਦੀਆਂ ਹਨ, ਜਿੰਨ੍ਹਾਂ ਵਿਚ ਇਸ ਅਮਲ ਨੂੰ ਅਪਨਾਇਆ ਗਿਆ। ਅਕਬਰ ਦਾ ਗੋਇੰਦਵਾਲ ਸਾਹਿਬ ਵਿਖੇ ਆਉਣਾ ਅਤੇ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕਣਾ। ਗੋਇੰਦਵਾਲ ਸਾਹਿਬ ਵਿਖੇ ਬਾਉਲੀ ਦਾ ਨਿਰਮਾਣ ਕਰਵਾਉਣਾ। ਗੁਰੂ ਰਾਮਦਾਸ ਜੀ ਦੁਆਰਾ ਚੱਕ ਰਾਮਦਾਸਪੁਰਾ ਨਗਰ ਵਸਾਉਣਾ ਅਤੇ ਉਥੇ ਵੱਖ ਵੱਖ ਕਿੱਤਿਆਂ ਦੇ ਲੋਕਾਂ ਨੂੰ ਲਿਆ ਕੇ ਵਸਾਉਣਾ, ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਅਤੇ ਹਰ ਵਿਅਕਤੀ ਲਈ ਦਰਵਾਜ਼ੇ ਖੁੱਲ੍ਹੇ ਰਹਿਣਾ ਆਦਿ। ਇਸ ਤਰ੍ਹਾਂ ਬਹੁਤ ਸਾਰੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿੰਨ੍ਹਾਂ ਵਿਚ ਜਾਤ-ਪਾਤ ਤੋਂ ਮੁਕਤ ਅਮਲ ਅਤੇ ਵਿਵਹਾਰ ਦੇਖਿਆ ਜਾ ਸਕਦਾ ਹੈ।

### 10.5.2 ਖ਼ਾਲਸਾ

ਸਿੱਖ ਧਰਮ ਨੇ ਜਾਤ-ਪਾਤ ਦੇ ਖਾਤਮੇ ਲਈ ਵਿਵਹਾਰਿਕ ਪੱਧਰ 'ਤੇ ਕਾਰਜ ਕੀਤਾ। ਖਾਲਸਾ ਪੰਥ ਦੀ ਸਾਜਨਾ ਇਸੇ ਅਮਲ ਦਾ ਹੀ ਸਿੱਖਰ ਸੀ। ਪੰਜ ਪਿਆਰਿਆਂ ਦਾ ਵਖ-ਵਖ ਜਾਤੀਆਂ, ਸਥਾਨਾਂ ਤੋਂ ਹੋਣਾ ਅਤੇ ਹਰ ਵਿਅਕਤੀ ਲਈ ਅੰਮ੍ਰਿਤ-ਸੰਸਕਾਰ ਦੇ ਬੂਹੇ ਖੋਲਣਾ ਖ਼ਾਲਸਾ ਸੰਸਥਾ ਦੀ ਅਹਿਮ ਪ੍ਰਾਪਤੀ ਸੀ। ਇਸ ਵਿਚ ਵਿਅਕਤੀ ਦੀ ਜਾਤ-ਪਾਤ ਨੂੰ ਖਤਮ ਕਰਦਿਆਂ, ਇਕ ਨਵੀਂ ਪਛਾਣ ਦਿਤੀ ਗਈ। ਸਦੀਆਂ ਤੋਂ ਬ੍ਰਾਹਮਣਵਾਦ ਦੀ ਜਾਤ-ਪਾਤ ਤੋਂ ਮੁਕਤੀ ਪ੍ਰਾਪਤ ਕਰਕੇ ਮਜ਼ਲੂਮ ਲੋਕਾਂ ਨੇ ਸਵੈਮਾਣ ਭਰਪੂਰ ਹੋ ਗਏ ਅਤੇ ਉਹਨਾਂ ਨੇ ਬਾਦਸ਼ਾਹਤਾਂ ਨੂੰ ਵੀ ਪਲਟਾ ਦਿਤਾ। ਮਨੁੱਖ ਅਤੇ ਮਨੁੱਖ ਵਿਚਕਾਰ ਦੀ ਆਪਸੀ ਦੂਰੀ ਖਤਮ ਹੋ ਗਈ, ਜਿਸ ਦੇ ਨਤੀਜੇ ਵਜੋਂ ਹੀ ਖਾਲਸਾ ਜਥੇਬੰਦਕ ਹੋਇਆ। ਖ਼ਾਲਸੇ ਨੇ ਵਿਸ਼ਾਲ ਮੁਗ਼ਲ ਸਾਮਰਾਜ ਨਾਲ ਟੱਕਰ ਲਈ ਅਤੇ ਸਿੱਖ ਰਾਜ ਨੂੰ ਸਥਾਪਿਤ ਕੀਤਾ। ਜਦੋਂ ਖ਼ਾਲਸੇ ਦੀ ਸਿਰਜਣਾ ਨਾਲ ਸਭ ਤੋਂ ਨੀਵੇਂ ਕਹਾਉਣ ਵਾਲੇ ਲੋਕ ਰਾਜਸੀ ਸੱਤਾ ਵਿਚ ਬਰਾਬਰ ਦੇ ਭਾਈਵਾਲ ਬਣੇ। ਗੁਰੂ ਸਾਹਿਬਾਨ ਨੇ ਇਕ ਨਿਤਾਣੇ ਵਿਅਕਤੀ ਦੀ ਸੁਰਤਿ, ਮਤਿ, ਮਨ ਅਤੇ ਬੁਧੀ ਨੂੰ ਇਸ ਪੱਧਰ 'ਤੇ ਲੈ ਗਏ, ਜਿਸਨੇ ਸਦੀਆਂ ਤੋਂ ਸਥਾਪਤ ਜਾਤਿ, ਕੁੱਲ ਅਤੇ ਅਭਿਮਾਨ ਨੂੰ ਖ਼ਾਲਸਾ ਬਣ ਤਬਾਹ ਕਰ ਦਿਤਾ, ਜੋ ਕਿ ਸਿਰਫ਼ ਵਾਹਿਗੁਰੂ ਨੂੰ ਹੀ ਉਤਰਦਾਈ ਹੈ।

ਜਾਤੀ ਪ੍ਰਥਾ ਵਿਚ ਫਸਿਆ ਮਨੁੱਖ ਆਪਣੇ ਆਪ ਨੂੰ ਮਨੁੱਖ ਨਾ ਮੰਨ ਕੇ ਜਾਤ ਦੇ ਚਿੰਨ੍ਹ ਨਾਲ ਜੁੜਦਾ ਹੈ। ਇਕ ਦੂਜੇ ਨੂੰ ਜਾਤ ਦੇ ਅਧੀਨ ਹੋ ਕੇ ਉੱਤਮ ਤੇ ਨੀਚ ਸ੍ਰੇਣੀ ਵਿਚ ਵੰਡਦਾ ਹੈ। ਸੋ ਇਸ ਭੇਦ ਭਾਵ ਨੂੰ ਖਤਮ ਕਰਨ ਲਈ ਸਿੱਖੀ ਨੇ ਅਹਿਮ ਯੋਗਦਾਨ ਪਾਇਆ ਹੈ। ਸਿੱਖ ਲਹਿਰ ਨੇ ਮਨੁੱਖਤਾ ਦੀ ਮੁਕੰਮਲ ਆਜ਼ਾਦੀ, ਬਰਾਬਰੀ, ਸਵੈਮਾਣ, ਨਿਆਂ ਭਰਪੂਰ ਆਦਰਸ਼ਾਂ 'ਤੇ ਆਧਾਰਤ ਇਕ ਨਵਾਂ ਸਮਾਜ ਦੀ ਉਸਾਰੀ ਜਿਸ ਦ੍ਰਿੜਤਾ, ਵਿਸ਼ਵਾਸ ਅਤੇ ਕੁਰਬਾਨੀਆਂ ਨਾਲ ਸਦੀਆਂ ਤੋਂ ਕਾਰਜ ਕੀਤਾ ਹੈ, ਜਿਸ ਕਰਕੇ ਸਿੱਖਾਂ ਦੀ ਵਿਸ਼ਵ ਵਿਚ ਆਪਣੀਆਂ ਕਦਰਾਂ-ਕੀਮਤਾਂ ਕਰਕੇ ਵਿਲਖਣ ਪਛਾਣ ਹੈ।

## 10.6 ਇਤਿਹਾਸਕ ਉਦਾਹਰਣਾਂ

ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਜੀ ਦਾ ਸੀਸ ਦਿੱਲੀ ਤੋਂ ਅਨੰਦਪੁਰ ਪਹੁਚਾਉਣ ਦੀ ਸੇਵਾ ਭਾਈ ਜੀਵਨ ਸਿੰਘ ਜੀ ਨੇ ਕੀਤੀ ਸੀ, ਜੋ ਕਿ ਭਾਈ ਜੈਤਾ ਕਰਕੇ ਵੀ ਜਾਣੇ ਜਾਂਦੇ ਹਨ। ਭਾਈ ਜੀਵਨ ਸਿੰਘ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਲ ਨਾਲ ਲਾਇਆ ਅਤੇ 'ਰੰਘਰੇਟਾ ਗੁਰੂ ਕਾ ਬੇਟਾ' ਦੀ ਬਖ਼ਸ਼ਿਸ਼ ਨਾਲ ਨਿਵਾਜਿਆ। ਭਾਈ ਜੀਵਨ ਸਿੰਘ ਕਥਿਤ ਨੀਵੀਂ ਜਾਤੀ ਨਾਲ ਸੰਬੰਧਿਤ ਸੀ। ਪਰ ਗੁਰੂ ਜੀ ਨੇ ਬਿਨਾਂ ਕਿਸੇ ਭੇਦ-ਭਾਵ ਦੇ ਬਖ਼ਸ਼ਿਸ਼ਾਂ ਕੀਤੀਆਂ ਅਤੇ ਆਪਣੇ ਬੇਟਾ ਹੋਣ ਦਾ ਮਾਣ ਬਖ਼ਸ਼ਿਆ।

ਲਾਹੌਰ ਦੇ ਸੂਬੇਦਾਰ ਤੇ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਸਿੰਘਾਂ ਨੂੰ ਸ਼ਾਂਤ ਕਰਨ ਬਦਲੇ ਇੱਕ ਲੱਖ ਸਾਲਾਨਾ ਜਾਗੀਰ ਤੇ ਨਵਾਬੀ ਦਾ ਖਿਤਾਬ ਦਿੱਤਾ। ਸ. ਕਪੂਰ ਸਿੰਘ ਫ਼ੈਜ਼ੁਲਪੁਰੀਆ ਜੋ ਪੰਥ ਦੇ ਘੋੜਿਆਂ ਦੀ ਸੇਵਾ ਕਰਿਆ ਕਰਦਾ ਸੀ, ਪੰਥ ਨੇ ਇਸ ਨੂੰ ਨਵਾਬੀ ਦਾ ਖ਼ਿਤਾਬ ਦੇ ਦਿੱਤਾ। ਸੰਨ 1734 ਈਸਵੀ ਵਿਚ ਜਥੇਦਾਰ ਦੀਵਾਨ ਦਰਬਾਰਾ ਸਿੰਘ ਸੁਰਗਵਾਸ ਹੋਣ ਤੋਂ ਬਾਅਦ ਪੰਥ ਨੇ ਨਵਾਬ ਕਪੂਰ ਸਿੰਘ ਨੂੰ ਆਪਣਾ ਜਥੇਦਾਰ ਨਿਯੁਕਤ ਕੀਤਾ। ਇਸ ਪ੍ਰਕਾਰ ਹੋਰ ਵੀ ਅਨੇਕਾਂ ਉਦਾਹਰਣਾਂ ਹਨ ਜਿਸ ਵਿਚ ਸਿੱਖਾਂ ਨੇ ਬਿਨਾਂ ਕਿਸੇ ਅਮੀਰ-ਗਰੀਬ ਅਤੇ ਉੱਚੇ-ਨੀਵੇਂ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਸਮਾਜ ਅਤੇ ਲੋਕਾਂ ਨੂੰ ਇਕਜੁਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ।

ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ ਉਲ ਕੌਮ' ਹੋਣ ਦਾ ਸਨਮਾਣ ਹਾਸਿਲ ਸੀ। ਉਹ ਜਾਤ ਕਰ ਕੇ ਭਾਵੇਂ ਕਿ ਕਲਾਲ ਸੀ ਪਰ ਕੌਮ ਵਲੋਂ ਉਸ ਦੇ ਕਾਰਜਾਂ ਅਤੇ ਸੇਵਾਵਾਂ ਨੂੰ ਮੁੱਖ ਰੱਖ ਕੇ ਮਾਣ-ਸਨਮਾਣ ਦਿੱਤੇ ਗਏ। ਕੌਮ ਵਲੋਂ ਉਸ ਨੂੰ ਲਾਹੌਰ ਦੇ ਤਖਤ 'ਤੇ ਬਿਠਾ ਕੇ ਬਾਦਸ਼ਾਹ ਦਾ ਖਿਤਾਬ ਦਿਤਾ ਅਤੇ ਸਿੱਖਾਂ ਨੇ ਲਾਹੌਰ ਸਰਕਾਰ ਦਾ ਸਿੱਕਾ ਚਲਾਇਆ, ਜਿਸ 'ਤੇ ਇਹ ਸ਼ੇਅਰ ਲਿਖਿਆ ਹੋਇਆ ਸੀ।

ਸਿੱਕਾ ਜ਼ਦ ਦਰ ਜਹਾਂ ਬਫ਼ਜ਼ਲ ਅਕਾਲ।

ਮੁਲਕ ਆਹਮਦ ਗ੍ਰਿਫ਼ਤ ਜੱਸਾ ਕਲਾਲ।

ਅੰਗਰੇਜਾਂ ਦੇ ਸ਼ਾਸਨ ਕਾਲ ਦੌਰਾਨ ਗੁਰਦੁਆਰਿਆਂ ਦੇ ਮਹੰਤਾਂ ਦੇ ਚਰਿੱਤਰ ਵਿਚ ਭਾਰੀ ਗਿਰਾਵਟ ਆ ਚੁੱਕੀ ਸੀ। ਮਹੰਤ ਅੰਗਰੇਜਾਂ ਦੇ ਪਿੱਠੂ ਬਣ ਚੁੱਕੇ ਸਨ, ਜਿਸ ਕਰਕੇ ਕਥਿਤ ਨੀਵੇਂ ਜਾਤ ਵਾਲਿਆਂ ਨੂੰ ਕੜਾਹ ਪ੍ਰਸਾਦ ਭੇਟਾ ਅਤੇ ਅਰਦਾਸ ਨਹੀਂ ਕਰਨ ਦਿਤੀ ਜਾਂਦੀ ਸੀ। ਇਸ ਤਰ੍ਹਾਂ ਦਾ ਭੇਦ ਭਾਵ ਵਾਲਾ ਰਵਈਆ ਉਥੋਂ ਦੇ ਮਹੰਤਾਂ/ਪੁਜਾਰੀਆਂ ਦੁਆਰਾ ਧਾਰਨ ਕੀਤਾ ਹੋਇਆ ਸੀ। ਇਸ ਦੇ ਵਿਰੋਧ ਵਿਚ ਸਿੱਖ ਸੰਗਤ ਇਕਠੀ ਹੋਈ ਅਤੇ ਉਹਨਾਂ ਮਹੰਤਾਂ/ਪੁਜਾਰੀਆਂ ਨੂੰ ਅਰਦਾਸ ਕਰਨ ਅਤੇ ਪ੍ਰਸ਼ਾਦ ਭੇਟ ਮਨਜ਼ੂਰ ਕਰਨ ਲਈ ਕਿਹਾ। ਇਸ ਤੋਂ ਬਾਅਦ ਫੈਂਸਲੇ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਅਰਦਾਸ ਕਰਕੇ ਗੁਰੂ ਸਾਹਿਬ ਪਾਸੋਂ ਵਾਕ ਲਿਆ ਗਿਆ, ਜੋ ਕਿ ਇਸ ਪ੍ਰਕਾਰ ਆਇਆ:

ਸੋਰਠਿ ਮਹਲਾ 3 ਦੁਤੁਕੀ

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥

ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥

ਇਸ ਤਰ੍ਹਾਂ ਵਾਕ ਤੋਂ ਬਾਅਦ ਮਹੰਤ ਪ੍ਰਸ਼ਾਦ ਭੇਟਾ ਲਈ ਮੰਨ੍ਹ ਗਏ ਪਰ ਉਹਨਾਂ ਨੇ ਆਪ ਇਹ ਕਾਰਜ ਨਹੀਂ ਕੀਤਾ ਤਾਂ ਸੰਗਤ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਪ੍ਰਸ਼ਾਦ ਭੇਟਾ ਅਤੇ ਅਰਦਾਸ ਕੀਤੀ ਗਈ। ਇਸ ਘਟਨਾ ਨਾਲ ਚਲਿਆ ਆ ਰਿਹਾ ਵਿਤਕਰਾ ਖਤਮ ਹੋ ਗਿਆ।

ਸਿੱਖ ਧਰਮ ਮਨੁੱਖੀ ਕਰਮਾਂ ਨੂੰ ਤਰਜ਼ੀਹ ਦਿੰਦਾ ਹੈ ਅਤੇ ਮਨੁੱਖ ਦੇ ਕਰਮ ਹੀ ਉਸ ਦੀ ਜਾਤ-ਪਾਤ ਹਨ। ਸਿੱਖ ਸਿਧਾਂਤ ਦੀ ਵਿਆਪਕਤਾ ਨੂੰ ਸ. ਪ੍ਰਿਥੀਪਾਲ ਸਿੰਘ ਦੇ ਜੀਵਨ ਤੋਂ ਵੇਖਿਆ ਜਾ ਸਕਦਾ ਹੈ, ਜੋ ਕਿ ਸਿੱਖ ਵਿਹਾਰਕਤਾ ਦੀ ਇਕ ਮਹੱਤਵਪੂਰਣ ਉਦਾਹਰਣ ਹੈ। ਉਹ ਮੁਸਲਮਾਨ ਦੇ ਪੀਰ ਘਿਰਾਣੇ ਅਤੇ ਉਚੀ ਕੁਲ ਨਾਲ ਸੰਬੰਧਿਤ ਸਨ। ਉਹਨਾਂ ਸਿੱਖ ਧਰਮ ਨੂੰ ਧਾਰਨ ਕੀਤਾ ਤਾਂ ਉਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਕੋਈ ਭੇਦਭਾਵ ਨਾ ਕੀਤਾ ਗਿਆ। ਉਹ ਇਕ ਸਿੱਖ ਪ੍ਰਚਾਰਕ ਦੀ ਹੈਸੀਅਤ ਨਾਲ ਵਿਚਰੇ।

## 10.7 ਸਾਰ

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਜਾਤ-ਪਾਤ ਦੇ ਜੋ ਗੁੰਝਲਦਾਰ ਢਾਂਚਾ ਸਥਾਪਿਤ ਹੋ ਚੁਕਾ ਸੀ, ਉਸ ਨੂੰ ਸਿੱਖ ਧਰਮ ਨੇ ਮਨੁੱਖੀ ਮਨ ਵਿਚੋਂ ਇਸਦੀ ਦੂਸ਼ਣਤਾ ਅਤੇ ਵਿਵਹਾਰ ਨੂੰ ਗਿਆਨਮਈ ਅਤੇ ਵਿਵਹਾਰਮਈ ਢੰਗ ਨਾਲ ਜੜ੍ਹੋਂ ਪੁਟਿਆ। ਅਜੋਕੇ ਸਮੇਂ ਵਿਚ ਪੰਜਾਬ ਦੀ ਤੁਲਨਾ ਭਾਰਤ ਦੇ ਬਾਕੀ ਰਾਜਾਂ ਨਾਲ ਕਰੀਏ ਤਾਂ ਪੰਜਾਬ ਵਿਚ ਜਾਤ-ਪਾਤ ਦੇ ਪ੍ਰਬੰਧ ਅਤੇ ਅਭਿਆਸ ਇੰਨੇ ਜਲਿਟ ਨਹੀਂ ਹਨ, ਜਿਨ੍ਹਾਂ ਕਿ ਹੋਰਨਾਂ ਸਥਾਨਾਂ 'ਤੇ। ਸਿੱਖ ਗਿਆਨਮਈ ਪਰੰਪਰਾ ਨੇ ਸਮਾਜ ਵਿਚ ਆਪਣੇ ਮਨੁੱਖਤਾਮਈ ਕਦਰਾਂ-ਕੀਮਤਾਂ ਨਾਲ 'ਸ਼ਬਦ' ਦੇ ਅਨੁਭਵ ਵਾਲੇ ਸਮਾਜ ਦੀ ਸਿਰਜਨਾ ਕੀਤੀ ਹੈ, ਜਿਸਦਾ ਅਭਿਆਸ ਸਿੱਖ ਕਰ ਰਹੇ ਹਨ ਅਤੇ ਬਹੁਤ ਸਾਰੀਆਂ ਸਮਸਿਆਵਾਂ ਦੇ ਬਾਵਜੂਦ ਗੁਰੂ ਸਾਹਿਬਾਨ ਦੁਆਰਾ ਸਥਾਪਤ ਆਦਰਸ਼ਾਂ ਦੇ ਅਭਿਆਸ ਨੂੰ ਸੇਵਾਮਈ ਬਖਸ਼ਿਸ਼ ਸਮਝਦੇ ਹਨ।

## 10.8 ਵਧੇਰੇ ਪੜ੍ਹਣਯੋਗ ਪੁਸਤਕਾਂ


- ਹਰਚਰਨ ਸਿੰਘ (ਸੰਪ.), ਖੋਜ ਪਤ੍ਰਿਕਾ (ਗੁਰੂ ਨਾਨਕ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਨਵੰਬਰ 1969
- ਜਗਜੀਤ ਸਿੰਘ, ਸਿੱਖ ਇਨਕਲਾਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2017

- ਪਦਮ, ਪਿਆਰਾ ਸਿੰਘ, ਗੁਰੂ ਗ੍ਰੰਥ ਵਿਚਾਰ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011
- ਮਨਮੋਹਨ ਸਿੰਘ, ਧਰਮ ਦਾ ਵਿਕਾਸ ਅਤੇ ਗੁਰਮਤਿ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994
- ਨਾਭਾ, ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, 2019
- ਰੂਪ ਸਿੰਘ (ਸੰਪ.), ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2012
- ਸ਼ਮਸ਼ੇਰ ਸਿੰਘ, ਸਿੱਖ ਧਰਮ ਵਿਚ ਆਦਰਸ਼ ਮਨੁੱਖ ਦਾ ਸੰਕਲਪ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995


## 10.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਜਾਤੀਵਾਦ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਜਾਤੀਵਾਦ ਅਤੇ ਧਰਮ ਦੇ ਆਪਸੀ ਕੀ ਸੰਬੰਧ ਹਨ?

ਪ੍ਰਸ਼ਨ 3. ਜਾਤੀਵਾਦ ਦੇ ਸੰਦਰਭ ਵਿਚ ਸਿੱਖ-ਸਿਧਾਂਤਾਂ ਬਾਰੇ ਦਸੋ।

ਪ੍ਰਸ਼ਨ 4. ਸਿੱਖ ਇਤਿਹਾਸ ਵਿਚੋਂ ਜਾਤੀਵਾਦ ਨੂੰ ਖਤਮ ਕਰਨ ਸੰਬੰਧੀ ਉਦਾਹਰਣਾਂ ਦਿਓ।

## PROGRAMME: CERTIFICATE COURSE ON VALUE AND LEARNING OF SIKHISM

**COURSE: ETHICAL VALUES**

**SEMESTER-I**

### UNIT XI – SERVICE TO HUMANITY

**STRUCTURE**

11.0 ਉਦੇਸ਼

11.1 ਜਾਣ-ਪਛਾਣ

11.2 ਮਨੁੱਖਤਾ ਦੀ ਸੇਵਾ ਅਤੇ ਧਰਮ

11.3 ਸਿੱਖ-ਸਿਧਾਂਤ ਅਤੇ ਮਨੁੱਖਤਾ ਦੀ ਸੇਵਾ

11.4 ਸਰਬੱਤ ਦਾ ਭਲਾ ਦਾ ਵਿਹਾਰਕ-ਪ੍ਰਸੰਗ

11.5 ਸੇਵਾਪੰਥੀ ਸੰਪਰਦਾਇ

11.6 ਸਾਰ

11.7 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ

11.8 ਅਭਿਆਸ ਲਈ ਪ੍ਰਸ਼ਨ

## 11.0 ਉਦੇਸ਼

ਮਨੁੱਖਤਾ ਦੀ ਸੇਵਾ ਦੇ ਸੰਕਲਪ ਨੂੰ ਸਮਝਣਾ।
ਮਨੁੱਖਤਾ ਦੀ ਸੇਵਾ ਵਿਚ ਧਰਮ ਦੇ ਮਹੱਤਵ ਨੂੰ ਜਾਣਨਾ।
ਮਨੁੱਖਤਾ ਦੀ ਸੇਵਾ ਲਈ ਸਿੱਖ-ਸਿਧਾਂਤ ਅਤੇ ਵਿਵਹਾਰ ਨੂੰ ਜਾਣਨਾ।

## 11.1 ਜਾਣ-ਪਛਾਣ

ਮਨੁੱਖਤਾ ਦੀ ਸੇਵਾ ਦਾ ਸੰਕਲਪ ਆਧੁਨਿਕ ਯੁੱਗ ਵਿਚ ਪ੍ਰਚਲਤ ਹੋਣ ਵਾਲਾ ਸੰਕਲਪ ਹੈ ਭਾਵੇਂ ਕਿ ਇਸਦਾ ਇਤਿਹਾਸ ਬਹੁਤ ਪੁਰਾਣਾ ਹੈ। ਆਧੁਨਿਕ ਯੁੱਗ ਵਿਚ ਧਰਮ-ਨਿਰਪਖਤਾ ਦੇ ਪ੍ਰਸਾਰ ਕਰਕੇ ਚੇਤਨਾ ਵਿਚ ਮਨੁੱਖ ਨੂੰ ਕੇਂਦਰ ਵਿਚ ਰਖ ਕੇ ਸਭ ਤਰ੍ਹਾਂ ਦੇ ਗਿਆਨ ਅਤੇ ਕਾਰਜਾਂ ਨੂੰ ਪ੍ਰਮੁਖਤਾ ਦੇਣੀ ਸ਼ੁਰੂ ਹੋਈ। ਦੋ ਵਿਸ਼ਵ-ਯੁਧਾਂ ਨੇ ਸੰਸਾਰ ਵਿਚ ਚਲ ਰਹੇ ਵਰਤਾਰੇ ਉਤੇ ਗੰਭੀਰ ਪ੍ਰਸ਼ਨ ਖੜ੍ਹੇ ਕੀਤੇ ਅਤੇ ਮਨੁੱਖ -ਜਾਤੀ ਦੇ ਭਵਿਖ ਸੰਬੰਧੀ ਸੰਵੇਦਨਸ਼ੀਲਤਾ ਦਿਖਾਈ। ਸਿਟੇ ਵਜੋਂ ਮਨੁੱਖ ਜਾਤੀ ਨੂੰ ਇਕ ਮੰਨਦੇ ਹੋਏ ਇਸਦੇ ਬਚਾਅ ਅਤੇ ਵਿਕਾਸ ਲਈ ਕਈ ਤਰ੍ਹਾਂ ਦੇ ਵਿਚਾਰ ਉਤਪੰਨ ਹੋਏ, ਜਿਸ ਵਿਚ ਇਕ ਪ੍ਰਮੁਖ ਵਿਚਾਰ ਮਨੁੱਖਤਾ ਦੀ ਸੇਵਾ ਨਾਲ ਸੰਬੰਧਤ ਹੈ। ਇਸ ਵਿਚਾਰ ਰਾਹੀਂ ਵੱਖ-ਵੱਖ ਦੇਸ਼ਾਂ ਨੇ ਇਕ-ਦੂਜੇ ਨੂੰ ਜੀਵਨ ਲਈ ਲੋੜੀਂਦੀਆਂ ਜ਼ਰੂਰਤਾਂ ਲਈ ਵਚਨਬੱਧ ਕੀਤਾ ਅਤੇ ਇਕ-ਦੂਜੇ ਦੀ ਸਹਾਇਤਾ ਲਈ ਸੰਕਲਪ ਧਾਰੇ। ਇਸ ਖੇਤਰ ਵਿਚ ਕਾਰਜ ਕਰਨ ਵਾਲੀਆਂ ਸੰਸਥਾਵਾਂ ਨੂੰ ਜਲਦੀ ਹੀ ਇਸ ਗਲ ਦੀ ਸੋਝੀ ਹੋਈ ਕਿ ਧਰਮ ਤੋਂ ਬਿਨਾਂ ਇਹ ਕਾਰਜ ਸੰਭਵ ਨਹੀਂ ਹਨ ਭਾਵੇਂ ਕਿ ਬਹੁਤ ਸਾਰੀਆਂ ਸੰਸਥਾਵਾਂ ਇਸ ਨਾਲ ਸਹਿਮਤ ਵੀ ਨਹੀਂ ਹੋਈਆਂ। ਪਰ ਇਸਦੇ ਬਾਵਜੂਦ ਕਈ ਸੰਸਥਾਵਾਂ ਨੇ ਧਰਮ ਨਾਲ ਮਿਲ ਕੇ ਕਾਰਜ ਕਤਿ, ਜਿਸਦਾ ਅਸਰ ਵਿਸ਼ਵ ਵਿਚ ਵਖ-ਵਖ ਕਾਰਜਾਂ 'ਤੇ ਦਿਖਾਈ ਦਿਤਾ। ਮਨੁੱਖਤਾ ਦੀ ਸੇਵਾ ਵਿਚ ਸਿੱਖੀ ਨੇ ਮਹਤਵਪੂਰਣ ਯੋਗਦਾਨ ਪਾਇਆ ਅਤੇ ਵਿਸ਼ਵ ਨੂੰ ਇਕ ਆਦਰਸ਼ਕ ਮਾਰਗ ਵੀ ਦਰਸਾਇਆ।

## 11.2 ਮਨੁੱਖਤਾ ਦੀ ਸੇਵਾ ਅਤੇ ਧਰਮ

ਧਰਮ ਦਾ ਮੁਖ ਪ੍ਰਯੋਜਨ ਮਨੁੱਖ ਨੂੰ ਉਸਦੇ ਆਤਮ ਦੇ ਤੌਰ 'ਤੇ ਚੇਤੰਨ ਜਾਂ ਗਿਆਨ ਕਰਵਾ ਕੇ ਉਸਦੇ ਮੂਲ਼ ਨਾਲ ਜੋੜਨਾ ਹੈ। ਸੰਸਾਰ ਵਿਚ ਸਥਾਪਤ ਕਦਰਾਂ-ਕੀਮਤਾਂ ਧਰਮ ਦੇ ਅਨੁਭਵਾਂ ਵਿਚੋਂ ਹੀ ਨਿਰਮਤ ਹੋਈਆਂ ਕਿਉਂਕਿ ਧਰਮ 'ਚੋਂ ਪੈਦਾ ਹੋਏ ਗੁਣਾਂ ਨੂੰ ਧਾਰਨ ਕਰਨ ਨਾਲ ਮਨੁੱਖ ਨਿਰਮਲ ਹੁੰਦਾ ਹੈ ਅਤੇ ਆਪਣੇ ਆਤਮ ਨੂੰ ਅਨੁਭਵ ਕਰਦਾ ਹੈ ਸੰਸਾਰ ਦੇ ਸਚ ਨੂੰ ਪਛਾਨਣ ਲਗ ਪੈਂਦਾ ਹੈ। ਧਰਮ ਇਸ ਯਾਤਰਾ ਵਿਚ ਮਨੁੱਖ ਦੀ ਅਗਵਾਈ ਕਰਦਾ ਹੈ। ਦੁਨੀਆਂ ਦੇ ਵਿਭਿੰਨ ਧਰਮਾਂ ਨੇ ਮਨੁੱਖ ਨੂੰ ਉਸਦੇ ਸੁਚੱਜੇ ਜੀਵਨ ਅਤੇ ਕਲਿਆਣ ਲਈ ਹੀ ਸਿਖਿਆਵਾਂ ਦਿਤੀਆਂ ਹਨ ਭਾਵੇਂ ਕਿ ਬਹੁਤ ਸਾਰੇ ਲੋਕਾਂ ਨੇ ਧਰਮ ਨੂੰ ਆਪਣੀਆਂ ਮਾਨਸਿੱਖ ਬਿਰਤੀਆਂ ਅਤੇ ਇਛਾਵਾਂ ਲਈ ਵਰਤਿਆ ਵੀ ਹੈ। ਪਰ ਇਸ ਸਭ ਦੇ ਬਾਵਜੂਦ ਧਰਮ ਅਤੇ ਧਰਮ ਦਾ ਅਭਿਆਸ ਕਰ ਰਹੇ ਲੋਕਾਂ ਦੀ ਵਿਲਖਣਤਾ ਹੁੰਦੀ ਹੈ ਕਿ ਉਹ ਪ੍ਰਮਾਤਮਾ ਦੇ ਭੈਅ ਵਿਚ ਹੁੰਦੇ ਹੋਏ ਕਿਸੇ ਨਾ ਕਿਸੇ ਜ਼ਬਤ ਵਿਚ ਰਹਿੰਦੇ ਹਨ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਸਥਾਪਨਾ ਵਿਚ ਸਹਾਈ ਹੁੰਦੇ ਹਨ। ਮਨੁੱਖਤਾ ਦੀ ਸੇਵਾ ਇਕ ਅਹਿਮ ਸੰਕਲਪ ਹੈ, ਜਿਸਨੂੰ ਵਿਸ਼ਵ ਵਿਚ ਵਖ-ਵਖ ਧਰਮ ਦੇ ਲੋਕਾਂ ਨੇ ਪ੍ਰਚਾਰਿਆ ਅਤੇ ਪ੍ਰਸਾਰਿਆ ਹੈ ਪਰ ਇਸ ਸੰਬੰਧੀ ਕਾਰਜ ਬਹੁਤ ਥੋੜ੍ਹੇ ਲੋਕ ਕਰਦੇ ਹਨ। ਆਪਣੇ ਧਰਮ ਤੋਂ ਆਤਮਕ ਖੁਰਾਕ ਲੈ ਮਨੁੱਖਤਾ ਲਈ ਕਿਸੇ ਵੀ ਤਰ੍ਹਾਂ ਦਾ ਕਾਰਜ ਕਰਨਾ ਮਨੁੱਖਤਾ ਦੀ ਸੇਵਾ ਦੇ ਘੇਰੇ ਵਿਚ ਆਉਂਦਾ ਹੈ। ਵਿਸ਼ਵ ਵਿਚ ਧਰਮਾਂ ਦੇ ਅਨੁਯਾਈਆਂ ਦੀਆਂ ਅਣਗਿਣਤ ਸੰਸਥਾਵਾਂ ਹਨ, ਜੋ ਮਨੁੱਖਤਾ ਦੀ ਸੇਵਾ ਲਈ ਵਿਭਿੰਨ ਖੇਤਰਾਂ ਵਿਚ ਕਾਰਜ ਕਰ ਰਹੀਆਂ ਹਨ। ਇਹਨਾਂ ਵਿਚ ਜਿਆਦਾਤਰ ਸੰਸਥਾਵਾਂ ਵਿਦਿਅਕ, ਸਮਾਜ-ਭਲਾਈ ਅਤੇ ਹਸਪਤਾਲਾਂ ਦੇ ਰੂਪ ਵਿਚ ਹਨ ਪਰ ਇਸ ਤੋਂ ਬਿਨਾਂ ਅਨੇਕ ਤਰ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਸੰਸਥਾਵਾਂ ਹਨ, ਜੋ ਕਿਸੇ ਨਾ ਕਿਸੇ ਰੂਪ ਵਿਚ ਸਿਧੇ ਅਤੇ ਅਸਿਧੇ ਰੂਪ ਵਿਚ ਮਨੁੱਖਤਾ ਦੇ ਭਲੇ ਜਾਂ ਸੇਵਾ ਵਾਲੀਆਂ ਹਨ।

## 11.3 ਸਿੱਖ-ਸਿਧਾਂਤ ਅਤੇ ਮਨੁੱਖਤਾ ਦੀ ਸੇਵਾ

ਦੂਸਰਿਆਂ ਦੀ ਭਲਾਈ ਵਿਚ ਕਰਨਾ ਸਿੱਖ ਅਧਿਆਤਮਿਕ ਅਤੇ ਨੈਤਿਕ ਆਦਰਸ਼ ਦਾ ਇਕ ਮਹੱਤਵਪੂਰਨ ਅਤੇ ਜ਼ਰੂਰੀ ਤੱਤ ਹੈ। ਸਦਾਚਾਰਕ ਕੀਮਤਾਂ, ਜੋ ਕਿ ਇਸ ਵੇਲੇ ਸਭ ਤੋਂ ਵੱਡੀ ਲੋੜ ਹਨ, ਲਈ ਧਰਮ ਦੇ ਮੁੱਢਲੇ ਸੰਕਲਪਾਂ, ਸਿਧਾਂਤਾਂ ਤੇ ਸੰਸਥਾਵਾਂ ਦੀ ਜਾਣਕਾਰੀ ਜ਼ਰੂਰੀ ਹੈ। ਸਿੱਖ ਸਦਾਚਾਰ ਕੀਮਤਾਂ ਦੀ ਸਿਫ਼ਤ-ਸਲਾਹ ਸਿੱਖਾਂ ਦੇ ਦੁਸ਼ਮਣ ਮੁਗ਼ਲ ਇਤਿਹਾਸਕਾਰਾਂ ਨੇ ਵੀ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਦੇ ਚਾਨਣ ਰਾਹੀਂ ਜਦੋਂ ਪੱਖਪਾਤੀ ਤੇ ਸੰਪਰਦਾਇਕ ਰੁਚੀਆਂ ਵਾਲਾ ਹਨੇਰਾ ਅਲੋਪ ਹੋ ਜਾਂਦਾ ਹੈ ਤਾਂ ਵਿਅਕਤੀ ਸੱਚ ਦੇ ਚਾਨਣ ਵਿਚ ਸਚਿਆਰਾ ਬਣ ਜਾਂਦਾ ਹੈ। ਇਸ ਅਨੁਭਵ ਰਾਹੀਂ ਮਨੁੱਖ ਸਭ ਵਿਚ ਇਕ ਬ੍ਰਹਮ ਨੂੰ ਦੇਖਦਾ ਹੈ। ਉਸ ਵਿਅਕਤੀ ਦਾ ਵੈਰੀ ਕੋਈ ਨਹੀਂ, ਉਸ ਲਈ ਬੇਗਾਨਾ ਕੋਈ ਨਹੀਂ, ਉਸ ਦੀ ਤਾਂ ਸਮੁੱਚੀ ਮਨੁੱਖਤਾ ਨਾਲ ਸਾਂਝ ਹੈ।

ਬਿਸਰਿ ਗਈ ਸਭ ਤਾਤਿ ਪਰਾਈ॥
ਜਬ ਤੇ ਸਾਧਸੰਗਤਿ ਮੋਹਿ ਪਾਈ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥

ਸਿੱਖੀ ਵਿਚ ਸਥਾਪਤ 'ਸਰਬੱਤ ਦਾ ਭਲਾ' ਦਾ ਸਿਧਾਂਤ ਸਿੱਖ ਪਰੰਪਰਾ ਵਿਚ ਇਕ ਜੀਉਂਦਾ ਜਾਗਦਾ ਸਿਧਾਂਤ ਹੈ, ਜਿਸਦਾ ਕੇਂਦਰੀ ਧੁਰਾ ਗੁਰੂ ਗ੍ਰੰਥ ਸਾਹਿਬ ਦੀ ਅਧਿਆਤਮਿਕ ਦ੍ਰਿਸ਼ਟੀ ਹੈ। ਸਰਬੱਤ ਦਾ ਭਲਾ, ਸਿੱਖ ਅਰਦਾਸ ਦੀ ਚਰਮ-ਸੀਮਾ ਹੈ ਅਤੇ ਸਿੱਖੀ ਦੇ ਪਰਮ ਉਦੇਸ਼ਾਂ ਵਿਚੋਂ ਇਕ ਹੈ। 'ਸਰਬੱਤ ਦਾ ਭਲਾ' ਦੇ ਸਿਧਾਂਤ ਦੀ ਅਭਿਆਸ ਵਿਚ ਆਪਣੀ ਜਾਨ ਤੱਕ ਵਾਰ ਦੇਣ ਦੀ ਮਿਸਾਲ ਬੜੀ ਦੁਰਲਭ ਹੈ। ਇਹ ਸਿਧਾਂਤ ਦਾ ਆਧਾਰ ਦਇਆ, ਸੰਤੋਖ, ਧਰਮ, ਧੀਰਜ, ਨਿਮਰਤਾ ਆਦਿ ਗੁਣਾਂ ਹਨ, ਜਿਨ੍ਹਾਂ ਨੂੰ ਆਪਣੇ ਅੰਦਰ ਵਸਾਉਣ ਵਾਲਾ ਮਨੁੱਖ ਸੇਵਾਰੂਪ ਹੋ ਜਾਂਦਾ ਹੈ। ਸਿੱਖੀ ਵਿਚ ਸਰਬੱਤ ਦੇ ਭਲੇ ਦਾ ਸਿਧਾਂਤ ਮਾਨਵਤਾ, ਧਰਮ ਅਤੇ ਪ੍ਰੇਮ ਦੇ ਮਾਰਗ ਤੇ ਚੱਲਣ ਦਾ ਪ੍ਰਣ ਹੈ। ਧਰਮ ਦੇ ਅਨੁਭਵ ਲਈ ਗਿਆਨ ਦੀ ਜ਼ਰੂਰਤ ਨੂੰ ਬਾਣੀ ਵਿਚ 'ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ' ਦੇ ਫੁਰਮਾਨ ਰਾਹੀਂ ਰੂਪਮਾਨ ਕੀਤਾ ਗਿਆ ਹੈ। ਬਿਨਾਂ ਦਇਆ ਦੇ ਸਦਾਚਾਰ ਦੇ ਧਰਮ ਇਕ ਵਹਿਮ ਤੇ ਭਰਮ ਹੈ ਅਤੇ ਬਿਨਾਂ ਧਰਮ ਦੇ ਸਦਾਚਾਰ ਅਸੰਭਵ ਹੈ।

ਸਿੱਖੀ ਨੇ ਸੰਗਤਮੁਖੀ ਸਮਾਜ ਦੀ ਸਿਰਜਨਾ ਲਈ ਪ੍ਰੇਰਿਤ ਕੀਤਾ ਹੈ, ਜਿਸ ਵਿਚ ਕਿਸੇ ਵੀ ਤਰ੍ਹਾਂ ਦਾ ਊਚ-ਨੀਚ, ਜਾਤ-ਪਾਤ ਦਾ ਭੇਦ-ਭਾਵ ਨਹੀਂ ਰਹਿੰਦਾ। ਸੰਗਤ ਦਾ ਜੋ ਰੂਪ ਗੁਰੂ ਸਾਹਿਬਾਨ ਨੇ ਸਿਰਜਿਆ ਹੈ, ਉਹ ਸਤਿਸੰਗਤ ਹੈ। ਸੰਗਤ ਦਾ ਸੰਬੰਧ ਮਨੁੱਖ ੀ ਸਦਾਚਾਰਕ ਗੁਣਾਂ ਨਾਲ ਹੈ, ਜਿਸ ਰਾਹੀਂ ਵਿਅਕਤੀ ਈਰਖਾ, ਦਵੈਸ਼ ਨੂੰ ਭੁਲ ਕੇ ਗੁਣਾਂ ਦੀ ਸਾਂਝ ਦਾ ਅਭਿਆਸ ਕਰਦਾ ਹੈ:

ਸਗਲ ਗੁਣ ਅਵਗਣੁ ਨ ਕੋਈ ਹੋਹਿ ਨੀਤਾ ਨੀਤਾ॥

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥

ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥

ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥

ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ॥

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ॥

ਔਗੁਣਾਂ ਤੋਂ ਭਾਵ ਉਨ੍ਹਾਂ ਦੁਰ-ਭਾਵਨਾਵਾਂ ਤੋਂ ਹੈ, ਜੋ ਲੋਕ ਭਲਾਈ ਅਤੇ ਪਰਉਪਕਾਰ ਦੇ ਮਾਰਗ ਵਿਚ ਰੁਕਾਵਟਾਂ ਖੜੀਆਂ ਕਰਕੇ ਮਨੁੱਖ ਨੂੰ ਮਨੁੱਖ ਨਾਲ ਲੜਾਉਂਦੀਆਂ ਹਨ। ਗੁਰਬਾਣੀ ਵਿਚ ਇਹਨਾਂ ਦੁਰ-ਭਾਵਨਾਵਾਂ ਦਾ ਕਾਰਨ ਅਗਿਆਨਤਾ ਨੂੰ ਮੰਨਿਆ ਗਿਆ ਹੈ, ਜੋ ਮਨੁੱਖ ਅੰਦਰ ਦੁਰ-ਭਾਵਨਾਵਾਂ ਉਤਪੰਨ ਕਰਨ ਲਈ ਜ਼ਿੰਮੇਵਾਰ ਹੈ। ਅਗਿਆਨੀ ਵਿਅਕਤੀ ਲਈ ਜ਼ਰੂਰੀ ਹੈ ਕਿ ਗਿਆਨ ਲਈ ਮੁਸ਼ਕਤ ਕਰੇ। ਗੁਰਮਤਿ ਵਿਚ ਗੁਰੂ ਨੂੰ ਹੀ ਗਿਆਨ ਦਾ ਪ੍ਰਮੁੱਖ ਸ੍ਰੋਤ ਮੰਨਿਆ ਗਿਆ ਹੈ। ਗੁਰੂ ਤੋਂ ਪ੍ਰਾਪਤ ਗਿਆਨ ਰਾਹੀਂ, ਗਿਆਨਵਾਨ ਮਨੁੱਖ ਹੀ ਪਰਉਪਕਾਰ ਦੇ ਕੰਮ ਕਰ ਸਕਦਾ ਹੈ। ਗਿਆਨੀ ਪੁਰਖ ਦਾ ਅਨੁਭਵ ਸਮਦਰਸੀ ਹੁੰਦਾ ਹੈ ਅਤੇ ਉਸਨੂੰ ਕੋਈ ਬੁਰਾ ਨਹੀਂ ਦਿਖਾਈ ਦਿੰਦਾ। ਇਸ ਤਰ੍ਹਾਂ ਦੇ ਗਿਆਨ ਦੀ ਪ੍ਰਾਪਤੀ ਲਈ ਗੁਰਬਾਣੀ ਵਿਚ ਦਰਜ਼ ਹੈ ਕਿ:

ਐਸਾ ਗਿਆਨੁ ਜਪਹੁ ਮਨ ਮੇਰੇ॥
ਹੋਵਹੁ ਚਾਕਰ ਸਾਚੇ ਕੇਰੇ॥
ਗਿਆਨੁ ਧਿਆਨੁ ਸਭ ਕੋਈ ਰਵੈ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ॥
ਸੇਵਾ ਕਰੇ ਸੁ ਚਾਕਰੁ ਹੋਇ॥
ਜਲਿ ਥਲਿ ਮਹੀਅਲਿ ਰਵਿ ਰਹਿਆ ਸੋਇ॥
ਹਮ ਨਹੀ ਚੰਗੇ ਬੁਰਾ ਨਹੀ ਕੋਇ॥
ਪ੍ਰਣਵਤਿ ਨਾਨਕੁ ਤਾਰੇ ਸੋਇ॥

"ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥" ਰਾਹੀਂ ਗੁਰੂ ਸਾਹਿਬਾਨ ਨੇ ਦ੍ਰਿੜ੍ਹ ਕਰਵਾਇਆ ਹੈ ਕਿ ਧਰਮਾਂ, ਨਸਲਾਂ, ਕੌਮਾਂ, ਦੇਸ਼ਾਂ ਦਾ ਪਰਮਾਤਮਾ ਸਰਬ-ਸਾਂਝਾ ਹੈ। ਇਸ ਰਾਹੀਂ ਸਮੁਚੀ ਮਾਨਵਤਾ ਨੂੰ ਚੜ੍ਹਦੀਕਲਾ, ਸਰਬ-ਸਾਂਝੀਵਾਲਤਾ ਅਤੇ ਸਰਬੱਤ ਦਾ ਭਲੇ ਦੀ ਭਾਵਨਾ ਹਿੱਤ ਜੀਵਨ ਦੀ ਜਾਚ ਦੱਸੀ ਗਈ ਹੈ। ਗੁਰਬਾਣੀ ਵਿਚ ਸਮੁੱਚੀ ਮਾਨਵਤਾ ਨੂੰ ਇਕ ਸਮਾਨ ਸਮਝਣ, ਆਪਸੀ ਵਿਤਕਰਿਆਂ, ਭਿੰਨ-ਭੇਦਾਂ ਤੋਂ ਉਪਰ ਉਠਣ ਦਾ ਬਾਰ-ਬਾਰ ਸੰਦੇਸ ਹੈ ਕਿਉਂਕਿ ਸਭ ਥਾਈਂ ਇਕ ਹੀ ਪ੍ਰਮਾਤਮਾ ਦਾ ਵਾਸਾ ਹੈ। ਉਹ ਕਿਸੇ ਨਿਸ਼ਚਤ ਜਾਤੀ, ਖੇਤਰ ਜਾਂ ਭਾਸ਼ਾ ਵਿਚ ਨਹੀਂ ਬੰਨ੍ਹਿਆ ਹੋਇਆ:

ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥

ਰਾਮ ਬਿਨਾ ਕੋ ਬੋਲੈ ਰੇ॥

ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ॥

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥

ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ॥

ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸ ਰੇ॥

ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ॥

ਗੁਰਬਾਣੀ ਵਿਚ 'ਸਰਬੱਤ ਦੇ ਭਲੇ' ਦਾ ਸਿਧਾਂਤ ਵਿਸ਼ਾਲ ਦ੍ਰਿਸ਼ਟੀਕੋਣ ਵਾਲਾ ਹੈ, ਜਿਸ ਅਨੁਸਾਰ ਸਰਬੱਤ ਦੇ ਭਲੇ ਦਾ ਅਰਥ ਹੈ ਕਿ ਕੁਲ ਮਨੁੱਖਤਾ ਦਾ ਚੰਗਾ ਅਤੇ ਭਲਾ ਚਾਹੁਣਾ ਅਤੇ ਸਰਬੱਤ ਦੇ ਚੰਗੇ (ਭਲੇ) ਲਈ ਲਗਾਤਾਰ ਸੇਵਾ ਕਰਨਾ। ਗੁਰੂ ਸਾਹਿਬ ਜੀ ਦਾ ਇਹ ਸਿਧਾਂਤ ਵਿਅਕਤੀਗਤ ਨਾ ਹੋ ਕੇ ਸਮੂਹਕ ਅਨੁਭਵ ਵਾਲਾ ਹੈ। 'ਅਕਾਲ ਉਸਤਤਿ' ਬਾਣੀ ਵਿਚ ਮਨੁੱਖ ੀ ਸਮਾਨਤਾ ਅਤੇ ਸਦਭਾਵਨਾ ਨੂੰ ਬੜੇ ਭਾਵਪੂਰਤ ਢੰਗ ਨਾਲ ਪੇਸ਼ ਕੀਤਾ ਹੈ, ਜੋ ਕਿ ਵਿਸ਼ਵ ਲਈ ਇਕ ਚਿੰਨ੍ਹ ਦੇ ਤੌਰ 'ਤੇ ਮੰਨਿਆ ਜਾ ਸਕਦਾ ਹੈ:

ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ

ਕੋਈ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ॥

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ

ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥

ਭਲੇ ਦੀ ਭਾਵਨਾ ਹਰੇਕ ਮਨੁੱਖ ਵਿਚ ਉਤਪੰਨ ਨਹੀਂ ਹੁੰਦੀ ਪਰ ਸੰਸਾਰਕ ਤੌਰ ਤੇ ਬਹੁਤ ਸਾਰੇ ਅਜਿਹੇ ਮਨੁੱਖ ਮਿਲ ਜਾਂਦੇ ਹਨ, ਜੋ ਸੰਸਾਰ ਵਿਚ ਮਨੁੱਖਤਾ ਦੇ ਭਲੇ ਹਿਤ ਕਈ ਤਰ੍ਹਾਂ ਦੇ ਕਾਰਜ ਆਪਣੀ ਸਮਰਥਾ ਅਨੁਸਾਰ ਕਰਦੇ ਰਹਿੰਦੇ ਹਨ। ਦੁਨਿਆਵੀ ਲਾਲਸਾਵਾਂ ਜਾਂ ਸ਼ੋਹਰਤ ਖੱਟਣ ਦੀ ਭਾਵਨਾ ਹਿਤ ਕੀਤੇ ਗਏ ਕੰਮ ਸ੍ਵੈ, ਖੁਦਗਰਜ਼ੀ, ਸੁਆਰਥ ਦੀ ਨਿਸ਼ਾਨੀ ਬਣ ਜਾਂਦੇ ਹਨ। ਦਾਨੀ ਮਨੁੱਖ ਦਾਨ ਕਰਨ ਵੇਲੇ ਇਕ ਹਥ ਤੋਂ ਦੂਸਰੇ ਹਥ ਨੂੰ ਵੀ ਪਤਾ ਨਹੀਂ ਲਗਣ ਦਿੰਦੇ ਪਰ ਆਪਣੇ ਜਸ ਲਈ ਕੀਤਾ ਦਾਨ ਕਿਸੇ ਦਰਗਾਹ ਵਿਚ ਪ੍ਰਵਾਨ ਨਹੀਂ ਹੈ:

ਹਰੀਚੰਦੁ ਦਾਨੁ ਕਰੈ ਜਸੁ ਲੇਵੈ॥

ਬਿਨੁ ਗੁਰ ਅੰਤੁ ਨ ਪਾਇ ਅਭੇਵੈ॥

ਆਪਿ ਭੁਲਾਇ ਆਪੇ ਮਤਿ ਦੇਵੈ॥

ਸਰਬੱਤ ਦਾ ਭਲਾ ਚਿਤਵਨ ਵਾਲਾ ਭਲੇ ਦੇ ਬਦਲੇ ਦੂਜੇ ਤੋਂ ਕੋਈ ਇੱਛਾ ਨਾ ਰਖਦਾ ਹੋਇਆ ਨਿਸ਼ਕਾਮ ਹੁੰਦਾ ਹੈ। ਭਲਾਈ ਅਤੇ ਉਪਕਾਰ ਕਰਨਾ ਸਿੱਖ ਦਾ ਸੁਭਾਅ ਅਤੇ ਫਰਜ਼ ਹੈ। ਗੁਰਸਿੱਖ ਵਿਚ ਇਹ ਭਾਵਨਾ ਨਿਰਸਵਾਰਥ ਹੋਣੀ ਚਾਹੀਦੀ ਹੈ। ਸੋ ਗੁਰੂ-ਸਾਹਿਬਾਨ ਨੇ ਸਭ ਤੋਂ ਪਹਿਲਾਂ ਮਨੁੱਖ ਦੇ ਅੰਦਰ ਅਜਿਹੇ ਸਦਗੁਣਾਂ (ਨਿਮਰਤਾ, ਸਹਿਜ, ਸਬਰ, ਖਿਮਾ, ਸੰਤੋਖ ਆਦਿ) ਦਾ ਉਪਜਣਾ ਜ਼ਰੂਰੀ ਮੰਨਿਆ ਹੈ ਤਾਂਕਿ ਮਨੁੱਖ ਸਚਿਆਰ, ਗੁਰਮੁਖ ਅਤੇ ਬ੍ਰਹਮਗਿਆਨੀ ਪਦ ਦੀ ਪ੍ਰਾਪਤ ਕਰ ਸਕੇ, ਜੋ ਕਿ ਗੁਰਮਤਿ ਵਿਚਾਰਧਾਰਾ ਦੀ ਉਤਮ ਮਿਸਾਲ ਹੈ। ਭਲਾ ਚਿਤਵਨ ਵਾਲਾ ਮਨੁੱਖ ਵਿਅਕਤੀਗਤ ਮੁਕਤੀ ਤੱਕ ਕੇਂਦਰਿਤ ਨਹੀਂ ਹੁੰਦਾ ਸਗੋਂ ਉਹ ਪਰਉਪਕਾਰ ਹੋ ਜਾਂਦਾ ਹੈ। ਪਰਉਪਕਾਰ ਦੀ ਮਹਿਮਾ ਗੁਰਮਤਿ ਵਿਚ ਇਸ ਤਰ੍ਹਾਂ ਹੈ:

ਮਨ ਤਨ ਅੰਤਰਿ ਪ੍ਰਭੁ ਆਹੀ॥

ਹਰਿ ਗੁਨ ਗਾਵਤ ਪਰਉਪਕਾਰ ਨਿਤ ਤਿਸੁ ਰਸਨਾ ਕਾ ਮੋਲੁ ਕਿਛੁ ਨਾਹੀ॥

ਕੁਲ ਸਮੂਹ ਉਧਰੇ ਖਿਨ ਭੀਤਰਿ ਜਨਮ ਜਨਮ ਕੀ ਮਲੁ ਲਾਹੀ॥

ਸਿਮਰਿ ਸਿਮਰਿ ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ॥

ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ॥

ਸੰਤ ਸੇਵਕ ਭਗਤ ਹਰਿ ਤਾ ਕੇ ਨਾਨਕ ਮਨੁ ਲਾਗਾ ਹੈ ਤਾਹੀ॥

ਇਸ ਅਵਸਥਾ ਵਾਲਾ ਮਨੁੱਖ ਸੰਸਾਰਿਕ ਜੀਵਾਂ ਦਾ ਭਲਾ ਕਰਦਿਆਂ, ਹਰ ਤਰ੍ਹਾਂ ਦੀਆਂ ਲਾਲਸਾਵਾਂ ਤੋਂ ਮੁਕਤ ਹੁੰਦਾ ਹੈ।ਹਰ ਇੱਕ ਸਿੱਖ ਜਦੋਂ ਵੀ ਗੁਰੂ ਅੱਗੇ ਅਰਦਾਸ ਕਰਦਾ ਹੈ ਤਾਂ ਅੰਤ ਵਿੱਚ ਇਹੀ ਮੰਗਦਾ ਹੈ:

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥

## 11.4 ਸਰਬੱਤ ਦਾ ਭਲਾ ਦਾ ਵਿਹਾਰਕ-ਪ੍ਰਸੰਗ

ਗੁਰੂ-ਸਾਹਿਬਾਨ ਦੇ ਜੀਵਨ-ਕਾਰਜ ਸਰਬੱਤ ਦਾ ਭਲਾ ਦੇ ਪ੍ਰਸੰਗ ਵਿਚ ਬਹੁਤ ਮਹਤਵਪੂਰਣ ਹਨ। ਗੁਰੂ ਸਾਹਿਬਾਨ ਨੇ ਆਦਰਸ਼ਕ ਸਿਧਾਂਤਾਂ ਦੀ ਸਥਾਪਤੀ ਦੇ ਨਾਲ-ਨਾਲ ਸਰਬੱਤ ਦੇ ਭਲੇ ਦਾ ਵਿਵਹਾਰਕ-ਪ੍ਰਸੰਗ ਵੀ ਸਥਾਪਤ ਕੀਤਾ। ਗੁਰੂ ਨਾਨਕ ਦੇਵ ਜੀ ਨੇ ਮਲਿਕ ਭਾਗੋ, ਸੱਜਣ ਠੱਗ, ਕਉਡਾ ਰਾਖ਼ਸ਼ ਜਿਹੇ ਅਣਗਿਣਤ ਭਟਕੇ ਲੋਕਾਂ ਨੂੰ ਨਿੱਜ ਤੋਂ ਉੱਠ ਕੇ ਸਰਬੱਤ ਦੇ ਭਲੇ ਲਈ ਜਿਉਣ ਦੀ ਪ੍ਰੇਰਣਾ ਦਿੱਤੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਇਕ ਸਿਖ਼ਰਲੀ ਉਦਾਹਰਣ ਹੈ, ਜਿਸ ਰਾਹੀਂ ਇਹ ਪ੍ਰੇਰਨਾ ਮਿਲਦੀ ਹੈ ਕਿ ਕਿਸੇ ਦੂਜੇ ਦੇ ਭਲੇ ਲਈ ਸ਼ਹਾਦਤ ਤਕ ਕਿਵੇਂ ਪਹੁੰਚਿਆ ਜਾਂਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਰਬੱਤ ਮਾਨਵਤਾ ਦੇ ਭਲੇ ਹਿੱਤ ਖ਼ਾਲਸਾ ਪੰਥ ਦੀ ਸਾਜਣਾ ਕੀਤੀ, ਜਿਸਦਾ ਪ੍ਰਮੁਖ ਉਦੇਸ਼ ਸਰਬੱਤ ਦਾ ਭਲਾ ਕਰਦੇ ਹੋਏ ਉਸਦੇ ਨਿਆਂਪੂਰਕ ਜੀਵਨ ਲਈ ਜੰਗ ਕਰਨੀ ਹੈ। ਗੁਰੂ ਸਾਹਿਬਾਨ ਦੁਆਰਾ ਸਥਾਪਤ ਲੰਗਰ, ਪੰਗਤ, ਸੰਗਤ, ਮੰਜੀ, ਮਸੰਦ ਆਦਿ ਪ੍ਰਥਾਵਾਂ, ਗੁਰੂ-ਸਾਹਿਬਾਨ ਦੁਆਰਾ ਧਰਮਸ਼ਾਲਾਵਾਂ, ਬਾਉਲੀਆਂ, ਸਰੋਵਰਾਂ, ਖੂਹਾਂ, ਆਸ਼ਰਮਾਂ, ਦਵਾ-ਖ਼ਾਨਿਆਂ ਦੇ ਨਿਰਮਾਣ ਮਨੁੱਖਤਾ ਦੇ ਭਲੇ ਲਈ ਹਨ, ਜਿਨ੍ਹਾਂ ਵਿਚ ਕਿਸੇ ਵੀ ਵਿਅਕਤੀ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਸਨਮਾਨ ਮਿਲਦਾ ਹੈ।

18ਵੀਂ ਸਦੀ ਸਿੱਖ-ਸੰਘਰਸ਼ ਦੀ ਸਦੀ ਹੈ। ਇਸ ਦੌਰਾਨ ਇਕ ਵਾਰ ਵਿਸਾਖੀ ਦੇ ਮੌਕੇ ਸ੍ਰੀ ਅਕਾਲ ਤਖ਼ਤ 'ਤੇ ਸਿੱਖਾਂ ਦੇ ਸਰਬੱਤ -ਖ਼ਾਲਸੇ ਵਿਚ ਕਸੂਰ ਦੇ ਕੁਝ ਬ੍ਰਾਹਮਣ ਆਏ, ਜਿਨ੍ਹਾਂ ਨੇ ਉਸਮਾਨ ਖਾਂ ਅਫ਼ਗਾਨ ਦੇ ਸੰਬੰਧ ਵਿਚ ਦਸਿਆ ਕਿ ਉਹ ਨਾਲ ਆਏ ਇਕ ਬ੍ਰਾਹਮਣ ਦੀ ਪਤਨੀ ਨੂੰ ਜ਼ਬਰਦਸਤੀ ਚੁੱਕ ਕੇ ਲੈ ਗਿਆ ਹੈ। ਤਰਨਾ ਦਲ ਜਥੇਬੰਦੀ ਦਾ ਹਰੀ ਸਿੰਘ ਭੰਗੀ ਦੁਖੀ ਬ੍ਰਾਹਮਣਾਂ ਦੀ ਸਹਾਇਤਾ ਲਈ ਅੱਗੇ ਆਇਆ ਅਤੇ ਉਸਨੇ ਚੜ੍ਹਤ ਸਿੰਘ ਦੀ ਸਹਾਇਤਾ ਨਾਲ ਕਸੂਰ ਤੇ ਹਮਲਾ ਕਰ ਦਿੱਤਾ। ਇਸ ਜੰਗ ਵਿਚ ਉਸਮਾਨ ਖਾਂ ਸਮੇਤ ਉਸਦੇ ਪੰਜ ਸੌ ਸਾਥੀਆਂ ਨੂੰ ਮਾਰ ਦਿੱਤਾ ਗਿਆ ਅਤੇ ਬ੍ਰਾਹਮਣ ਇਸਤਰੀ ਨੂੰ ਰਿਹਾਅ ਕਰਵਾ ਕੇ ਉਸਦੇ ਪਤੀ ਨੂੰ ਸੌਂਪ ਦਿੱਤਾ। ਭਾਵੇਂ ਇਸ ਲੜਾਈ ਵਿਚ ਸਿੱਖਾਂ ਦਾ ਵੀ ਬਹੁਤ ਨੁਕਸਾਨ ਹੋਇਆ ਪਰ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦਰਸਾਏ ਪਰਉਪਕਾਰ ਅਤੇ ਸਰਬੱਤ ਦੇ ਭਲੇ ਦੇ ਮਾਰਗ ਤੇ ਚੱਲਣ ਨੂੰ ਤਰਜੀਹ ਦਿੱਤੀ। ਕਾਜ਼ੀ ਨੂਰ ਮੁਹੰਮਦ, 1764 ਵਿਚ ਅਹਿਮਦ ਸ਼ਾਹ ਦੁੱਰਾਨੀ ਨਾਲ ਸੱਤਵੇਂ ਹਮਲੇ ਵੇਲੇ ਇਕ ਇਤਿਹਾਸਕਾਰ ਲੇਖਕ ਦੇ ਤੌਰ 'ਤੇ ਨਾਲ ਆਇਆ ਸੀ। ਉਸਨੇ ਜੰਗਨਾਮਾ ਸਿਰਲੇਖ ਵਾਲੀ ਮਸਨਵੀ ਵਿਚ ਆਪਣੀਆਂ ਜਿੱਤਾਂ ਦਾ ਬੜੀ ਪ੍ਰਸੰਸਾ ਨਾਲ ਜ਼ਿਕਰ ਕੀਤਾ ਹੈ। ਉਸ ਵਿਚ ਸਿੱਖਾਂ ਪ੍ਰਤੀ ਉਹ ਮਾੜੀ ਭਾਸ਼ਾ ਵਰਤਦਾ ਹੋਇਆ ਵੀ ਸ਼ਲਾਘਾ ਕਰਦਾ ਹੋਇਆ ਲਿਖਦਾ ਹੈ ਕਿ ਇਹ ਲੋਕ ਭੱਜੇ ਜਾ ਰਹੇ

ਦੁਸ਼ਮਨਾਂ ਦਾ ਪਿੱਛਾ ਨਹੀਂ ਕਰਦੇ, ਜਿਸਨੇ ਹਥਿਆਰ ਸੁੱਟ ਦਿੱਤੇ ਹੋਣ ਉਸ ਦਾ ਨੁਕਸਾਨ ਨਹੀਂ ਕਰ ਦੇ ਅਤੇ ਨਾ ਹੀ ਕਿਸੇ ਇਸਤਰੀ ਨੂੰ ਲੁੱਟਦੇ ਹਨ। ਇਸ ਤਰ੍ਹਾਂ ਹੋਰ ਲਿਖਤਾਂ ਵਿਚ ਵੀ ਦਰਜ਼ ਹੈ ਕਿ ਸਿੱਖ ਆਪਣੀ ਇਸਤਰੀ ਤੋਂ ਇਲਾਵਾ ਬਾਕੀ ਸਭ ਔਰਤਾਂ ਨੂੰ ਮਾਂ ਅਤੇ ਭੈਣ ਦੇ ਰੂਪ ਵਿਚ ਦੇਖਦੇ ਹਨ।

## 11.5 **ਸੇਵਾਪੰਥੀ ਸੰਪਰਦਾਇ**

ਸਿੱਖ-ਪਰੰਪਰਾ ਵਿਚ ਸਥਾਪਤ ਸੰਪਰਦਾਇ ਆਪਣੇ ਵਿਸ਼ੇਸ਼ ਗੁਣਾਂ ਕਰਕੇ ਪ੍ਰਚਲਿੱਤ ਹਨ। ਇਹਨਾਂ ਵਿਚੋਂ ਇਕ ਮੁਖ ਸੰਪਰਦਾਇ ਸੇਵਾਪੰਥੀ ਸੰਪਰਦਾਇ ਹੈ, ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਕਨ੍ਹੱਈਆ ਨੂੰ ਜੀ ਨੂੰ ਦਿਤੇ ਥਾਪੜੇ ਵਿਚੋਂ ਨਿਰਮਤ ਹੋਈ। ਭਾਈ ਕਨ੍ਹੱਈਆ ਜੀ ਉਹ ਗੁਰਮੁਖ ਸਨ, ਜਿਨ੍ਹਾਂ ਨੇ ਵੈਰ, ਵਿਰੋਧ, ਦਵੈਤ ਦੀ ਭਾਵਨਾ ਤੋਂ ਉੱਪਰ ਉੱਠ ਕੇ, ਭਲੇ ਦੀ ਭਾਵਨਾ ਨੂੰ ਚਿਤ ਵਿਚ ਵਸਾ ਕੇ ਸਰਬੱਤ ਦੇ ਭਲੇ ਦੇ ਸਿਧਾਂਤ ਨੂੰ ਪ੍ਰਪੱਕ ਕੀਤਾ। ਉਹਨਾਂ ਨੇ 'ਜੋ ਦੀਸੈ ਸੋ ਤੇਰਾ ਰੂਪ' ਵਿਚਾਰ ਦੇ ਆਪਣੇ ਅੰਤਰੀਵ ਤੋਂ ਧਾਰਨ ਕੀਤਾ ਅਤੇ ਸਾਰੀ ਉਮਰ ਉਸਦਾ ਅਭਿਆਸ ਕੀਤਾ। ਸੇਵਾਪੰਥੀ ਸਾਹਿਤ ਵਿਚ ਉਹਨਾਂ ਭਾਈ ਜੀ ਸੰਬੰਧੀ ਦਰਜ਼ ਹੈ ਕਿ "ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਗਰੋਂ ਭਾਈ ਕਨ੍ਹੱਈਆ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਨੰਦਪੁਰ ਸਾਹਿਬ ਪੁੱਜੇ ਅਤੇ ਸੇਵਾ ਕਰਨ ਲੱਗੇ। ਸਤਿਗੁਰੂ ਜੀ ਦੇ ਹੁਕਮ ਨਾਲ ਸਾਰੇ ਸਿੱਖ ਸ਼ਸਤਰ-ਬੱਧ ਹੋ ਗਏ। ਆਪ ਭਾਵੇਂ ਜਲ ਦੀ ਸੇਵਾ ਹੀ ਕਰਿਆ ਕਰਦੇ ਸਨ ਤਾਂ ਵੀ ਕਿਸੇ ਸਿੱਖ ਨੇ ਭਾਈ ਜੀ ਨੂੰ ਵੀ ਤੇਗਾ ਪਹਿਨਾ ਦਿੱਤਾ। ਇਕ ਸਿੰਘ ਨੇ ਪੁੱਛਿਆ ਕਿ ਭਾਈ ਜੀ ਤੁਸੀਂ ਜੰਗ ਵਿਚ ਤੇਗ ਵਾਹੋਗੇ ਤਾਂ ਆਪ ਨੇ ਉੱਤਰ ਦਿੱਤਾ "ਕਿਸੀ ਕੋ ਮਾਰਨੇ ਕਉ ਹਮਨੇ ਤੇਗਾ ਨਹੀਂ ਬਾਂਧਿਆ। ਇਸ ਵਾਸਤੇ ਬਾਧਾ ਹੈ ਕਿ ਜਬ ਕੋਈ ਮਾਰਨੇ ਕਉ ਆਵੇਗਾ, ਤਬ ਮੈਂ ਆਪਣਾ ਤੇਗਾ ਕਾਢ ਕਰ ਉਸ ਕਉ ਪਕੜਾਵਾਗਾ ਅਰ ਮੁਖ ਸੈ ਕਹੂੰਗਾ ਜੋ ਤੁਮ ਕਉ ਆਪਣੀ ਤੇਗ ਕਾਢਨੀ ਨ ਪੜੇ ਇਉ ਮੇਰੀ ਹੀ ਮੁਝ ਕਉ ਮਾਰਉ"।

ਗੁਰੂ-ਬਖ਼ਸ਼ਿਸ਼ ਨਾਲ ਭਾਈ ਸਾਹਿਬ ਨੇ ਸੇਵਾਪੰਥੀ ਸੰਪਰਦਾਇ ਦੀ ਸਥਾਪਨਾ ਕੀਤੀ। ਸੇਵਾ ਇਸ ਸੰਪ੍ਰਦਾਇ ਦਾ ਮੂਲ਼ ਗੁਣ ਹੈ, ਜਿਸ ਕਰਕੇ ਇਸਦੇ ਸਾਧੂਜਨ ਅਤੇ ਸੇਵਕ ਮਨੁੱਖ ਾਂ, ਪਸ਼ੂ, ਪੰਛੀ, ਜੀਵ-ਜੰਤੂਆਂ ਸਭ ਵਿਚ ਵਾਹਿਗੁਰੂ ਦੇ ਦਰਸ਼ਨ ਕਰਦੇ ਹਨ। ਸੰਪਰਦਾਇ ਦਾ ਮੂਲ਼ ਕਾਰਜ ਦੁਖੀਆਂ ਤੇ ਲੋੜਵੰਦਾਂ ਦੀ ਸਹਾਇਤਾ ਕਰਕੇ ਵਾਹਿਗੁਰੂ ਦੀ ਪ੍ਰਾਪਤੀ ਲਈ ਉਦਮ ਕਰਨਾ ਹੈ। ਦੁਖੀ ਦਾ ਦੁਖ ਦੂਰ ਕਰਕੇ ਇਨ੍ਹਾਂ ਨੂੰ ਸੁਖ ਅਤੇ ਆਨੰਦ ਮਿਲਦਾ ਹੈ। ਭਾਈ ਕਨ੍ਹੱਈਆ ਜੀ ਤੋਂ ਲੈ ਕੇ ਹੁਣ ਤਕ ਇਸ ਸੰਪ੍ਰਦਾਇ ਦੇ ਸਾਰੇ ਮਹਾਂਪੁਰਸ਼ ਅਤੇ ਸਾਧੂਜਨ ਸੇਵਾ ਅਤੇ ਦਇਆ ਨੂੰ ਹੀ ਆਪਣਾ ਜੀਵਨ ਆਦਰਸ਼ ਮੰਨਦੇ ਆਏ ਹਨ। ਸੇਵਾ ਪੰਥੀਆਂ ਦੁਆਰਾ ਖਲਕਤ ਦੀ ਨਿਸ਼ਕਾਮ ਸੇਵਾ ਉਨ੍ਹਾਂ ਦੇ ਪਰਮਾਰਥ ਦਾ ਜਰੀਆ ਹੈ। ਸੇਵਾ ਪੰਥੀ ਡੇਰੇ, ਟਿਕਾਣੇ, ਧਰਮਸ਼ਾਲਾਵਾਂ ਅਤੇ ਆਸ਼ਰਮ ਰੋਗੀਆਂ, ਕੋੜ੍ਹੀਆਂ, ਬਿਰਧਾਂ ਤੇ ਦੁਖੀਆਂ ਦੀ ਸੇਵਾ-ਸੰਭਾਲ ਦੇ ਮੁੱਖ ਸਥਾਨ ਰਹੇ ਹਨ ਅਤੇ ਉਹਨਾਂ ਦੁਆਰਾ ਇਹ ਸੇਵਾ ਅਜ ਵੀ ਕੀਤੀ ਜਾ ਰਹੀ ਹੈ। ਸੇਵਾਪੰਥੀ ਸਾਧੂ ਆਪਣੇ ਹਥੀਂ ਰੋਗੀਆਂ, ਬੀਮਾਰਾਂ ਅਤੇ ਜ਼ਖ਼ਮੀਆਂ ਦੀ ਸੇਵਾ ਕਰਦੇ ਹਨ। ਸੇਵਾਪੰਥੀਆਂ ਦੁਆਰਾ ਮਨੁੱਖਤਾ ਦੇ ਭਲੇ ਦੀਆਂ ਕਈ ਸਾਖੀਆਂ ਅਤੇ ਘਟਨਾਵਾਂ ਸਿੱਖ-ਪਰੰਪਰਾ ਵਿਚ ਮਿਲਦੀਆਂ ਹਨ:

- ਸੇਵਾਪੰਥੀ ਸੰਪਰਦਾਇ ਦੀ ਪਰੰਪਰਾ ਵਿਚ ਦਰਜ਼ ਹੈ ਕਿ "ਜੋ ਕੋਈ ਬੁਢਾ ਹੋਵੇ ਕੇ ਰੋਗੀ ਹੋਵੇ, ਤਿਸ ਕੀ ਟਹਿਲ ਆਪਦੇ ਹਥੋਂ ਸੋ ਕਰਹਿ ਅਰ ਰੋਗੀ ਜਿਸ ਵੇਲੇ ਕਾਈ ਵਸਤੂ ਕੋ ਚਾਹੇ ਤਿਸੀ ਵੇਲੇ ਹਾਜ਼ਰ ਕਰਹਿ।" ਅਬਦਾਲੀ ਨੇ ਜਦੋਂ ਕਰਤਾਰਪੁਰ ਤੇ ਹਮਲਾ ਕਰਕੇ ਆਮ ਲੋਕਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਤਾਂ ਇਸ ਹਮਲੇ ਵਿਚ ਭਾਈ ਭਾਰਾ ਜੋ ਕਿ ਸੇਵਾਪੰਥੀ ਸਾਧੂ ਸੀ, ਉਹ ਵੀ ਜ਼ਖਮੀ ਹੋ ਗਏ। ਆਪ ਜੀ ਦੇ ਤਲਵਾਰ ਲੱਗਣ ਕਾਰਨ ਗਰਦਨ ਕਾਫ਼ੀ ਜ਼ਖ਼ਮੀ ਹੋ ਗਈ ਸੀ ਪਰ ਆਪ ਨੇ ਆਪਣੀ ਗਰਦਨ 'ਤੇ ਕੱਪੜਾ ਬੰਨ੍ਹ ਕੇ ਪਹਿਲਾਂ ਜ਼ਖ਼ਮੀਆਂ ਦੀ ਸੇਵਾ ਨੂੰ ਪਹਿਲ ਦਿੱਤੀ। ਗੁਰਮਤਿ ਦੇ ਧਾਰਨੀ ਸੇਵਾ ਪੰਥੀ ਸਾਧੂ ਜਾਤ-ਪਾਤ, ਰੰਗ-ਨਸਲ ਦਾ ਭੇਦ-ਭਾਵ ਤੋਂ ਬਿਨਾਂ ਆਪਾ ਮਾਰ ਕੇ ਸੇਵਾ ਕਰਦੇ ਹਨ।

- ਸੇਵਾਪੰਥੀ ਸਾਧੂ ਭਾਈ ਜਗਤਾ ਜੀ ਨਾਲ ਸੰਬੰਧਿਤ ਇਕ ਹੈ ਕਿ ਸਰਦੀ ਦੀ ਰੁੱਤ ਵਿਚ ਮੀਂਹ ਕਰਕੇ ਕੁਝ ਮੁਸਾਫ਼ਰ ਠੰਢ ਨਾਲ ਕੰਬਦੇ ਬਾਹਰ ਬੈਠੇ ਸਨ। ਭਾਈ ਜੀ ਨੇ ਜਦ ਦੇਖਿਆ ਤਾਂ ਪੁੱਛਿਆ ਕਿ ਤੁਸੀਂ ਬਾਹਰ ਕਿਉਂ ਬੈਠੇ ਹੋ? ਜਵਾਬ ਵਿਚ ਉਨ੍ਹਾਂ ਨੇ ਕਿਹਾ ਕਿ ਅਸੀਂ ਹਲਾਲਖੋਰ (ਸ਼ੂਦਰ) ਹਾਂ, ਇਸ ਲਈ ਅੰਦਰ ਨਹੀਂ ਆਏ। ਭਾਈ ਜਗਤਾ ਜੀ ਨੇ ਵੈਰਾਗਵਾਨ ਹੁੰਦਿਆਂ ਆਖਿਆ ਕਿ ਅਸੀਂ ਹਰਾਮਖੋਰ ਅੰਦਰ ਬੈਠੇ ਹਾਂ ਤੇ ਤੁਸੀਂ ਹਲਾਲਖੋਰ ਬਾਹਰ ਬੈਠੇ ਹੋ। ਇਹ ਕਹਿ ਕਿ ਭਾਈ ਜੀ ਨੇ ਉਨ੍ਹਾਂ ਨੂੰ ਆਪਣੀ ਧਰਮਸ਼ਾਲਾ ਵਿਚ ਠਹਿਰਾ ਕੇ ਪ੍ਰਸ਼ਾਦਾ ਛਕਾਇਆ ਅਤੇ ਸੌਣ ਲਈ ਬਿਸਤਰੇ ਦਿੱਤੇ।

- ਭਾਈ ਸੇਵਾ ਰਾਮ ਵਡੇ ਵਿਵੇਕੀ ਸਾਧੂ ਸਨ। ਉਹਨਾਂ ਦੇ ਵਿਵੇਕ ਦਾ ਪ੍ਰਤਾਪ ਇੰਨਾ ਸੀ ਕਿ ਉਨ੍ਹਾਂ ਦੇ ਦਰਸ਼ਨਾਂ ਨਾਲ ਪਦਾਰਥਕ ਸੁੱਖਾਂ ਲਈ ਭਟਕਦੇ ਅਨੇਕ ਮਨੁੱਖਾਂ ਦੇ ਮਨੋ-ਰੋਗ ਦੂਰ ਹੋ ਗਏ ਅਤੇ ਭਾਈ ਜੀ ਉਨ੍ਹਾਂ ਨੂੰ ਪ੍ਰਭੂ ਨਾਮ ਨਾਲ ਜੋੜਿਆ। ਉਹਨਾਂ ਬਾਰੇ ਸੇਵਾਪੰਥੀ ਸਾਹਿਤ ਵਿਚ ਦਰਜ਼ ਹੈ ਕਿ "ਬਿਬੇਕ ਕੀ ਪ੍ਰਬਲਾਈ ਕਰਕੇ ਦੀਰਘ ਹਕੀਮ ਕਹੈ ਜਾਤੇ ਥੇ, ਮਨ ਕੇ ਰੋਗ ਅਰ ਸਰਬ ਜੀਵਓਂ ਕੇ ਅਉਖਧ ਭੀ ਪਾਸ ਰਾਖਤੇ ਥੇ। ਅਰਥ ਇਹ ਜੋ ਇਨ ਕੇ ਪ੍ਰਸਾਦਿ ਅਸੰਖ ਜੀਵਹੁੰ ਕਾ ਰਿਦਾ, ਭਗਵੰਤ ਕੀ ਓਰ ਆਇਆ ਥਾ।" ਭਾਈ ਸੇਵਾ ਰਾਮ ਜੀ ਸੇਵਾ ਦਾ ਇੰਨਾ ਪ੍ਰਭਾਵ ਸੀ ਕਿ ਲੋਕ ਉਹਨਾਂ ਨੂੰ ਜੀਵਨ-ਮੁਕਤਿ ਮੰਨਦੇ ਸਨ। ਉਹਨਾਂ ਰਾਹੀਂ ਅਣਗਿਣਤ ਲੋਕਾਂ ਨੇ ਨਾਮ ਦਾ ਪਲਾ ਫੜਿਆ ਅਤੇ ਆਪਣਾ ਜੀਵਨ ਸੇਵਾ ਲਈ ਅਰਪਨ ਕੀਤਾ। ਭਾਈ ਸੇਵਾ ਰਾਮ ਜੀ ਆਪਣੇ ਜੀਵਨ ਵਿਚ ਨੇ ਲੋਕਾਂ ਲਈ ਅਨੇਕ ਧਰਮਸਾਲਾਂ ਬਣਾਈਆਂ, ਜਿਥੇ ਲੋਕਾਂ ਨੂੰ ਲੰਗਰ-ਪਰਸ਼ਾਦਾ, ਦਵਾ-ਦਾਰੂ ਅਤੇ ਰਾਤ ਕਟਣ ਦੀ ਸਹੂਲਤ ਮਿਲਦੀ ਸੀ।

- ਸੇਵਾਪੰਥੀ ਸਾਧੂ ਭਾਈ ਅੱਡਣ ਸ਼ਾਹ ਜੀ ਨੇ ਲਊ, ਮੂਦਾ ਸਰੀਰ ਅਤੇ ਸ਼ਾਹ ਜੀਵਣੇ ਦੇ ਸਥਾਨਾਂ 'ਤੇ ਗੁਰਮਤਿ ਪ੍ਰਚਾਰ ਲਈ ਧਰਮਸ਼ਾਲਾਵਾਂ ਦਾ ਨਿਰਮਾਣ ਕਰਵਾਇਆ ਅਤੇ ਯਾਤਰੂਆਂ ਦੀ ਸੇਵਾ ਲਈ ਯੋਗ ਪ੍ਰਬੰਧ ਕੀਤੇ। ਆਪ ਜੀ ਦੇ ਕਾਰਜਾਂ ਕਰਕੇ ਆਪ ਜੀ ਦੀ ਕੀਰਤੀ ਦੂਰ-ਦੂਰ ਦੇ ਇਲਾਕਿਆਂ ਤਕ ਫੈਲ ਗਈ। ਭਾਈ ਜੀ ਨੂੰ ਕੁਝ ਗੁਰਸਿੱਖ ਗਊਆਂ ਦਾਨ ਦੇ ਰੂਪ ਵਿਚ ਦੇ ਗਏ ਤਾਂਕਿ ਆਈ ਹੋਈ ਸੰਗਤ ਲਈ ਦੁੱਧ ਅਤੇ ਦਹੀਂ ਦੀ ਸਹੂਲਤ ਹੋ ਸਕੇ। ਕੁਝ ਸਮੇਂ ਬਾਅਦ ਚੋਰ ਗਊਆਂ ਨੂੰ ਚੋਰੀ ਕਰ ਕੇ ਲੈ ਗਏ। ਜਦ ਭਾਈ ਜੀ ਇਸ ਗਲ ਦਾ ਪਤਾ ਚਲਿਆਂ ਤਾਂ ਉਨ੍ਹਾਂ ਨੇ ਚੋਰਾਂ ਦਾ ਸਥਾਨ ਲਭ ਕੇ ਗਊਆਂ ਦੇ ਵੱਛੜੇ ਵੀ ਉਹਨਾਂ ਦੇ ਘਰ ਪਹੁੰਚਾ ਦਿੱਤੇ ਤਾਂਕਿ ਗਊਆਂ ਦੇ ਵਛੜੇ ਵਿਲਕਣ ਨਾ। ਇਹ ਸਭ ਦੇਖ ਕੇ ਚੋਰ ਸ਼ਰਮਸਾਰ ਹੋ ਗਏ ਅਤੇ ਉਹ ਭਾਈ ਜੀ ਦੇ ਸਥਾਨ 'ਤੇ ਗਊਆਂ ਨੂੰ ਵਾਪਸ ਕਰ ਗਏ। ਭਾਈ ਜੀ ਦੀ ਸ਼ਖ਼ਸੀਅਤ ਤੋਂ ਉਹ ਇੰਨੇ ਪ੍ਰਭਾਵਿਤ ਹੋਏ ਕਿ ਨਾਮ ਜਪਣ ਲਗ ਪਏ ਅਤੇ ਸਾਧੂ ਬਣ ਗਏ।

## 11.6 **ਸਾਰ**

- ਮਨੁੱਖਤਾ ਦਾ ਭਲਾ ਇਕ ਸਮੂਹਕ ਕੀਮਤ ਦੇ ਤੌਰ 'ਤੇ ਸਥਾਪਤ ਹੋ ਗਿਆ ਹੈ, ਜੋ ਕਿ ਕਿਸੇ ਰੰਗ-ਰੂਪ, ਜਾਤ-ਨਸਲ, ਭਾਸ਼ਾ-ਖੇਤਰ ਆਦਿ ਤਕ ਸੀਮਤ ਨਹੀਂ ਹੈ।
- ਸਿੱਖ ਸਿਧਾਂਤਾਂ ਵਿਚ ਮਨੁੱਖਤਾ ਨੂੰ ਇਕ ਸਮਾਨ ਮੰਨ ਕੇ ਆਦਰਸ਼ਕ ਸਿਧਾਂਤਾਂ ਦੀ ਸਥਾਪਨਾ ਹੋਈ ਹੈ।
- ਸਿੱਖ ਧਰਮ ਵਿਚ ਸਮੂਹਿਕ ਨੈਤਿਕਤਾ ਤੇ ਵਿਅਕਤੀਗਤ ਨੈਤਿਕਤਾ ਇਕ ਦੂਜੇ ਨਾਲ ਸੰਗਤੀ ਰੂਪ ਵਿਚ ਇਕਸੁਰ ਹਨ। ਸਰਬੱਤ ਦਾ ਭਲਾ, ਇਕ ਸਿੱਖ ਲਈ ਵਿਅਕਤੀਗਤ ਆਦਰਸ਼ ਹੀ ਨਹੀਂ

ਬਲਕਿ ਮਨੁੱਖਤਾ ਦੀ ਸੇਵਾ ਲਈ ਸਾਂਝਾ ਉਦੇਸ਼ ਹੈ, ਜਿਸਨੂੰ ਸਿੱਖ-ਅਰਦਾਸ ਵਿਚ ਹਰ ਵਾਰੀ, ਹਰ ਰੋਜ਼ ਚਿਤਵਿਆ ਜਾਂਦਾ ਹੈ ਅਤੇ ਸਿਮਰਿਆ ਜਾਂਦਾ ਹੈ।

- ਸਿੱਖੀ ਵਿਚ ਨਿਜੀ ਅਰਦਾਸ ਵੀ ਵਿਅਕਤੀਗਤ ਨਹੀਂ ਹੈ, ਉਸਦਾ ਅਨੁਭਵ ਸੰਗਤੀ ਹੈ। ਇਸ ਲਈ ਸਿੱਖਾਂ ਲਈ ਅਰਦਾਸ ਕੇਵਲ ਰਹੱਸਾਤਮਿਕ ਅਨੁਭਵ ਨਹੀਂ ਸਗੋਂ ਮਨੁੱਖਤਾ ਨੂੰ ਉਸਦੇ ਅੰਤਿਮ ਉਦੇਸ਼ ਦੀ ਪ੍ਰਾਪਤੀ ਲਈ ਲਗਾਤਾਰ ਪ੍ਰਯਤਨ ਕਰਨ ਲਈ ਅਨੁਭਵ ਕਰਨ ਅਤੇ ਸਿਮਰਨ ਕਰਨ ਦਾ ਅਭਿਆਸ ਹੈ।
- ਸਿੱਖੀ ਵਿਚ ਸੇਵਾਪੰਥੀ ਸੰਪਰਦਾਇ ਰਾਹੀਂ ਅਸੀਂ ਵੇਖ ਸਕਦੇ ਹਾਂ ਕਿ ਗੁਰੂ-ਸਾਹਿਬਾਨ ਦੁਆਰਾ ਸਥਾਪਤ ਸਿਧਾਂਤਾਂ ਦਾ ਕਿਸ ਤਰ੍ਹਾਂ ਲਗਾਤਾਰ ਹੁਣ ਤਕ ਅਭਿਆਸ ਕੀਤਾ ਜਾ ਰਿਹਾ ਹੈ। ਸੇਵਾਪੰਥੀ ਸਾਧੂਆਂ ਦੁਆਰਾ ਮਨੁੱਖਤਾ ਦੇ ਭਲੇ ਲਈ ਕੀਤੀ ਸੇਵਾ ਆਦਰਸ਼ਮਈ ਹੈ।

## 11.7 ਵਿਸਤਾਰ ਵਿਚ ਪੜ੍ਹਣਯੋਗ ਪੁਸਤਕਾਂ


- ਗੁਰਮੁਖ ਸਿੰਘ, *ਸੇਵਾ ਪੰਥੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2012
- ਮਨਮੋਹਨ ਸਿੰਘ, *ਮਾਨਵੀ ਕਦਰਾਂ-ਕੀਮਤਾਂ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1987
- ਪਰਮਜੀਤ ਕੌਰ ਸੰਧੂ, *ਕਦਰਾਂ-ਕੀਮਤਾਂ ਦੀ ਸਿਖਿਆ*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 2010
- ਵਜ਼ੀਰ ਸਿੰਘ, *ਸਿੱਖ ਦਰਸ਼ਨਧਾਰਾ (ਦੋ ਭਾਗ)*, ਪਟਿਆਲਾ: ਪੰਜਾਬੀ ਯੂਨੀਵਰਸਿਟੀ, 1995
- ਪਿਆਰਾ ਸਿੰਘ ਪਦਮ (ਸੰਪਾ.), *ਗੁਰੂ ਕੀਆਂ ਸਾਖੀਆਂ,* ਕ੍ਰਿਤ ਭਾਈ ਸ੍ਵਰੂਪ ਦਾਸ ਕੌਸ਼ਿਸ਼, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008


## 11.8 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਮਨੁੱਖਤਾ ਦੇ ਭਲੇ ਤੋਂ ਤੁਸੀਂ ਕੀ ਸਮਝਦੇ ਹੋ?

ਪ੍ਰਸ਼ਨ 2. ਮਨੁੱਖਤਾ ਦੇ ਭਲੇ ਲਈ ਧਰਮ ਦੀ ਕੀ ਭੂਮਿਕਾ ਹੈ?

ਪ੍ਰਸ਼ਨ 3. ਮਨੁੱਖਤਾ ਦੇ ਭਲੇ ਸੰਬੰਧੀ ਸਿੱਖ-ਸਿਧਾਂਤਾਂ ਬਾਰੇ ਜਾਣਕਾਰੀ ਦਿਓ।

ਪ੍ਰਸ਼ਨ 4. ਸਰਬੱਤ ਦੇ ਭਲੇ ਦੀ ਵਿਆਖਿਆ ਕਰੋ।

ਪ੍ਰਸ਼ਨ 5. ਸੇਵਾਪੰਥੀਆਂ ਦੀ ਮਨੁੱਖਤਾ ਦੀ ਸੇਵਾ ਲਈ ਕੀਤੇ ਕਾਰਜ ਦਸੋ।

# PROGRAMME: CERTIFICATE COURSE ON VALUE AND LEARNING OF SIKHISM

## COURSE: ETHICAL VALUES

## SEMESTER-I

## UNIT XII - PROTECTING OF ENVIRONMENT

**STRUCTURE**


12.0 ਉਦੇਸ਼

12.1 ਜਾਣ-ਪਛਾਣ

12.2 ਵਾਤਾਵਰਣ: ਸੰਕਲਪ ਅਤੇ ਖੇਤਰ

12.2.1 ਸੰਕਲਪ

12.2.2 ਖੇਤਰ

12.3 ਵਾਤਾਵਰਣ ਦੀਆਂ ਸਮੱਸਿਆਂਵਾਂ

12.4 ਵਾਤਾਵਰਣ ਅਤੇ ਸਿੱਖ-ਸਿਧਾਂਤ

12.5 ਵਾਤਾਵਰਣ ਅਤੇ ਸਿੱਖ-ਵਿਵਹਾਰਕਤਾ

12.6 ਵਾਤਾਵਰਣ ਸੰਭਾਲ ਪ੍ਰਤੀ ਸਿੱਖ ਸੰਸਥਾਵਾਂ ਦਾ ਯੋਗਦਾਨ

12.6.1 ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ

12.6.2 ੧ਓ ਚੈਰੀਟੇਬਲ ਟਰਸਟ, ਸੀਚੇਵਾਲ

12.6.3 ਕਾਰ ਸੇਵਾ, ਖਡੂਰ ਸਾਹਿਬ

12.7 ਸਾਰ

12.8 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ

12.9 ਅਭਿਆਸ ਲਈ ਪ੍ਰਸ਼ਨ

## 12.0 **ਉਦੇਸ਼**

- ਵਾਤਾਵਰਣ ਦੀ ਸਾਂਭ-ਸੰਭਾਲ ਬਾਰੇ ਜਾਣਨਾ।
- ਵਾਤਾਵਰਣ ਅਤੇ ਧਰਮ ਦੇ ਆਪਸੀ ਸੰਬੰਧਾਂ ਨੂੰ ਸਮਝਣਾ।
- ਵਾਤਾਵਰਣ ਸੰਬੰਧੀ ਸਿੱਖ-ਸਿਧਾਂਤਾਂ ਅਤੇ ਵਿਵਹਾਰ ਨੂੰ ਜਾਣਨਾ।

## 12.1 **ਜਾਣ-ਪਛਾਣ**

ਮਨੁੱਖ ਆਪਣੇ ਆਦਿ ਸਮੇਂ ਤੋਂ ਆਪਣੇ ਜੀਵਨ ਜੀਉਣ ਅਤੇ ਇਸਦੀ ਪਾਲਣਾ ਸੰਬੰਧੀ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਦਾ ਆ ਰਿਹਾ ਹੈ ਅਤੇ ਉਸਨੂੰ ਅੱਜ ਵੀ ਕਰ ਰਿਹਾ ਹੈ। ਅਜੋਕੇ ਸਮੇਂ ਦੌਰਾਨ ਮਨੁੱਖੀ ਹੋਂਦ ਅਤੇ ਧਰਤੀ ਦੇ ਕੁਦਰਤੀ ਸੰਤੁਲਨ ਨਾਲ ਜੁੜੀ ਹੋਈ ਇਕ ਬਹੁਤ ਮਹੱਤਵਪੂਰਨ ਸਮੱਸਿਆ ਵਾਤਾਵਰਣ ਅਤੇ ਇਸ ਨਾਲ ਜੁੜਿਆ ਹੋਇਆ ਪ੍ਰਦੂਸ਼ਣ ਹੈ। ਸਾਰਾ ਵਿਸ਼ਵ ਪ੍ਰਦੂਸ਼ਤ ਹੋ ਰਹੇ ਵਾਤਾਵਰਣ ਦੀ ਲਪੇਟ ਵਿਚ ਉਲਝ ਰਿਹਾ ਹੈ। ਵਾਤਾਵਰਣ ਦੇ ਪ੍ਰਦੂਸ਼ਣ ਦੀ ਸਮੱਸਿਆ ਬਹੁਤ ਹੀ ਗੰਭੀਰ ਹੋ ਚੁੱਕੀ ਹੈ। ਵਿਗਿਆਨ ਅਤੇ ਤਕਨਾਲੋਜੀ ਨੂੰ ਮਨੁੱਖੀ ਵਿਕਾਸ ਦਾ ਆਧਾਰ ਮੰਨਣ ਵਾਲੇ ਮਨੁੱਖਾਂ ਨੇ ਆਪਣੇ ਲਾਲਚੀ ਅਤੇ ਖੁਦਗਰਜ਼ ਸੁਭਾਅ ਕਾਰਨ ਆਪਣੇ ਹੀ ਰਹਿਣ-ਬਸੇਰੇ ਨੂੰ ਤਬਾਹ ਕਰ ਲਿਆ ਹੈ ਅਤੇ ਇਹ ਲਗਾਤਾਰ ਜਾਰੀ ਹੈ। ਕੁਦਰਤ ਨੇ ਮਨੁੱਖ ਦੀ ਹਰ ਇਕ ਲੋੜ ਨੂੰ ਪੂਰਾ ਕੀਤਾ ਹੈ ਪਰ ਮਨੁੱਖ ਨੇ ਆਪਣੀਆਂ ਲੋੜਾਂ ਤੱਕ ਸੀਮਿਤ ਨਾ ਰਹਿ ਕੇ ਕੁਦਰਤ ਦੇ ਉਹਨਾਂ ਸ੍ਰੋਤਾਂ ਨੂੰ ਇਸ ਹਦ ਤਕ ਵਰਤਣ, ਵੇਚਣ ਅਤੇ ਤਬਾਹ ਕਰਨ ਲਗ ਪਿਆ ਹੈ ਕਿ ਜਿਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਕੁਦਰਤੀ ਸ੍ਰੋਤ ਬਚ ਨਹੀਂ ਸਕਣਗੇ। ਕੁਦਰਤ ਪਾਸ ਮਨੁੱਖੀ ਲੋੜਾਂ ਦੀ ਪੂਰਤੀ ਵਾਸਤੇ ਭਰਪੂਰ ਭੰਡਾਰ ਹਨ ਪਰ ਮਨੁੱਖੀ ਲਾਲਸਾ ਅਤੇ ਸੁਆਰਥ ਦੇ ਸਾਹਮਣੇ ਉਹ ਵੀ ਖਤਮ ਹੁੰਦੇ ਜਾ ਰਹੇ ਹਨ। ਮਨੁੱਖ ਕੁਦਰਤ ਨਾਲੋਂ ਲਗਾਤਾਰ ਟੁੱਟ ਰਿਹਾ ਹੈ ਅਤੇ ਕੁਦਰਤ ਨਾਲ ਕੀਤੀ ਛੇੜ-ਛਾੜ ਕਰਕੇ ਕਈ ਪ੍ਰਕਾਰ ਦੀਆਂ ਨਵੀਆਂ ਸਮੱਸਿਆਂਵਾਂ ਹੋਂਦ ਵਿਚ ਆ ਰਹੀਆਂ ਹਨ, ਜੋ ਕਿ ਮਨੁੱਖੀ ਜਨ-ਜੀਵਨ ਅਤੇ ਕੁਦਰਤੀ ਸੰਤੁਲਨ ਲਈ ਅਤਿਅੰਤ ਗੰਭੀਰ ਹਨ।

ਵਾਤਾਵਰਣ ਸੰਬੰਧੀ ਸਭ ਸਮੱਸਿਆਵਾਂ ਨੂੰ ਮੱਦੇ ਨਜ਼ਰ ਰੱਖ ਕੇ ਵਿਸ਼ਵ ਪੱਧਰ ਤੇ ਕਈ ਉਪਰਾਲੇ ਹੋ ਰਹੇ ਹਨ ਅਤੇ ਕਈ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਲੋਂ ਵਾਤਾਵਰਣ ਸੰਬੰਧੀ ਜਾਗਰੂਕ ਕਰਨ ਲਈ ਕਾਨਫ਼ਰੰਸਾਂ, ਸੈਮੀਨਾਰ ਕਰਾਉਣ ਦੇ ਨਾਲ-ਨਾਲ ਵਾਤਾਵਰਣ ਦਿਵਸ ਮਨਾਏ ਜਾ ਰਹੇ ਹਨ ਅਤੇ ਕਾਨੂੰਨ ਵੀ ਬਣਾਏ ਜਾ ਰਹੇ ਹਨ। ਵਿਸ਼ਵ ਵਾਤਾਵਰਣ ਦਿਵਸ 5 ਜੂਨ ਨੂੰ ਮਨਾਇਆ ਜਾਂਦਾ ਹੈ, ਜਿਸ ਦਾ ਐਲਾਨ ਅਤੇ ਸਥਾਪਨਾ ਸੰਯੁਕਤ ਰਾਸ਼ਟਰ ਦੇ ਦੁਆਰਾ 1972 ਵਿਚ ਹੋਇਆ ਅਤੇ ਇਸ ਦਿਨ ਨੂੰ ਹਰ ਸਾਲ ਮਨਾਉਣ ਦੀ ਸ਼ੁਰੂਆਤ 1973 'ਚ ਹੋਈ।

## 12.2 **ਵਾਤਾਵਰਣ: ਸੰਕਲਪ ਅਤੇ ਖੇਤਰ**

### 12.2.1 **ਸੰਕਲਪ**

ਸਾਫ਼-ਸੁਥਰਾ ਵਾਤਾਵਰਣ ਮਨੁੱਖੀ ਜਾਤੀ ਨੂੰ ਪਰਮਾਤਮਾ ਵਲੋਂ ਦਿੱਤਾ ਤੋਹਫ਼ਾ ਹੈ। ਜੀਵ ਦਾ ਵਾਤਾਵਰਣ ਬਹੁਤ ਵਿਸ਼ਾਲ ਹੈ ਅਤੇ ਇਸ ਦਾ ਘੇਰਾ ਬਹੁਤ ਵਿਸ਼ਾਲ ਹੈ। ਵਾਤਾਵਰਣ ਦੀ ਕੁਦਰਤ, ਪ੍ਰਕ੍ਰਿਤੀ, ਚੌਗਿਰਦਾ ਅਤੇ ਮਾਇਆ ਦੇ ਸ਼ਬਦਾਂ ਰਾਹੀਂ ਵੀ ਵਿਆਖਿਆ ਕੀਤੀ ਜਾਂਦੀ ਹੈ ਪਰ ਇਨ੍ਹਾਂ ਦੇ ਰੂਪ ਵੱਖ-ਵੱਖ ਹਨ। ਸੋ ਜੀਵ, ਆਪਣੇ ਆਲੇ-ਦੁਆਲੇ ਦੀਆਂ ਜਿਨ੍ਹਾਂ ਚੀਜ਼ਾਂ ਨਾਲ ਘਿਰਿਆ ਹੋਇਆ ਹੈ, ਉਨ੍ਹਾਂ ਦੇ ਸਮੂਹ ਨੂੰ 'ਵਾਤਾਵਰਣ' ਕਿਹਾ ਜਾਂਦਾ ਹੈ। ਕੁਦਰਤੀ ਵਾਤਾਵਰਣ ਦੋ ਪ੍ਰਕਾਰ ਦੇ ਤੱਤਾਂ ਨਾਲ ਬਣਦਾ ਹੈ- ਜੀਵਨ ਨਾਲ

ਸੰਬੰਧ ਰੱਖਣ ਵਾਲਾ ਜੈਵਿਕ ਅਤੇ ਕੁਦਰਤੀ ਪੈਦਾ ਹੋਣ ਵਾਲਾ ਅਜੈਵਿਕ। ਜੈਵਿਕ ਵਾਤਾਵਰਣ ਵਿਚ ਬੂਟੇ, ਬਨਸਪਤੀ, ਸੂਖਮ-ਜੀਵ, ਮਨੁੱਖ ਜਾਨਵਰ ਆਦਿ ਸ਼ਾਮਿਲ ਹੁੰਦੇ ਹਨ ਅਤੇ ਅਜੈਵਿਕ ਵਾਤਾਵਰਣ ਵਿਚ ਧਰਤੀ, ਹਵਾ, ਪਾਣੀ ਆਦਿ ਸ਼ਾਮਿਲ ਹਨ। ਉਹ ਘੇਰਾ ਜਿਸ ਵਿਚ ਜਾਨਦਾਰ ਜਾਨਵਰ ਰਹਿੰਦੇ ਹਨ ਬਾਇਓਸਫੀਅਰ ਅਖਵਾਉਂਦਾ ਹੈ ਅਤੇ ਉਸ ਹੱਦ ਤੱਕ ਦੇ ਵਾਤਾਵਰਣ ਨੂੰ 'ਈਕੋ ਸਿਸਟਮ' ਕਿਹਾ ਜਾਂਦਾ ਹੈ। 'ਈਕੋ ਸਿਸਟਮ' ਤੋਂ ਭਾਵ ਸੰਤੁਲਤ ਵਰਤਾਰਾ ਹੈ, ਜਿਸ ਅਨੁਸਾਰ ਸਾਰੇ ਜੀਵ ਅਤੇ ਪੌਦੇ ਇੱਕ ਦੂਜੇ ਉੱਤੇ ਨਿਰਭਰ ਕਰਦੇ ਹਨ।

### 12.2.2 ਖੇਤਰ

ਵਾਤਾਵਰਣ ਦਾ ਖੇਤਰ ਮਨੁੱਖੀ ਜੀਵਨ ਦੇ ਹਰ ਇਕ ਪਹਿਲੂ ਤੱਕ ਪਸਰਿਆ ਹੈ, ਜਿਸ ਬਿਨਾਂ ਮਨੁੱਖ ਦਾ ਕੋਈ ਵੀ ਕਾਰਜ ਇਸ ਤੋਂ ਪ੍ਰਭਾਵਤ ਹੋਏ ਬਿਨਾ ਸੰਭਵ ਨਹੀਂ। ਵਾਤਾਵਰਣ ਦੀ ਸਾਂਭ-ਸੰਭਾਲ ਹਰ ਇਕ ਦੇਸ਼ ਦੀਆਂ ਮੁਢਲੀਆਂ ਲੋੜਾਂ ਵਿਚੋਂ ਇਕ ਹੋ ਚੁਕੀ ਹੈ। ਉਦਯੋਗਿਕ ਤਰੱਕੀ ਕਰਕੇ ਅਤੇ ਧਰਤੀ ਵਿਚ ਲੋੜੋਂ ਵਧ ਖਣਿਜਾਂ ਦੀ ਵਰਤੋਂ ਕਰਕੇ ਕੁਦਰਤੀ ਸੰਤੁਲਨ 'ਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਗਏ ਹਨ, ਜੋ ਕਿ ਮਨੁੱਖਤਾ ਦੇ ਜੀਵਨ ਲਈ ਖਤਰਾ ਬਣ ਗਏ ਹਨ। ਇਸ ਕਰਕੇ ਵਾਤਾਵਰਣ ਦੀ ਸਮਝ ਲਈ ਇਸਦਾ ਅਧਿਐਨ ਅਤੇ ਅਧਿਆਪਨ ਲਾਜ਼ਮੀ ਵਿਸ਼ਾ ਬਣ ਗਏ ਹਨ। ਕੁਦਰਤੀ ਤੱਤਾਂ ਦੀ ਸਮਝ ਅਤੇ ਚੇਤਨਤਾ ਲਈ ਅੰਤਰਰਾਸ਼ਟਰੀ ਪੱਧਰ ਤੋਂ ਲੈ ਕੇ ਵਿਅਕਤੀਗਤ ਘੇਰਿਆਂ ਤਕ ਇਸ ਸੰਬੰਧੀ ਕਾਰਜ ਕੀਤੇ ਜਾਣ ਲੱਗ ਪਏ ਹਨ।

## 12.3 ਵਾਤਾਵਰਣ ਦੀਆਂ ਸਮੱਸਿਆਂਵਾਂ

ਵਾਤਾਵਰਣ ਦੀ ਸਮੱਸਿਆ ਕਿਸੇ ਵਿਸ਼ੇਸ਼ ਇੱਕ ਖਿੱਤੇ, ਸਥਾਨ, ਇਲਾਕੇ ਜਾਂ ਦੇਸ ਦੀ ਨਹੀਂ ਸਗੋਂ ਇਹ ਪੂਰੀ ਧਰਤੀ ਅਤੇ ਮਾਨਵ ਜਾਤੀ ਦੀ ਹੈ। ਵਾਤਾਵਰਣ ਅੱਜ ਦੁਨੀਆਂ ਦੇ ਸਭ ਤੋਂ ਵੱਧ ਚਰਚਿਤ ਮੁੱਦਿਆਂ ਵਿਚੋਂ ਇਕ ਹੈ। ਦੁਨੀਆਂ ਭਰ ਦੇ ਚੇਤੰਨ ਲੋਕ ਅੱਜ ਵਾਤਾਵਰਣ ਦੀ ਸਾਂਭ-ਸੰਭਾਲ ਲਈ ਚਿੰਤਤ ਹਨ। ਵਾਤਾਵਰਣ ਤੋਂ ਭਾਵ ਮਨੁੱਖ ਦਾ ਆਲਾ-ਦੁਆਲਾ ਹੈ, ਜਿਵੇਂ ਕਿ ਧਰਤੀ, ਪਾਣੀ, ਹਵਾ, ਰੁੱਖ, ਪਹਾੜ, ਪਸ਼ੂ-ਪੰਛੀ, ਬਨਸਪਤੀ, ਨਦੀਆਂ-ਨਾਲੇ, ਆਦਿ ਸਭ ਕੁਦਰਤੀ ਸੋਮੇ ਵਾਤਾਵਰਣ ਦੇ ਘੇਰੇ ਵਿਚ ਆਉਂਦੇ ਹਨ ਕਿਉਂਕਿ ਇਸ ਨਾਲ ਮਨੁੱਖ ਦੀ ਹੋਂਦ ਖੜ੍ਹੀ ਹੋਈ ਹੈ। ਕੁਦਰਤ ਅਤੇ ਮਨੁੱਖ ਦਾ ਰਿਸ਼ਤਾ ਅਟੁੱਟ ਹੈ, ਮਨੁੱਖੀ ਜੀਵਨ ਨੂੰ ਸੁਚੱਜੇ ਢੰਗ ਨਾਲ ਜਿਉਣ ਲਈ ਕੁਦਰਤ ਦੇ ਸਾਫ਼-ਸੁਥਰੇ ਵਾਤਾਵਰਣ ਨੇ ਅਹਿਮ ਭੂਮਿਕਾ ਨਿਭਾਈ ਹੈ, ਪ੍ਰੰਤੂ ਮਨੁੱਖੀ ਲਾਪ੍ਰਵਾਹੀਆਂ ਕਾਰਨ ਅੱਜ ਦਾ ਵਾਤਾਵਰਣ ਸਾਫ਼ ਅਤੇ ਪਵਿੱਤਰ ਨਹੀਂ ਰਿਹਾ। ਵਰਤਮਾਨ ਸਮੇਂ ਵਿਚ ਪਦਾਰਥਕ ਵਿਕਾਸ ਮਨੁੱਖ ਨੂੰ ਕੁਦਰਤ ਤੋਂ ਲਾਂਭੇ ਕਰ ਰਿਹਾ ਹੈ, ਜਿਸ ਕਾਰਨ ਕੁਦਰਤ ਦਾ ਸੰਤੁਲਨ ਵਿਗੜ ਰਿਹਾ ਹੈ। ਧਰਤੀ ਦਾ ਵਧਦਾ ਤਾਪਮਾਨ, ਓਜ਼ੋਨ ਪਰਤ ਦਾ ਛਿੱਜਣਾ, ਕੁਦਰਤੀ ਸਰੋਤਾਂ ਵਿਚ ਲਗਾਤਾਰ ਆ ਰਹੀ ਕਮੀ, ਮੌਸਮ ਵਿਚ ਅਣਚਾਹੀਆਂ ਤਬਦੀਲੀਆਂ, ਭੂਚਾਲ, ਸੁਨਾਮੀਆਂ ਆਦਿ ਪ੍ਰਮੁੱਖ ਵਰਤਾਰੇ ਹਨ, ਜੋ ਕਿ ਵਿਗੜਦੇ ਹੋਏ ਵਾਤਾਵਰਣ ਦੇ ਸੂਚਕ ਹਨ।

ਮਨੁੱਖ ਵਾਤਾਵਰਣ ਨੂੰ ਇਸ ਹੱਦ ਤੱਕ ਵਿਗਾੜ ਚੁਕਿਆ ਹੈ ਕਿ ਹਵਾ ਅਤੇ ਪਾਣੀ ਦੇ ਕੁਦਰਤੀ ਸੋਮੇ ਪਲੀਤ ਹੋ ਚੁਕੇ ਹਨ। ਜੀਵਨ ਦੀ ਲਗਾਤਾਰਤਾ ਬਣਾਈ ਰੱਖਣ ਲਈ ਸਾਫ਼ ਹਵਾ, ਪਾਣੀ ਅਤੇ ਸ਼ੁੱਧ ਖਾਧ-ਖੁਰਾਕ ਦਾ ਹੋਣਾ ਜ਼ਰੂਰੀ ਹੈ ਪ੍ਰੰਤੂ ਅੱਜ ਦੇ ਦੂਸ਼ਤ ਹੋ ਰਹੇ ਵਾਤਾਵਰਣ ਵਿਚ ਇਸਦੀ ਘਾਟ ਮਹਿਸੂਸ ਹੋਣ ਲੱਗੀ ਹੈ। ਰੁੱਖ, ਜੋ ਕਿ ਕੁਦਰਤੀ ਸੰਤੁਲਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ, ਨੂੰ ਲਗਾਤਾਰ ਵਢਿਆ ਜਾ ਰਿਹਾ ਹੈ। ਸਾਫ਼ ਦਰਿਆਵਾਂ ਅਤੇ ਨਦੀਆਂ ਵਿਚ ਉਦਯੋਗਾਂ, ਕਾਰਖ਼ਾਨਿਆਂ, ਸੀਵਰਜਾਂ ਦਾ ਗੰਦਾ ਪਾਣੀ ਪਾ ਕੇ ਗੰਧਲਾ ਕੀਤਾ ਜਾ ਰਿਹਾ ਹੈ। ਜੰਗਲਾਂ ਦੀ ਹੋ ਰਹੀ ਅੰਨ੍ਹੀ ਕਟਾਈ ਧਰਤੀ ਨੂੰ ਬੰਜਰ ਬਣਾ ਰਹੀ ਹੈ। ਅਨੇਕ ਜੀਵ-ਜਾਤੀਆਂ ਜਾਂ ਤਾਂ ਖਤਮ ਹੋ ਚੁੱਕੀਆਂ ਹਨ ਜਾਂ ਖਤਮ ਹੋਣ ਦੇ ਕਿਨਾਰੇ ਤੇ ਹਨ। ਇਸ ਤਰ੍ਹਾਂ

ਵਾਤਾਵਰਣ ਸੰਬੰਧੀ ਅਨੇਕ ਕਿਸਮ ਦੀਆਂ ਸਮੱਸਿਆਂ ਪੈਦਾ ਹੋ ਚੁਕੀਆਂ ਹਨ, ਜੋ ਕਿ ਮਨੁੱਖੀ ਜਨ-ਜੀਵਨ ਦੇ ਭਵਿੱਖ ਲਈ ਖ਼ਤਰਾ ਬਣ ਰਹੀਆਂ ਹਨ।

## 12.4 ਵਾਤਾਵਰਣ ਅਤੇ ਸਿੱਖ-ਸਿਧਾਂਤ

ਕੁਦਰਤ ਮਨੁੱਖ ਨੂੰ ਜੀਵਨ ਪ੍ਰਦਾਨ ਕਰਦੀ ਹੈ ਅਤੇ ਧਰਮ ਮਨੁੱਖ ਨੂੰ ਜੀਵਨ-ਜਾਚ ਦਿੰਦਾ ਹੈ। ਕੁਦਰਤ, ਮਨੁੱਖ ਅਤੇ ਕਾਦਰ ਦੇ ਆਪਸੀ ਰਿਸ਼ਤੇ ਨੂੰ ਜੋੜਨ ਵਾਲੀ ਸੰਗਲੀ ਹੈ। ਗੁਰਬਾਣੀ ਵਿਚ ਕੁਦਰਤੀ ਵਸਤਾਂ, ਥਿਤਾਂ, ਵਾਰ, ਪਵਣ, ਪਾਣੀ, ਰੁੱਤਾਂ, ਅਗਨੀ, ਪਤਾਲ ਆਦਿ ਦਾ ਵਰਣਨ ਕਰਦਾ ਹੈ, ਜੋ ਇਕ ਮਰਯਾਦਾ ਵਿਚ ਵਿਚਰ ਰਹੇ ਹਨ। ਗੁਰਮਤਿ ਨੇ ਕੁਦਰਤ ਦੇ ਚਿਤਰਨ ਰਾਹੀਂ ਮਨੁੱਖ ਨੂੰ ਜੀਵਨ ਦੀ ਅਹਿਮੀਅਤ ਦਸਦਿਆਂ ਸੁਚੱਜਾ ਜੀਵਨ ਜਿਉਂਣ ਦੀ ਤਾਕੀਦ ਕੀਤੀ ਹੈ, ਜੋ ਕਿ ਕੁਦਰਤ ਦੀ ਵਿਸ਼ਾਲਤਾ ਨੂੰ ਪ੍ਰਗਟਾਉਣ ਦੇ ਨਾਲ-ਨਾਲ ਕੁਦਰਤ ਵਿਚ ਕਾਦਰ ਦੀ ਹੋਂਦ ਨੂੰ ਵੀ ਬਿਆਨਦੀ ਹੈ। ਇਹ ਸਭ ਪਸਾਰਾ ਪਰਮਾਤਮਾ ਨਾਲ ਇਕਸੁਰਤਾ ਸਥਾਪਿਤ ਕਰਨ ਦਾ ਵਸੀਲਾ ਹੈ। 'ਪਉਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਵਾਤਾਵਰਣ ਸੰਬੰਧੀ ਇਕ ਚਿੰਨ੍ਹ ਦੇ ਤੌਰ 'ਤੇ ਸਥਾਪਤ ਹੋ ਗਿਆ ਹੈ। ਵਾਤਾਵਰਣ ਵਿਚਲੇ ਪੰਜ ਤੱਤ ਹਵਾ, ਪਾਣੀ, ਧਰਤੀ, ਅਗਨੀ ਅਤੇ ਅਕਾਸ਼ ਕੁਦਰਤ ਦਾ ਅਹਿਮ ਹਿੱਸਾ ਹਨ।ਸਾਰਾ ਪਸਾਰਾ ਇਨ੍ਹਾਂ ਤੱਤਾਂ ਤੋਂ ਹੀ ਸਾਜਿਆ ਗਿਆ। ਇਨ੍ਹਾਂ ਪੰਜ ਤੱਤਾਂ ਲਈ ਬਾਣੀ ਵਿਚ ਸੰਬੰਧਵਾਚਕ ਸ਼ਬਦ ਵਰਤੇ ਗਏ ਹਨ।

ਜੀਵਾਂ ਦੇ ਸਾਹ ਰਾਹੀਂ ਬਾਹਰ ਨਿਕਲੀ ਪਵਣ ਬਨਸਮਤੀ ਲਈ ਜੀਵਨ ਦਾਇਕ ਹੁੰਦੀ ਹੈ, ਜਿਸ ਨੂੰ ਗ੍ਰਹਿਣ ਕਰਕੇ ਬਨਸਪਤੀ ਆਪਣਾ ਭੋਜਨ ਬਣਾਉਦੀ ਹੈ ਅਤੇ ਆਕਸੀਜਨ ਨੂੰ ਮੁੜ ਵਾਤਾਵਰਣ ਵਿਚ ਛੱਡਦੀ ਹੈ। ਕੁਦਰਤੀ ਤੋਹਫ਼ਿਆਂ ਵਿਚੋਂ ਪਾਣੀ ਇਕ ਅਮੋਲਕ ਦਾਤ ਹੈ, ਜੋ ਕਿ ਉਤਪੱਤੀ ਦਾ ਵਸੀਲਾ ਹੈ ਜਿਸ ਤੋਂ ਬਿਨਾਂ ਧਰਤੀ ਉੱਤੇ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਅਨੁਸਾਰ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
ਨਿਰਮਲੁ ਮੈਲਾ ਨਾ ਥੀਐ ਸਬਦਿ ਰਤੇ ਪਤਿ ਹੋਇ॥

ਗੁਰਬਾਣੀ ਵਿਚ ਆਲੇ-ਦੁਆਲੇ ਵਿਚ ਮਿਲਦੀਆਂ ਵਸਤਾਂ ਹਵਾ, ਪਾਣੀ, ਅਗਨੀ, ਧਰਤੀ, ਆਕਾਸ਼, ਸਮਾਂ, ਬਨਸਪਤੀ, ਆਦਿ ਦੇ ਪ੍ਰਤੀਕਾਂ ਰਾਹੀਂ ਮਨੁੱਖ ਨੂੰ ਉਸਦੇ ਅਸਲ ਦੀ ਸੋਝੀ ਕਰਵਾਈ ਗਈ ਹੈ। ਇਹ ਦਿਸਦਾ ਪਸਾਰਾ ਪਰਮਾਤਮਾ ਦੀ ਕਿਰਤ ਹੈ, ਉਸ ਦੇ ਹੁਕਮ ਅਧੀਨ ਉਪਜਿਆ ਹੈ। ਗੁਰਬਾਣੀ ਵਿਚ ਦਰਜ 'ਬਾਰਾਂਮਾਹੇ' ਦਰਸਾਉਂਦੇ ਹਨ ਕਿ ਸਿੱਖੀ-ਸਿਧਾਂਤਾਂ ਕੁਦਰਤ ਕਿਸ ਤਰ੍ਹਾਂ ਅਧਿਆਤਮਕਾ ਦੇ ਉਚੇ ਮੰਡਲਾਂ ਲਈ ਸਹਾਈ ਹੈ। ਕੁਦਰਤ ਦੇ ਮਉਲਣ ਨਾਲ, ਖਿੜਣ ਨਾਲ, ਵਿਗਾਸ ਕਰਨ ਨਾਲ ਅਨੰਤ ਵਿਸਮਾਦ ਪੈਦਾ ਹੈ ਅਤੇ ਆਤਮ ਵੀ ਪ੍ਰਗਾਸ ਕਰਦਾ ਹੈ:

ਮਉਲੀ ਧਰਤੀ ਮਉਲਿਆ ਅਕਾਸੁ॥
ਘਟਿ ਘਟਿ ਮਉਲਿਆ ਆਤਮ ਪ੍ਰਗਾਸੁ।
ਰਾਜਾ ਰਾਮੁ ਮਉਲਿਆ ਅਨਤ ਭਾਇ॥
ਜਹ ਦੇਖਉ ਤਹ ਰਹਿਆ ਸਮਾਇ॥

## 12.5 ਵਾਤਾਵਰਣ ਅਤੇ ਸਿੱਖ-ਵਿਵਹਾਰਕਤਾ

ਗੁਰੂ ਸਾਹਿਬਾਨ ਨੇ ਸਿੱਖ ਸਿਧਾਂਤਾਂ ਦਾ ਕੇਵਲ ਪ੍ਰਤੀਪਾਦਨ ਹੀ ਨਹੀਂ ਕੀਤਾ ਬਲਕਿ ਉਨ੍ਹਾਂ ਨੂੰ ਵਿਹਾਰਕ ਰੂਪ ਵੀ ਦਿੱਤਾ ਹੈ। ਸਿੱਖ ਇਤਿਹਾਸ ਦੀਆਂ ਬਹੁਤ ਸਾਰੀਆਂ ਸਾਖੀਆਂ ਗੁਰੂ ਸਾਹਿਬਾਨ ਦੇ ਵਾਤਾਵਰਣ ਪ੍ਰਤੀ ਸਨੇਹ ਨੂੰ ਉਜਾਗਰ ਕਰਦੀਆਂ ਹਨ। ਗੁਰੂ ਸਾਹਿਬਾਨ ਨੇ ਪਾਣੀ ਦੀ ਕਿੱਲਤ ਦੂਰ ਕਰਨ ਲਈ ਅਨੇਕ ਬਾਉਲੀਆਂ ਅਤੇ ਖੂਹ ਖੁਦਵਾਏ ਸਨ। ਸੁੱਚ-ਭਿੱਟ ਅਤੇ ਉੱਚੇ-ਨੀਵੇਂ ਦਾ ਖਿਆਲ ਕਰਕੇ ਨੀਵੀਆਂ ਜਾਤਾਂ ਨੂੰ

ਖੂਹਾਂ ਵਿਚੋਂ ਪਾਣੀ ਨਹੀਂ ਭਰਨ ਦਿੱਤਾ ਜਾਂਦਾ ਸੀ। ਪਰ ਗੁਰੂ ਸਾਹਿਬਾਨ ਨੇ ਸਾਂਝੇ ਖੂਹਾਂ, ਤਾਲਾਂ, ਬਾਉਲੀਆਂ ਅਤੇ ਸਰੋਵਰਾਂ ਦਾ ਨਿਰਮਾਣ ਕਰਕੇ ਕੁਦਰਤੀ ਜੀਵਨ ਨੂੰ ਸਥਾਪਤ ਕੀਤਾ। ਗੁਰੂ ਹਰਿਰਾਇ ਜੀ ਦੇ ਵਾਤਾਵਰਣ ਸੰਬੰਧੀ ਸਨੇਹ ਨੂੰ ਦਰਸਾਉਂਦੀਆਂ ਅਨੇਕ ਸਾਖੀਆਂ ਸਿੱਖ ਇਤਿਹਾਸ ਵਿਚ ਮੌਜੂਦ ਹਨ। *ਮਹਿਮਾ ਪ੍ਰਕਾਸ਼* ਗ੍ਰੰਥ ਵਿਚ ਗੁਰੂ ਹਰਿਰਾਇ ਜੀ ਦੇ ਫੁੱਲ ਬੂਟਿਆਂ ਨਾਲ ਪਿਆਰ ਨੂੰ ਦਰਸਾਉਂਦੀ ਇਕ ਸਾਖੀ ਦਾ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਬਚਪਨ ਵਿਚ ਗੁਰੂ ਹਰਿਰਾਇ ਸਾਹਿਬ ਜੀ ਦਾਦਾ ਗੁਰੂ (ਗੁਰੂ ਹਰਿਗੋਬਿੰਦ ਜੀ) ਨਾਲ ਬਾਗ਼ ਵਿਚ ਟਹਿਲ ਰਹੇ ਸਨ ਤਦ ਉਨ੍ਹਾਂ ਦੇ ਚੋਲੇ ਨਾਲ ਖਹਿ ਕੇ ਇਕ ਫੁੱਲ ਟਾਹਣੀ ਨਾਲੋਂ ਟੁੱਟ ਗਿਆ। ਫੁੱਲ ਨੂੰ ਟਾਹਣੀ ਨਾਲੋਂ ਟੁੱਟਿਆ ਵੇਖ ਕੇ ਗੁਰੂ ਹਰਿਰਾਇ ਜੀ ਉਦਾਸ ਹੋ ਗਏ। ਇਹ ਸਭ ਕੁਝ ਗੁਰੂ ਹਰਿਗੋਬਿੰਦ ਸਾਹਿਬ ਜੀ ਵੇਖ ਰਹੇ ਸਨ ਤਾਂ ਉਨ੍ਹਾਂ ਨੇ ਕਿਹਾ ਕਿ 'ਦਾਮਨ ਸੰਕੋਚ' ਕੇ ਚਲੋ ਤਾਂ ਕਿ ਕਿਸੇ ਚੀਜ਼ ਨੂੰ ਇਸ ਕਰਕੇ ਨੁਕਸਾਨ ਨਾ ਪਹੁੰਚੇ। ਗੁਰੂ ਹਰਿਰਾਇ ਸਾਹਿਬ ਜੀ ਨੇ ਇਸ ਬਚਨ ਨੂੰ ਪੂਰੀ ਉਮਰ ਮੰਨਿਆ ਤੇ ਹਮੇਸ਼ਾਂ ਆਪਣੇ ਚੋਲੇ ਨੂੰ ਇਕੱਠਾ ਕਰਕੇ ਤੁਰਦੇ ਰਹੇ:

ਜਬ ਬਸਤ੍ਰ ਪਹਰ ਪ੍ਰਭ ਕਤਹੂ ਜਾਹਿ। ਦਾਮਨ ਸਮੇਟ ਲੈਵੇ ਕਰ ਮਾਹਿ।
ਜੋ ਛਠਵੈ ਮਹਲ ਬਚਨ ਗੁਰ ਕਹਾ। ਪ੍ਰਭ ਉਮਰ ਪ੍ਰਜੰਤ ਸੋਈ ਪ੍ਰਨ ਗਹਾ।

ਗੁਰੂ ਹਰਿਰਾਇ ਜੀ ਕੋਮਲ ਹਿਰਦੇ ਬਾਰੇ ਤਾਂ ਸਾਰਿਆਂ ਇਤਿਹਾਸਕਾਰਾਂ ਨੇ ਗਵਾਹੀਆਂ ਭਰੀਆਂ ਹਨ ਕਿ ਇਕ ਫੁੱਲ ਗਿਰਿਆ ਤਾਂ ਸਾਰੀ ਉਮਰ ਦਾਮਨ ਸਮੇਟ ਹੀ ਟੁਰੇ। ਕਦੇ ਫੁਲ ਨਾ ਤੋੜਿਆ। ਫੁੱਲਾਂ ਨਾਲ ਆਪ ਜੀ ਦਾ ਬਹੁਤ ਪਿਆਰ ਸੀ। ਕੀਰਤਪੁਰ ਦੀ ਆਬਾਦੀ ਜਿਆਦਾ ਹੋ ਰਹੀ ਸੀ ਤੇ ਕਈ ਬਸਤੀਆਂ ਬਣ ਗਈਆਂ ਸਨ। ਸਿੱਖ-ਪਰੰਪਰਾ ਵਿਚ ਦਰਜ਼ ਹੈ ਕਿ ਆਪ ਜੀ ਨੇ ਵੱਖ-ਵੱਖ ਥਾਵਾਂ ਤੇ 52 ਬਾਗ ਲਗਵਾਏ, ਜਿਨ੍ਹਾਂ ਦੀ ਸੰਭਾਲ ਲਈ ਕਈ ਸਿਆਣੇ ਅਤੇ ਸੁਘੜ ਮਾਲੀ ਰੱਖੇ। ਦੂਰੋਂ-ਦੂਰੋਂ ਫੁੱਲਾਂ ਦੇ ਬੀਜ ਮੰਗਵਾ ਕੇ ਬਾਗਾਂ ਵਿਚ ਲਗਵਾਏ। ਸੁੰਦਰ ਵਾੜੀ ਬਣਾਉਣ ਵਾਲੇ ਮਾਲੀਆਂ ਨੂੰ ਇਨਾਮਾਂ ਨਾਲ ਨਿਵਾਜਦੇ। ਇਨ੍ਹਾਂ ਬਾਗ਼ਾਂ ਕਰਕੇ ਹੀ ਕੀਰਤਪੁਰ ਨੂੰ ਬਾਗਾਂ ਦਾ ਸ਼ਹਿਰ ਕਿਹਾ ਜਾਂਦਾ ਸੀ। ਗੁਰੂ ਹਰਿਰਾਇ ਸਾਹਿਬ ਜੀ ਨੇ ਪਸ਼ੂ-ਪੰਛੀਆਂ ਦੀ ਸੁਰੱਖਿਆ ਵਾਸਤੇ ਕਈ ਰੱਖਾਂ ਬਣਾਈਆਂ ਸਨ।

ਗੁਰੂ ਸਾਹਿਬਾਨ ਦੇ ਜੀਵਨ ਸੰਬੰਧੀ ਸਿੱਖ-ਪਰੰਪਰਾ ਵਿਚ ਸਥਾਪਤ ਰਵਾਇਤਾਂ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬਾਨ ਨੇ ਕਾਦਰ ਅਤੇ ਕੁਦਰਤ ਦੇ ਆਪਸੀ ਵਿਵਹਾਰ ਨੂੰ ਸਥਾਪਤ ਤਾਂ ਕੀਤਾ ਹੀ ਅਤੇ ਇਸਦੇ ਨਾਲ ਸਿੱਖ-ਜੀਵਨ ਨੂੰ 'ਕੁਦਰਤ ਕਰਕੇ ਵਸਿਆ ਸੋਈ' ਦੇ ਆਦੇਸ਼ ਨਾਲ ਮਨੁੱਖੀ ਜੀਵਨ ਨੂੰ ਕੁਦਰਤ ਰਾਹੀਂ ਕਾਦਰ ਨਾਲ ਜੋੜਿਆ। ਗੁਰੂ ਸਾਹਿਬਾਨ ਨਾਲ ਸੰਬੰਧਤ ਇਤਿਹਾਸਕ ਸਥਾਨਾਂ 'ਤੇ ਰੁਖਾਂ ਦੀਆਂ ਨਿਸ਼ਾਨੀਆਂ ਇਸ ਗਲ ਦਾ ਪ੍ਰਮਾਣ ਹਨ। ਸਿੱਖ-ਸੰਪਰਦਾਵਾਂ ਨੇ ਗਿਆਨ-ਧਿਆਨ, ਸੇਵਾ-ਸਿਮਰਨ, ਦਵਾ-ਦਾਰੂ ਵਰਤਾਉਣ ਦੇ ਨਾਲ-ਨਾਲ ਕੁਦਰਤੀ ਵਸੀਲਿਆਂ ਦੇ ਸਾਵੇਂਪਣ ਲਈ ਵੀ ਕਾਰਜ ਕੀਤੇ। ਬਾਬਾ ਸ੍ਰੀ ਚੰਦ ਨੇ ਗੁਰੂ ਨਾਨਕ ਸਾਹਿਬ ਦੇ ਸਥਾਨਾਂ ਦੀ ਨਿਸ਼ਾਨਦੇਹੀ ਕਰਦਿਆਂ ਉਹਨਾਂ ਸਥਾਨਾਂ 'ਤੇ ਰੁਖ ਲਗਾ ਕੇ ਉਹਨਾਂ ਪਵਿਤਰ ਸਥਾਨਾਂ ਨੂੰ ਗੁਰੂ ਜੀ ਦੀ ਸਿਮਰਤੀ ਵਜੋਂ ਸਾਂਭਿਆ। ਇਸ ਤਰ੍ਹਾਂ ਸਿੱਖੀ ਦੀ ਵਿਭਿੰਨ ਸੰਪਰਦਾਵਾਂ ਨੇ ਮਨੁੱਖੀ ਜੀਵਨ ਨੂੰ ਕੁਦਰਤੀ ਵਸੀਲਿਆਂ ਨਾਲ ਜੋੜਿਆ ਵੀ ਅਤੇ ਕੁਦਰਤ ਵਿਚ ਅਭੇਦ ਕਾਦਰ ਨਾਲ ਵੀ ਜੋੜਣ ਦੀ ਕੋਸ਼ਿਸ਼ ਕੀਤੀ।

## 12.6 ਵਾਤਾਵਰਣ ਸੰਭਾਲ ਪ੍ਰਤੀ ਸਿੱਖ ਸੰਸਥਾਵਾਂ ਦਾ ਯੋਗਦਾਨ

ਵਾਤਾਵਰਣ ਪ੍ਰਤੀ ਨੇੜਤਾ ਸਿੱਖ ਇਤਿਹਾਸ ਅਤੇ ਸਿਧਾਂਤ ਨਾਲ ਜੁੜੀ ਹੋਈ ਹੈ। ਜਿਸ ਵਿਚ ਇਤਿਹਾਸ ਵਿਚ ਮਿਲਦੀਆਂ ਘਟਨਾਵਾਂ ਨੂੰ ਅਧਾਰ ਬਣਾ ਕੇ ਉਸ ਪ੍ਰਤੀ ਕਾਰਜ ਕੀਤੇ ਜਾਂਦੇ ਹਨ। ਇਸ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਇਸ ਖੇਤਰ ਵਿਚ ਕਾਰਜ਼ਸ਼ੀਲ ਹਨ। ਸਮਕਾਲ ਵਿਚ ਸਿੱਖ ਸੰਗਤਾਂ ਨੇ ਸਿੱਖ ਇਤਿਹਾਸ ਵਿਚੋਂ ਅਗਵਾਈ ਪ੍ਰਾਪਤ ਕਰ ਕੇ ਵਾਤਾਵਰਣ ਸੰਭਾਲ ਸੰਬੰਧੀ ਕਈ ਸੰਸਥਾਵਾਂ (ਸੰਗਠਨ, ਸੁਸਾਇਟੀਆਂ, ਕਮੇਟੀਆਂ, ਜਥੇਬੰਦੀਆਂ ਆਦਿ) ਦਾ ਗਠਨ ਕੀਤਾ ਹੈ। ਜਿੰਨ੍ਹਾਂ ਦਾ ਮੁਖ ਕਾਰਜ ਬੂਟੇ

ਲਗਾਉਣੇ, ਪਾਣੀ ਦੀ ਸੰਭਾਲ ਕਰਨਾ ਅਤੇ ਕੁਦਰਤ ਪ੍ਰਤੀ ਜਾਗਰੁਕ ਕਰਨਾ ਹੈ। ਵਾਤਾਵਰਣ ਸੰਭਾਲ ਪ੍ਰਤੀ ਕਾਰਜ ਕਰ ਰਹੀਆਂ ਸੰਸਥਾਵਾਂ ਵਿਚੋਂ ਪ੍ਰਮੁਖ ਸੰਸਥਾਵਾਂ/ਸੰਗਠਨਾਂ ਨੂੰ ਹੀ ਲਿਆ ਗਿਆ ਹੈ। ਜਿੰਨ੍ਹਾਂ ਦੇ ਕਾਰਜ ਵਿਸ਼ਵ ਪੱਧਰ ਉਤੇ ਮਾਣਮਤੇ ਹਨ।

### 12.6.1 ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਅੰਮ੍ਰਿਤਸਰ

ਪਿੰਗਲਵਾੜਾ ਸੰਸਥਾ ਦੇ ਬਾਨੀ ਭਗਨ ਪੂਰਨ ਸਿੰਘ ਜੀ ਸਨ। ਉਹਨਾਂ ਨੇ ਅਪੰਗ ਬੱਚੇ ਪਿਆਰਾ ਸਿੰਘ ਅਤੇ 1947 ਦੀ ਵੰਡ ਵਿਚ ਹੋਏ ਲਾਵਾਰਸ, ਅਪਾਹਜ, ਰੋਗੀਆਂ ਆਦਿ ਦੀ ਸੰਭਾਲ ਦੀ ਜਿੰਮੇਵਾਰੀ ਦੇ ਅਹਿਸਾਸ ਨਾਲ ਅੰਮ੍ਰਿਤਸਰ ਵਿਚ ਪਿੰਗਲਵਾੜਾ ਸੰਸਥਾ ਦੀ ਨੀਂਹ ਰਖੀ ਸੀ। ਆਪ ਜੀ ਵਾਤਾਵਰਣ ਵਿਚਲੇ ਪ੍ਰਦੂਸ਼ਿਤ ਹੋ ਰਹੇ ਹਵਾ, ਪਾਣੀ ਅਤੇ ਧਰਤੀ ਆਦਿ ਕੁਦਰਤੀ ਤਤ ਪ੍ਰਤੀ ਬਹੁਤ ਸੰਵੇਦਨਸ਼ੀਲ ਹੁੰਦੇ ਸਨ, ਉਹਨਾਂ ਨੇ ਸਾਰੀ ਉਮਰ ਮਨੁੱਖਤਾ ਨੂੰ ਇਹਨਾਂ ਤੱਤਾਂ ਦੀ ਅਹਿਮੀਅਤ ਬਾਰੇ ਜਾਗਰੂਕ ਕਰਨ ਦੀ ਸੇਵਾ ਨਿਭਾਈ। ਪ੍ਰਦੂਸ਼ਣ ਦੀ ਸਮੱਸਿਆਂ ਉਤੇ ਕਾਬੂ ਪਾਉਣ ਲਈ ਭਗਤ ਪੂਰਨ ਸਿੰਘ ਆਪ ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਪੰਜ ਰੁਖ ਲਗਾਉਣ ਲਈ ਕਹਿੰਦੇ ਸਨ। ਤੰਦਰੁਸਤ ਸਮਾਜ ਦੀ ਜੜ੍ਹ ਸ਼ੁਧ ਵਾਤਾਵਰਨ ਹੁੰਦਾ ਹੈ। ਇਸੇ ਕਰਕੇ ਭਗਤ ਜੀ ਕਹਿੰਦੇ ਹੁੰਦੇ ਸਨ ਕਿ ‘ਮੈਨੂੰ ਪਿੰਗਲਵਾੜੇ ਤੋਂ ਵੀ ਵਧ ਫ਼ਿਕਰ ਵਾਤਾਵਰਣ ਦਾ ਹੈ’। ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਸੰਬੰਧੀ ਅਨੇਕ ਪੈਂਫ਼ਲਿਟ ਜਾਂ ਕਿਤਾਬਚੇ ਲਿਖ-ਲਿਖ ਕੇ ਵੰਡਦੇ ਸਨ ਅਤੇ ਹੋਰ ਵਿਦਵਾਨਾਂ ਦੇ ਮਿਲਦੇ ਵਿਚਾਰਾਂ ਨੂੰ ਕਿਤਾਬਾਂ ਜਾਂ ਕਿਤਾਬਚਿਆਂ ਦੇ ਰੂਪ ਵਿਚ ਮੁਫ਼ਤ ਵੰਡਦੇ ਸਨ। ਭਗਤ ਜੀ 1992 ਵਿਚ ਹੋਏ ਅਕਾਲ ਚਲਾਣੇ ਤੋਂ ਮਗਰੋਂ ਵੀ ਪਿੰਗਲਵਾੜਾ ਸੰਸਥਾ ਇਸ ਖੇਤਰ ਵਿਚ ਅਹਿਮ ਭੂਮਿਕਾ ਨਿਭਾ ਰਹੀ ਹੈ, ਜਿਸ ਵਿਚ ਉਹਨਾਂ ਨੇ ਵਾਤਾਵਰਣ-ਸੰਭਾਲ ਅਤੇ ਜੈਵਿਕ-ਖੇਤੀ ਸੰਬੰਧਤ ਕਈ ਪ੍ਰਾਜੈਕਟ ਸ਼ੁਰੂ ਕੀਤੇ ਹੋਏ ਹਨ।

### 12.6.2 ੧ਓ ਚੈਰੀਟੇਬਲ ਟਰਸਟ ਸੀਚੇਵਾਲ

ਸੀਚੇਵਾਲ ਸੰਸਥਾ ਦੇ ਮੁਖੀ ਬਾਬਾ ਬਲਵੀਰ ਸਿੰਘ ਜੀ ਹਨ, ਜਿਨ੍ਹਾਂ ਨੇ ਕਾਰ-ਸੇਵਾ ਨੂੰ ਗੁਰਦੁਆਰੇ ਬਣਾਉਣ ਤਕ ਸੀਮਤ ਨਾ ਰਖਕੇ ਸਗੋਂ ਇਸ ਦਾ ਘੇਰਾ ਹੋਰ ਵੱਡਾ ਕਰ ਕੇ ਪਿੰਡਾਂ ਦੀਆਂ ਸੜਕਾਂ, ਟੋਭਿਆਂ ਤੇ ਨਾਲ ਹੀ ਇਹਨਾਂ ਵਿਚ ਖੜੇ ਪਾਣੀ ਨੂੰ ਫਿਰ ਤੋਂ ਵਰਤੋਂ ਵਿਚ ਲਿਆਉਣ ਲਈ ‘ਵਾਟਰ ਟਰੀਟਮੈਂਟ ਪੰਪ’ ਲਗਵਾਏ ਹਨ। ਵਾਤਾਵਰਣ ਸੰਭਾਲ ਸੰਬੰਧੀ ਕੀਤੇ ਮੁਖ ਕਾਰਜਾਂ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਵੇਂਈ ਨਦੀ ਨੂੰ ਸਾਫ਼ ਕਰਵਾਉਣਾ ਹੈ। ਇਸ ਨਾਲ ਇਕ ਪਾਸੇ ਨਦੀ ਦੀ ਇਤਿਹਾਸਕ ਮਹਤਤਾ ਨੂੰ ਬਰਕਰਾਰ ਕੀਤਾ ਗਿਆ ਅਤੇ ਨਾਲ ਹੀ ਵਾਤਾਵਰਣ ਸੰਭਾਲ ਵਿਚ ਵੀ ਯੋਗਦਾਨ ਪਾਇਆ ਗਿਆ। ਉਹਨਾਂ ਦੁਆਰਾ ਇਕ ਸੀਚੇਵਾਲ ਮਾਡਲ ਤਿਆਰ ਕੀਤਾ ਗਿਆ ਹੈ, ਜਿਸ ਰਾਹੀ ਪਿੰਡਾਂ ਦਾ ਗੰਦਾ ਪਾਣੀ ਸਾਫ਼ ਕਰ ਕੇ ਮੁੜ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਇਸ ਮਾਡਲ ਨੂੰ ਭਾਰਤ ਸਰਕਾਰ ਦੁਆਰਾ ਅਪਣਾਇਆ ਗਿਆ ਅਤੇ ਗੰਗਾ ਨਦੀਂ ਕੰਢੇ ਵਸੇ ਲਗਪਗ 200 ਪਿੰਡਾਂ ਇਹ ਲਾਗੂ ਕੀਤਾ ਗਿਆ ਹੈ। ਕਾਲਾ ਸੰਘਿਆ ਡਰੇਨ ਅਤੇ ਬੁਢਾ ਨਾਲਾ ਦੀ ਸਫਾਈ ਲਈ ਵੀ ਉਹਨਾਂ ਦੇ ਯਤਨ ਬਹੁਤ ਮਹਤਪਵੂਰਣ ਹਨ। 2017 ਵਿਚ ਉਹਨਾਂ ਨੂੰ ਭਾਰਤ ਦੇ ਰਾਸ਼ਟਰਪਤੀ ਦੁਆਰਾ ਪਦਮ ਸ੍ਰੀ ਨਾਲ ਸਨਮਾਨਿਆ ਗਿਆ।

### 12.6.3 ਕਾਰ ਸੇਵਾ ਖਡੂਰ ਸਾਹਿਬ :

ਸੰਨ 2004 ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸ਼ਤਾਬਦੀ (500 ਸਾਲਾ) ਪ੍ਰਕਾਸ਼ ਗੁਰਪੁਰਬ ਨੂੰ ਇੱਕ ਵਿਲੱਖਣ ਢੰਗ ਨਾਲ ਮਨਾਉਂਣ ਲਈ ਲਗਪਗ ਪੰਜ ਸਾਲ ਪਹਿਲਾਂ ਸੰਨ 1999 ਤੋਂ ਕਾਰ ਸੇਵਾ ਵੱਲੋਂ ਪੰਜ ਕਾਰਜ ਉਲੀਕੇ ਗਏ, ਜਿਨ੍ਹਾਂ ਵਿੱਚੋਂ ਇਕ ਕਾਰਜ ਵਾਤਾਵਰਣ ਸੰਬੰਧੀ ਯੋਜਨਾਵਾਂ ਨੂੰ ਕਾਰ ਸੇਵਾ ਖਡੂਰ ਸਾਹਿਬ ਦੀ ਮੁੱਖ ਧਾਰਾ ਵਿੱਚ ਸ਼ਾਮਿਲ ਕੀਤਾ ਗਿਆ। ਇਹ ਬਾਬਾ ਸੇਵਾ ਸਿੰਘ ਜੀ ਦੀ ਦੂਰ-ਦ੍ਰਿਸ਼ਟੀ ਸੀ ਕਿ ਉਨ੍ਹਾਂ ਨੇ ਸ਼ਤਾਬਦੀ ਨੂੰ ਵਿਲੱਖਣ ਢੰਗ ਨਾਲ ਮਨਾਉਂਣ ਬਾਰੇ ਸੋਚਿਆ ਅਤੇ ਇੱਕ ਹਰਿਆ ਭਰਿਆ ਵਾਤਾਵਰਣ ਸਿਰਜ ਕੇ ਸ਼ਤਾਬਦੀ ਨੂੰ ਯਾਦਗਾਰੀ ਬਣਾ ਦਿੱਤਾ। ਸ਼ਤਾਬਦੀ ਤੋਂ ਬਾਅਦ ਵਾਤਾਵਰਣ ਸੰਭਾਲ

ਮੁਹਿੰਮ ਦਾ ਘੇਰਾ ਹੋਰ ਵੀ ਵਿਸ਼ਾਲ ਹੁੰਦਾ ਗਿਆ। ਪੰਜਾਬ ਤੋਂ ਬਾਹਰ ਦਿੱਲੀ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੱਕ ਹਰਿਆਲੀ ਨੂੰ ਪਹੁੰਚਾਇਆ ਗਿਆ। ਕਾਰ ਸੇਵਾ ਖਡੂਰ ਸਾਹਿਬ ਵਲੋਂ ਵਾਤਾਵਰਣ ਸੰਭਾਲ ਮੁਹਿੰਮ ਤਹਿਤ ਕੀਤੇ ਗਏ ਅਤੇ ਨਿਰੰਤਰ ਜਾਰੀ ਕਾਰਜ ਹੇਠ ਲਿਖੇ ਹਨ:

**ਹਰਿਆਵਲ ਭਰਪੂਰ ਸੜਕਾਂ**:

ਕਾਰ ਸੇਵਾ ਖਡੂਰ ਸਾਹਿਬ ਵੱਲੋਂ ਸਭ ਤੋਂ ਪਹਿਲਾਂ ਖਡੂਰ ਸਾਹਿਬ ਨੂੰ ਆਉਂਦੀਆਂ ਸਾਰੀਆਂ ਸੜਕਾਂ ਨੂੰ ਹਰਿਆ ਭਰਿਆ ਕੀਤਾ ਗਿਆ। ਜਿਸ ਵਿੱਚ ਤਰਨ ਤਾਰਨ ਸਾਹਿਬ ਤੋਂ ਖਡੂਰ ਸਾਹਿਬ ਰੋਡ, ਖਿਲਚੀਆਂ ਤੋਂ ਖਡੂਰ ਸਾਹਿਬ ਰੋਡ, ਗੋਇੰਦਵਾਲ ਸਾਹਿਬ ਤੋਂ ਖਡੂਰ ਸਾਹਿਬ ਰੋਡ, ਵੈਰੋਵਾਲ ਤੋਂ ਖਡੂਰ ਸਾਹਿਬ ਰੋਡ, ਜੰਡਿਆਲਾ ਤੋਂ ਖਡੂਰ ਸਾਹਿਬ ਰੋਡ, ਰਈਆ ਤੋਂ ਖਡੂਰ ਸਾਹਿਬ ਰੋਡ ਅਤੇ ਤਰਨ ਤਾਰਨ ਸਾਹਿਬ ਤੋਂ ਖਡੂਰ ਸਾਹਿਬ ਰੋਡ (ਵਾਇਆ ਵੇਂਈਪੂੰਈਂ) ਸੜਕਾਂ ਦੇ ਕਿਨਾਰਿਆਂ 'ਤੇ ਬੂਟੇ ਲਗਾਏ ਗਏ। ਇਹਨਾਂ ਬੂਟਿਆਂ ਨੂੰ ਬੱਚਿਆਂ ਦੀ ਤਰ੍ਹਾਂ ਪਾਲਿਆ ਗਿਆ, ਜਿਸਦੇ ਫਲਸਰੂਪ ਅੱਜ ਇਹ ਬੂਟੇ ਆਪਣੇ ਭਰ ਜੋਬਨ ਵਿੱਚ ਹਨ ਅਤੇ ਮਨੁੱਖਤਾ ਦੀ ਸੇਵਾ ਵਿੱਚ ਆਪਣੀ ਛਾਂ, ਫੁੱਲ, ਫਲ ਅਤੇ ਸੁਗੰਧੀ ਵੰਡ ਰਹੇ ਹਨ। ਇਹਨਾਂ ਸੜਕਾਂ ਤੋਂ ਇਲਾਵਾ ਇਹਨਾਂ ਸੜਕਾਂ ਨਾਲ ਜੁੜਦੀਆਂ ਅਨੇਕਾਂ ਪਿੰਡਾਂ ਦੀਆਂ ਸੜਕਾਂ 'ਤੇ ਵੀ ਬੂਟੇ ਲਗਾਏ ਗਏ। ਪੰਜਾਬ ਤੋਂ ਬਾਹਰ ਨਰੈਣਾ, ਮਕਰੇਣਾ ਅਤੇ ਗਵਾਲੀਅਰ ਦੀਆਂ ਸੜਕਾਂ ਨੂੰ ਵੀ ਹਰਾ ਧਨ ਖਡੂਰ ਸਾਹਿਬ ਵਲੋਂ ਬਖਸ਼ਿਆ ਗਿਆ। ਹੁਣ ਤੱਕ ਲਗਪਗ 450 ਕਿਲੋਮੀਟਰ ਸੜਕ 'ਤੇ ਰੁੱਖ ਲਗਾਏ ਜਾ ਚੁੱਕੇ ਹਨ ਅਤੇ ਅੱਗੇ ਵੀ ਜ਼ਾਰੀ ਹਨ। ਇਸ ਤੋਂ ਇਲਾਵਾ ਬਰਸਾਤੀ ਨਾਲਿਆਂ ਅਤੇ ਨਹਿਰਾਂ ਦੇ ਕਿਨਾਰਿਆਂ 'ਤੇ ਵੀ ਬੂਟੇ ਲਗਾਏ ਗਏ ਅਤੇ ਲਗਾਏ ਜਾ ਰਹੇ ਹਨ।

**ਜਨਤਕ ਥਾਵਾਂ ਤੇ ਬੂਟੇ ਲਗਾਉਂਣਾ:**

ਜਨਤਕ ਥਾਵਾਂ ਜਿਵੇਂ ਹਸਪਤਾਲਾਂ, ਸ਼ਮਸ਼ਾਨ ਘਾਟ, ਸਕੂਲਾਂ ਅਤੇ ਕਾਲਜਾਂ ਆਦਿ ਵਿੱਚ ਬੂਟੇ ਲਗਾਉਣ ਲਈ ਕਾਰ ਸੇਵਾ ਖਡੂਰ ਸਾਹਿਬ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹਨਾਂ ਜਨਤਕ ਥਾਵਾਂ ਵਿੱਚ ਕੁਦਰਤੀ ਵਾਤਾਵਰਣ ਸਿਰਜਿਆ ਗਿਆ, ਜਿਸ ਨਾਲ ਕੁਦਰਤੀ ਨੇੜਤਾ ਵਿੱਚ ਵੀ ਵਾਧਾ ਹੋਇਆ ਅਤੇ ਵਾਧੂ ਖੁੱਲੇ ਪਏ ਮੈਦਾਨ ਹਰਿਆਵਲ ਭਰਪੂਰ ਹੋ ਗਏ। ਇਹਨਾਂ ਜਨਤਕ ਥਾਵਾਂ ਤੇ ਬੂਟਿਆਂ ਨੂੰ ਕਾਰ ਸੇਵਾ ਖਡੂਰ ਸਾਹਿਬ ਦੇ ਸੇਵਾਦਾਰਾਂ ਵਲੋਂ ਆਪ ਜਾ ਕੇ ਲਗਾਇਆ ਗਿਆ ਅਤੇ ਸਾਂਭ ਸੰਭਾਲ ਨੂੰ ਯਕੀਨੀ ਬਣਾਇਆ ਗਿਆ। ਪੰਜਾਬ ਦੇ ਪਰੰਪਰਾਗਤ ਬੂਟਿਆਂ ਜਿਵੇਂ ਬੋਹੜ, ਪਿੱਪਲ, ਨਿੰਮ, ਟਾਹਲੀ, ਅਰਜਨ, ਤੁਣ, ਤੂਤ, ਧਰੇਕ, ਮਹਾਗਣੀ, ਸੁਖਚੈਨਾ, ਅਮਲਤਾਸ, ਕਚਨਾਰ, ਗੁਲਮੋਹਰ, ਚੰਪਾ, ਅੰਬ, ਜਾਮੁਨ, ਅਮਰੂਦ, ਬਿਲ, ਬਹੇੜਾ, ਆਂਵਲਾ, ਤੁਲਸੀ ਆਦਿ ਨੂੰ ਲਗਾਇਆ ਗਿਆ। ਇਸ ਤੋਂ ਇਲਾਵਾ ਤ੍ਰਿਬੈਣੀ ਦੇ ਬੂਟਿਆਂ ਨੂੰ ਵੀ ਇਕੱਠਿਆਂ ਲਗਾਇਆ ਜਾਣਾ ਵੀ ਕਾਰ ਸੇਵਾ ਖਡੂਰ ਸਾਹਿਬ ਦਾ ਮਹਤੱਵਪੂਰਨ ਕਾਰਜ ਹੈ।

**ਨਰਸਰੀਆਂ:**

ਬੂਟਿਆਂ ਨੂੰ ਤਿਆਰ ਕਰਨ ਦੇ ਵਾਸਤੇ ਕਾਰ ਸੇਵਾ ਖਡੂਰ ਸਾਹਿਬ ਵਲੋਂ ਦੋ ਨਰਸਰੀਆਂ ਵੀ ਸਥਾਪਿਤ ਕੀਤੀਆਂ ਗਈਆਂ ਹਨ। ਇੱਕ ਨਰਸਰੀ ਖਡੂਰ ਸਾਹਿਬ ਅਤੇ ਦੂਜੀ ਨਰਸਰੀ ਗਵਾਲੀਅਰ (ਮੱਧ-ਪ੍ਰਦੇਸ) ਵਿਖੇ ਹੈ। ਇਹਨਾਂ ਨਰਸਰੀਆਂ ਵਿੱਚ ਬੂਟਿਆਂ ਨੂੰ ਤਿਆਰ ਕੀਤਾ ਜਾਂਦਾ ਹੈ। ਕਈ ਤਰ੍ਹਾਂ ਦੇ ਛਾਂ-ਦਾਰ, ਫੁੱਲ ਦਾਰ, ਫਲ ਦਾਰ ਬੂਟੇ ਜੋ ਇਹਨਾਂ ਵਿੱਚ ਤਿਆਰ ਹੁੰਦੇ ਹਨ। ਜੋ ਬਾਅਦ ਵਿੱਚ ਕਾਰ ਸੇਵਾ ਖਡੂਰ ਸਾਹਿਬ ਵਲੋਂ ਵੱਖ-ਵੱਖ ਥਾਵਾਂ ਤੇ ਲਗਾਏ ਜਾਂਦੇ ਹਨ।

**ਬਾਗ:**

ਕਾਰ ਸੇਵਾ ਖਡੂਰ ਸਾਹਿਬ ਵਲੋਂ ਬਾਗ ਬਾਬਾ ਸਾਧੂ ਸਿੰਘ ਜੀ ਗੁਰਦੁਆਰਾ ਤਪਿਆਣਾ ਸਾਹਿਬ ਖਡੂਰ ਸਾਹਿਬ ਦੇ ਨਜ਼ਦੀਕ ਲਗਾਇਆ ਗਿਆ ਹੈ। ਜਿਸ ਵਿੱਚ ਅਤਿ ਸੁੰਦਰ ਫ਼ਲਦਾਰ ਅਤੇ ਹੋਰ ਕਈ

ਤਰ੍ਹਾਂ ਦੇ ਰੁੱਖ ਹਨ। ਇਸ ਬਾਗ ਦੇ ਫ਼ਲ ਲੰਗਰ ਵਿੱਚ ਪ੍ਰਸ਼ਾਦ ਦੇ ਰੂਪ ਵਿੱਚ ਵਰਤਾਏ ਜਾਂਦੇ ਹਨ। ਬਾਗ ਬਾਬਾ ਸਾਧੂ ਸਿੰਘ ਜੀ ਦੀ ਮਿਸਾਲ ਨੇ ਇਲਾਕੇ ਦੇ ਕਿਸਾਨਾ ਨੂੰ ਉਤਸ਼ਾਹਿਤ ਅਤੇ ਪ੍ਰੇਰਿਤ ਵੀ ਕੀਤਾ ਕਿ ਉਹ ਵੀ ਬਾਗਬਾਨੀ ਨੂੰ ਬੜ੍ਹਾਵਾ ਦੇਣ। ਕਾਰ ਸੇਵਾ ਖਡੂਰ ਸਾਹਿਬ ਦੇ ਇਸ ਉੱਦਮ ਨਾਲ ਇਲਾਕੇ ਦੇ ਬਹੁਤ ਸਾਰੇ ਕਿਸਾਨਾਂ ਨੇ ਬਾਗਬਾਨੀ ਨੂੰ ਅਪਣਾਇਆ ਜਿਸਦੇ ਫਲਸਰੂਪ ਲਗਪਗ 350 ਏਕੜ ਦੇ ਕਰੀਬ ਧਰਤੀ ਤੇ ਫ਼ਲਦਾਰ ਬਾਗ ਕਾਇਮ ਹੋਏ ਹਨ।

**ਜੈਵਿਕ (ਆਰਗੈਨਿਕ) ਖੇਤੀ:**

ਕਾਰ ਸੇਵਾ ਖਡੂਰ ਸਾਹਿਬ ਪਿੰਡ ਮੰਡਾਲਾ ਵਿਖੇ ਜੈਵਿਕ (ਆਰਗੈਨਿਕ) ਖੇਤੀ ਆਰੰਭ ਕੀਤੀ ਗਈ। ਇਸ ਵਿਚ ਖੇਤੀ ਨੂੰ ਦਵਾਈਆਂ ਅਤੇ ਖਾਦਾਂ ਆਦਿ ਤੋਂ ਮੁਕਤ ਕੀਤਾ ਗਿਆ। ਇਸ ਪ੍ਰਕਾਰ ਕਾਰ ਸੇਵਾ ਖਡੂਰ ਸਾਹਿਬ ਹਰ ਕਿਸਾਨ ਨੂੰ ਅਜਿਹੀ ਖੇਤੀ ਕਰਨ ਲਈ ਪ੍ਰੇਰਿਤ ਕਰ ਰਹੀ ਹੈ, ਤਾਂ ਜੋ ਭੂਮੀ ਪ੍ਰਦੂਸ਼ਣ ਦੀ ਸਮੱਸਿਆ ਅਤੇ ਹੋਰ ਇਸ ਨਾਲ ਜੁੜੀਆਂ ਮਨੁੱਖੀ ਸਮੱਸਿਆਵਾਂ ਤੋਂ ਛੁਟਕਾਰਾ ਪਾਇਆ ਜਾ ਸਕੇ। ਮੰਡਾਲੇ ਵਿਖੇ ਜੈਵਿਕ (ਆਰਗੈਨਿਕ) ਖੇਤੀ ਦੁਆਰਾ ਚਾਰਾ, ਅਨਾਜ ਅਤੇ ਸਬਜੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਦੀ ਵਰਤੋਂ ਲੰਗਰ ਮਾਤਾ ਖੀਵੀ ਜੀ ਵਿੱਚ ਕੀਤੀ ਜਾਂਦੀ ਹੈ ਜੋ ਆਪਣੇ ਆਪ ਵਿੱਚ ਨਵੀਂ ਮਿਸਾਲ ਹੈ।

**ਪਾਰਕ:**

ਕਾਰ ਸੇਵਾ ਖਡੂਰ ਸਾਹਿਬ ਵਲੋਂ ਖਡੂਰ ਸਾਹਿਬ ਵਿੱਚ ਕਈ ਛੋਟੇ-ਛੋਟੇ ਪਾਰਕ ਬਣਾਏ ਗਏ ਹਨ। ਇਨ੍ਹਾਂ ਦੀ ਸੁੰਦਰਤਾ ਮਨ-ਮੋਹਣ ਵਾਲੀ ਹੈ। ਇਸ ਤੋਂ ਇਲਾਵਾ ਗਵਾਲੀਅਰ ਸ਼ਹਿਰ ਦੀ ਨੁਹਾਰ ਬਦਲਣ ਵਿੱਚ ਕਾਰ ਸੇਵਾ ਖਡੂਰ ਸਾਹਿਬ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਗਵਾਲੀਅਰ ਵਿਖੇ ਸਪੈਸ਼ਲ ਏਰੀਆ ਡਿਵੈਲਪਮੈਂਟ ਅਥਾਰਟੀ ਵਲੋਂ ਇੱਕ ਨਵਾਂ ਸ਼ਹਿਰ 'ਨਿਊ ਗਵਾਲੀਅਰ' ਵਸਾਇਆ ਜਾ ਰਿਹਾ ਹੈ। ਇਸ ਵਿੱਚ ਦਸ ਪਾਰਕਾਂ ਦੀ ਤਿਆਰੀ ਅਤੇ ਸਾਂਭ-ਸੰਭਾਲ ਦਾ ਕਾਰਜ ਕਾਰ ਸੇਵਾ ਖਡੂਰ ਸਾਹਿਬ ਨੂੰ ਸੌਂਪਿਆ ਗਿਆ ਹੈ। ਪਾਰਕਾਂ ਵਿੱਚ ਪੰਜਾਬ ਦੇ ਰਵਾਇਤੀ ਬੂਟੇ ਜਿਵੇਂ ਪਿੱਪਲ, ਨਿੰਮ, ਬੇਰੀ, ਪਿਲਕਣ, ਆਂਵਲਾ, ਜਾਮਨ ਅਤੇ ਟਾਹਲੀ ਆਦਿ ਨੂੰ ਲਗਾਇਆ ਜਾ ਰਿਹਾ ਹੈ। ਇਹਨਾ ਦਸਾਂ ਪਾਰਕਾਂ ਦਾ ਨਾਮ ਦਸ ਗੁਰੂ ਸਾਹਿਬਾਨ ਦੇ ਨਾਮ 'ਤੇ ਰੱਖਿਆ ਗਿਆ ਹੈ। ਇਹ ਪੰਜਾਬ ਤੋਂ ਬਾਹਰ ਸਿੱਖੀ ਦੇ ਹੋ ਰਹੇ ਪ੍ਰਚਾਰ ਅਤੇ ਪ੍ਰਸਾਰ ਦਾ ਪ੍ਰਤੀਕ ਹੈ। ਕਾਰ ਸੇਵਾ ਖਡੂਰ ਸਾਹਿਬ ਵਲੋਂ ਘਰ-ਘਰ ਬੂਟਾ ਲਗਾਉਣ ਦੀ ਮੁਹਿੰਮ ਵੀ ਚਲਾਈ ਗਈ ਹੈ। ਇਸ ਦੇ ਤਹਿਤ ਕਾਰ ਸੇਵਾ ਵੱਲੋਂ ਇਲਾਕੇ ਦੇ ਪਿੰਡਾਂ ਵਿੱਚ ਘਰ-ਘਰ ਜਾ ਕੇ ਬੂਟੇ ਲਗਾਏ ਗਏ ਅਤੇ ਉਹਨਾਂ ਦੀ ਸਾਂਭ ਸੰਭਾਲ ਲਈ ਹਰ ਸਖਸ਼ ਨੂੰ ਪ੍ਰੇਰਿਤ ਕੀਤਾ ਗਿਆ। ਇਸ ਦੁਆਰਾ ਹਰ ਘਰ ਵਿੱਚ ਹਰਿਆਲੀ ਪਹੁੰਚ ਗਈ। ਹੁਣ ਵੀ ਇਹ ਯਤਨ ਜਾਰੀ ਹਨ ਅਤੇ ਇਸ ਵਿੱਚ ਹਰ ਵਿਅਕਤੀ ਨੂੰ ਆਪਣੇ ਘਰ ਵਿੱਚ ਇੱਕ ਬੂਟਾ ਲਗਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤਾਂ ਜੋ ਵਾਤਾਵਰਣ ਸੰਭਾਲ ਮੁਹਿੰਮ ਵਿੱਚ ਹਰ ਕੋਈ ਆਪਣਾ ਹਿੱਸਾ ਪਾ ਸਕੇ। ਕਿਉਂਕਿ ਇਹ ਸਭ ਦੀ ਸਾਂਝੀ ਜ਼ਿੰਮੇਵਾਰੀ ਵੀ ਬਣਦੀ ਹੈ ਕਿ ਮਨੁੱਖਤਾ ਦੇ ਭਲੇ ਲਈ ਇਹ ਉਸਾਰੂ ਕਾਰਜ ਕੀਤਾ ਜਾਵੇ। ਹੁਣ ਤੱਕ ਤਕਰੀਬਨ 450 ਪਿੰਡਾਂ ਵਿੱਚ ਬੂਟੇ ਲਗਾਏ ਜਾ ਚੁੱਕੇ ਹਨ।

**ਪਵਿੱਤਰ ਜੰਗਲ:**

ਅਜੋਕੇ ਸਮੇਂ ਵਿੱਚ ਵਾਤਾਵਰਣ ਦੀ ਸਮੱਸਿਆ ਵੱਲ ਧਿਆਨ ਦਿੰਦਿਆਂ ਹੋਇਆਂ ਕਾਰ ਸੇਵਾ ਖਡੂਰ ਸਾਹਿਬ ਦਾ ਇਹ ਨਿਵੇਕਲਾ ਉਪਰਾਲਾ ਹੈ ਕਿ ਗੁਰੂ ਸਾਹਿਬ ਦੇ ਪ੍ਰਕਾਸ਼ ਗੁਰਪੁਰਬ ਨੂੰ ਜੰਗਲ ਲਗਾ ਕੇ ਆਉਣ ਵਾਲੀਆਂ ਸਦੀਆਂ ਯਾਦਗਾਰੀ ਬਣਾ ਦਿੱਤਾ ਜਾਵੇ। ਜਿਸ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿੱਚ ਵਾਧੂ ਪਈ ਜ਼ਮੀਨ ਨੂੰ ਜੰਗਲ ਲਗਾ ਕੇ ਹਰਿਆ-ਭਰਿਆ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਿਸਾਨਾਂ ਨੂੰ ਵੀ ਅਪੀਲ ਕੀਤੀ ਗਈ ਕਿ ਉਹ ਵੀ ਕੁਝ ਮਰਲੇ ਜ਼ਮੀਨ ਦਾ ਯੋਗਦਾਨ ਪਾਉਂਦੇ ਹੋਏ

ਆਪਣੀ ਜ਼ਮੀਨ ਵਿੱਚ 550 ਰੁੱਖਾਂ ਦਾ ਗੁਰੂ ਨਾਨਕ ਸਾਹਿਬ ਨੂੰ ਸਮਰਪਿਤ ਪੱਵਿਤਰ ਜੰਗਲ ਲਗਾਉਣ। ਬਾਬਾ ਸੇਵਾ ਸਿੰਘ ਜੀ ਇਸ ਸੰਬੰਧੀ ਅਪੀਲ ਕਰਦੇ ਹਨ ਕਿ ਇਸ ਜੰਗਲ ਵਿੱਚ ਕਾਰ ਸੇਵਾ ਖਡੂਰ ਸਾਹਿਬ ਵੱਲੋਂ ਵੱਖ ਵੱਖ ਪ੍ਰਕਾਰ ਦੇ ਬੂਟੇ ਲਗਾਏ ਜਾਣਗੇ। ਇਹ ਜੰਗਲ ਜੀਵ ਜੰਤੂਆਂ ਦੇ ਰਹਿਣ ਲਈ ਛੱਤ ਅਤੇ ਫਲਦਾਰ ਪੌਦੇ ਉਨ੍ਹਾਂ ਦੇ ਭੋਜਨ ਦਾ ਸਾਧਨ ਬਣਨਗੇ। ਇਸ ਤਰ੍ਹਾਂ ਹਰ ਪਿੰਡ ਵਿੱਚ ਇਹ ਜੰਗਲ ਹੋਣਾ ਚਾਹੀਦਾ ਹੈ। ਇਸ ਧਰਤੀ ਦੇ ਵਾਸੀ ਮਨੁੱਖ ਦਾ ਇਹ ਨੈਤਿਕ ਫ਼ਰਜ਼ ਬਣਦਾ ਹੈ ਕਿ ਉਹ ਅਜਿਹੇ ਉਪਰਾਲੇ ਵਿੱਚ ਆਪਣਾ ਮਹੱਤਵਪੂਰਨ ਯੋਗਦਾਨ ਪਾਵੇ। ਬੂਟੇ ਨੂੰ ਲਗਾਉਣ ਨਾਲ ਹੀ ਸਾਡੀ ਜ਼ਿੰਮੇਵਾਰੀ ਖ਼ਤਮ ਨਹੀਂ ਹੋ ਜਾਂਦੀ। ਬੂਟਿਆਂ ਦੀ ਸਾਂਭ-ਸੰਭਾਲ ਕਰਨੀ ਵੀ ਸਾਡੀ ਜ਼ਿੰਮੇਵਾਰੀ ਹੈ। ਬੂਟਿਆਂ ਦੀ ਸਾਂਭ-ਸੰਭਾਲ ਪ੍ਰਤੀ ਕਾਰ ਸੇਵਾ ਖਡੂਰ ਸਾਹਿਬ ਬਹੁਤ ਚੇਤੰਨ ਹੈ। ਬਾਬਾ ਸੇਵਾ ਸਿੰਘ ਜੀ ਹਰ ਬੂਟੇ ਨੂੰ ਲਗਾਉਂਣ ਤੋਂ ਬਾਅਦ ਬੱਚਿਆਂ ਦੀ ਤਰ੍ਹਾਂ ਪਾਲਣ ਲਈ ਵਚਨਬੱਧ ਹਨ। ਇਸ ਲਈ ਕਾਰ ਸੇਵਾ ਖਡੂਰ ਸਾਹਿਬ ਵਲੋਂ ਜਿੱਥੇ ਵੀ ਬੂਟੇ ਲਗਾਏ ਜਾਂਦੇ ਹਨ। ਉੱਥੇ ਬਾਅਦ ਵਿੱਚ ਉਨ੍ਹਾਂ ਦੀ ਸੰਭਾਲ ਨੂੰ ਵੀ ਯਕੀਨਨ ਕਾਇਮ ਰੱਖਿਆ ਜਾਂਦਾ ਹੈ। ਬੂਟਿਆਂ ਦੀ ਸੰਭਾਲ ਲਈ 12 ਪਾਣੀ ਦੇ ਟੈਂਕਰ ਅਤੇ 50 ਸੇਵਾਦਾਰ ਸਦਾ ਹਾਜ਼ਰ ਰਹਿੰਦੇ ਹਨ। ਇਹ ਟੈਂਕਰ ਬੂਟਿਆਂ ਨੂੰ ਪਾਣੀ ਦੇਣ, ਗੋਡੀ ਕਰਨ ਅਤੇ ਉਹਨਾਂ ਦੇ ਵਾਧੇ ਵੱਲ ਪੂਰਾ ਧਿਆਨ ਦਿੰਦੇ ਹਨ। ਕਾਰ ਸੇਵਾ ਖਡੂਰ ਸਾਹਿਬ ਵਲੋਂ ਜਦ ਰਾਜਸਥਾਨ ਵਿੱਚ ਬੂਟੇ ਲਗਾਏ ਗਏ ਤਾਂ ਸੇਵਾਦਾਰਾਂ ਦੁਆਰਾ ਇਹਨਾਂ ਬੂਟਿਆਂ ਦੀ ਰਾਖੀ ਕੀਤੀ ਗਈ ਅਤੇ ਉਹਨਾਂ ਨੂੰ ਜਾਨਵਰਾਂ ਆਦਿ ਤੋਂ ਬਚਾਇਆ ਗਿਆ। ਇਸ ਪ੍ਰਕਾਰ ਕਾਰ ਸੇਵਾ ਖਡੂਰ ਸਾਹਿਬ ਬੂਟਿਆਂ ਨੂੰ ਲਗਾਉਂਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਪ੍ਰਤੀ ਵੀ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਾਰਜਸ਼ੀਲ ਵੀ ਹੈ।

## 12.7 ਸਾਰ

- ਵਾਤਾਵਾਰਣ ਦੀ ਸੰਭਾਲ ਮਨੁੱਖੀ ਹੋਂਦ ਦੀ ਬੁਨਿਆਦੀ ਲੋੜ ਹੈ।
- ਵਾਤਾਵਰਣ ਦੀ ਮਹੱਤਤਾ ਨੂੰ ਸਮਝਦੇ ਹੋਏ ਮਨੁੱਖੀ ਨੈਤਿਕ ਕਦਰਾਂ-ਕੀਮਤਾਂ ਵਿਚ ਇਕ ਮਹੱਤਵਪੂਰਣ ਤੱਤ ਵਜੋਂ ਸਥਾਪਤ ਕੀਤਾ ਗਿਆ ਹੈ।
- ਵਾਤਾਵਰਣ ਦੀ ਸੰਭਾਲ ਨੂੰ ਧਰਮ ਰਾਹੀਂ ਸਮਝ ਕੇ ਮਹੱਤਵਪੂਰਣ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ।
- ਸਿੱਖੀ-ਸਿਧਾਂਤਾਂ ਵਿਚ ਕੁਦਰਤ ਦੀ ਅਸੀਮਤਾ ਅਤੇ ਇਸਦੀ ਮਹੱਤਤਾ ਨੂੰ ਅਧਿਆਤਮਕ ਅਤੇ ਜੀਵਨ-ਜੀਉਣ ਦੇ ਨੁਕਤੇ ਤੋਂ ਸਵੀਕਾਰਿਆ ਗਿਆ ਹੈ।
- ਸਿੱਖ-ਸੰਸਥਾਵਾਂ ਦਾ ਵਿਸ਼ਵ ਭਰ ਵਿਚ ਵਾਤਾਵਾਰਣ ਦੀ ਸੰਭਾਲ ਲਈ ਮਹੱਤਵਪੂਰਣ ਯੋਗਦਾਨ ਹੈ।

## 12.8 ਵਿਸਤਾਰ ਵਿਚ ਪੜ੍ਹਨਯੋਗ ਪੁਸਤਕਾਂ


- ਸਤਿਬੀਰ ਸਿੰਘ, *ਨਿਰਭਉ ਨਿਰਵੈਰੁ (ਜੀਵਨੀ ਗੁਰੂ ਹਰਿ ਰਾਇ ਜੀ),* ਨਿਊ ਬੁੱਕ ਕੰਪਨੀ, ਜਲੰਧਰ, 1981.
- ਹਰਪਾਲ ਸਿੰਘ ਪੰਨੂੰ, *ਗੁਰੂ ਨਾਨਕ ਦਾ ਕੁਦਰਤ ਸਿਧਾਂਤ* , ਪੰਜਾਬੀ ਯੂਨੀਵਰਸਿਟੀ, ਪਟਿਆਲਾ
- Surjeet Kaur Chahal, *Ecology Redesigning Genes: Ethical and Sikh Perspective,* Singh Brothers, Amritsar, 2005


## 12.9 ਅਭਿਆਸ ਲਈ ਪ੍ਰਸ਼ਨ

ਪ੍ਰਸ਼ਨ 1. ਵਾਤਾਵਰਣ ਅਤੇ ਇਸ ਦੀ ਸਾਂਭ-ਸੰਭਾਲ ਤੋਂ ਤੁਸੀ ਕੀ ਸਮਝਦੇ ਹੋ?

ਪ੍ਰਸ਼ਨ 2. ਵਾਤਾਵਰਣ ਮਨੁੱਖ ਅਤੇ ਸਮਾਜ ਲਈ ਕਿਉਂ ਮਹੱਤਵਪੂਰਣ ਹੈ?

ਪ੍ਰਸ਼ਨ 3. ਵਾਤਾਵਰਣ ਦੂਸ਼ਿਤ ਹੋਣ ਦੇ ਮੁੱਖ ਕਾਰਣ ਕੀ ਹਨ?

ਪ੍ਰਸ਼ਨ 4. ਸਿੱਖ-ਸਿਧਾਂਤਾਂ ਵਿਚੋਂ ਵਾਤਾਵਰਣ ਸੰਬੰਧੀ ਉਦਾਹਰਣਾਂ ਦਿਓ।
ਪ੍ਰਸ਼ਨ 5. ਵਾਤਾਵਾਰਣ ਦੀ ਸਾਂਭ-ਸੰਭਾਲ ਲਈ ਸਿੱਖ-ਸੰਸਥਾਵਾਂ ਦੇ ਯੋਗਦਾਨ ਨੂੰ ਬਿਆਨ ਕਰੋ।